People's Herald

Rs- 100/month

# "ਇਕੁਐਲਿਟੀ ਐਂਡ ਜਸਟਿਸ"

https://www.facebook.com/profile.php?id=61037521061610

People's Herald

"Equality and Justice"

स्वतंत्रता, समानता, भाईचारा

PATIALA On line paper 31 ਮਈ 2025 ਸਨਿੱਚਰਵਾਰ "ਰੋਜ਼ਾਨਾ" ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ





ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸ਼ੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



## ਪਾਕਿ ਗੋਲੀਬਾਰੀ ਨਾਲ ਪ੍ਰਭਾਵਤ ਹੋਏ ਪਰਵਾਰਾਂ ਨੂੰ ਸਰਕਾਰੀ ਨੌਕਰੀਆਂ ਲਈ ਨਿਯੁਕਤੀ ਪੱਤਰ ਵੰਡੇ

### ਪੁੰਛ ਜ਼ਿਲ੍ਹੇ 28 ਲੋਕਾਂ ਦੇ ਪਰਵਾਰਾਂ ਨਾਲ ਕੌਮੀ ਇਕਜੁੱਟਤਾ ਜ਼ਾਹਰ ਕੀਤੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ INTERNATIONAL PAPER, 94636 01616 hardipchumber57@gmail.com

ਪੁੰਛ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਜੰਮੂ-ਕਸ਼ਮੀਰ ਦੇ ਪੁੰਛ ਜ਼ਿਲ੍ਹੇ 'ਚ ਸਰਹੱਦ ਪਾਰ ਤੋਂ ਹੋਏ ਹਮਲਿਆਂ ਤੋਂ ਪ੍ਰਭਾਵਤ ਪਰਵਾਰਾਂ ਨੂੰ ਨੌਕਰੀ ਦੇ ਨਿਯੁਕਤੀ ਪੱਤਰ ਵੰਡੇ। ਸ਼ਾਹ



ਨੇ ਪਾਕਿ ਹਮਲਿਆਂ 'ਚ ਮਾਰੇ ਗਏ 28 ਲੋਕਾਂ ਦੇ ਪਰਵਾਰਾਂ ਨਾਲ ਕੌਮੀ ਇਕਜੁੱਟਤਾ ਜ਼ਾਹਰ ਕੀਤੀ ਅਤੇ ਭਾਰਤ ਦੀ ਫੌਜੀ ਕਾਰਵਾਈ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਤਿਵਾਦੀ ਟਿਕਾਣਿਆਂ ਨੂੰ ਸਟੀਕਤਾ ਨਾਲ ਤਬਾਹ ਕਰ ਦਿਤਾ ਗਿਆ। ਉਨ੍ਹਾਂ ਨੇ ਭਾਰਤ ਦੇ ਦ੍ਰਿੜ ਸੁਰੱਖਿਆ ਰੁਖ 'ਤੇ ਜ਼ੋਰ ਦਿਤਾ ਅਤੇ ਰਿਹਾਇਸ਼ੀ ਇਲਾਕਿਆਂ ਨੂੰ ਨਿਸ਼ਾਨਾ ਬਣਾਉਣ ਲਈ ਪਾਕਿਸਤਾਨ ਦੀ ਨਿੰਦਾ ਕੀਤੀ।

## ਜਲੰਧਰ 'ਚ 30 ਲੱਖ ਰਿਸ਼ਵਤ ਦੀ ਮੰਗ, ਦਸ ਲੱਖ ਰੁਪਏ ਰਿਸ਼ਵਤ ਦੀ ਪਹਿਲੀ ਕਿਸਤ ਲੈਂਦਾ ਚਾਰਟਰਡ ਅਕਾਊਂਟੈਂਟ ਕਾਬੂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ INTERNATIONAL PAPER, 94636 01616 hardipchumber57@gmail.com

ਪੰਜਾਬ ਵਿਜੀਲੈਂਸ ਬਿਊਰੋ ਨੇ ਚਾਰਟਰਡ ਅਕਾਊਂਟੈਂਟ ਗੁਰਸੇਵਕ ਸਿੰਘ ਨੂੰ 10 ਲੱਖ ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ। ਸੀਏ ਨੇ ਜਲੰਧਰ ਵਿਚ ਤਾਇਨਾਤ ਸੀਜੀਐਸਟੀ ਅਧਿਕਾਰੀ ਦੇ ਨਾਮ ਉੱਪਰ ਕਥਿਤ ਰਿਸ਼ਵਤ ਮੰਗੀ ਸੀ। ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।

ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀ ਜਲੰਧਰ ਨਾਲ ਸਬੰਧਤ ਫਰਮ ਦੇ ਮਾਲਕ ਵੱਲੋਂ ਕੀਤੀ ਸ਼ਿਕਾਇਤ ਦੇ ਅਧਾਰ 'ਤੇ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਸ ਦੀ ਫਰਮ ਵਿਰੁੱਧ ਸੀਜੀਐਸਟੀ ਐਕਟ ਅਧੀਨ ਕੀਤੀ ਜਾ ਰਹੀ ਜਾਂਚ ਵਿੱਚ ਉਸ ਦੀ ਮਦਦ ਕਰਨ ਬਦਲੇ ਉਕਤ ਚਾਰਟਰਡ ਅਕਾਊਂਟੈਂਟ (ਸੀਏ) ਨੇ ਸੀਜੀਐਸਟੀ ਅਧਿਕਾਰੀ ਦੀ ਤਰਫ਼ੋਂ ਉਸ ਕੋਲੋਂ 30 ਲੱਖ ਰੁਪਏ ਦੀ ਰਿਸ਼ਵਤ ਮੰਗੀ ਹੈ।

ਬੁਲਾਰੇ ਨੇ ਕਿਹਾ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਤੋਂ ਬਾਅਦ ਵਿਜੀਲੈਂਸ ਬਿਊਰੋ ਦੇ ਉਡਣ ਦਸਤੇ ਨੇ ਵਿਉਂਤਬੰਦੀ ਨਾਲ ਜਾਲ ਵਿਛਾਇਆ ਜਿਸ ਦੌਰਾਨ ਉਕਤ ਮੁਲਜ਼ਮ ਸੀਏ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ ਰਿਸ਼ਵਤ ਦੀ ਪਹਿਲੀ ਕਿਸ਼ਤ ਵਜੋਂ 10 ਲੱਖ ਰੁਪਏ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰੀ ਉਪਰੰਤ ਉਕਤ ਸੀਏ ਵੱਲੋਂ ਕੀਤੇ ਗਏ ਖੁਲਾਸਿਆਂ ਤੋਂ ਬਾਅਦ ਇਸ ਕੇਸ ਵਿੱਚ ਸੀਜੀਐਸਟੀ ਅਧਿਕਾਰੀ ਦੀ ਭੂਮਿਕਾ ਦੀ ਜਾਂਚ ਕੀਤੀ ਜਾ ਰਹੀ ਹੈ।

ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਅਤੇ 7ਏ ਅਤੇ ਬੀਐਨਐਸ ਦੀ ਧਾਰਾ 61(2) ਤਹਿਤ ਵਿਜੀਲੈਂਸ ਬਿਊਰੋ ਦੇ ਮੁਹਾਲੀ ਸਥਿਤ ਥਾਣੇ ਵਿਚ ਐੱਫਆਈਆਰ ਦਰਜ ਕੀਤੀ ਗਈ ਹੈ

## ਬਹੁਜਨ ਸਮਾਜ ਪਾਰਟੀ ਪੰਜਾਬ ਦੇ ਕਿਸਾਨਾਂ ਤੋਂ ਜ਼ਮੀਨ ਖੋਹਣ ਦਾ ਵਿਰੋਧ ਕਰਦੀ ਹੈ, ਕਰੀਮਪੁਰੀ।

### ਬਸਪਾ ਕਿਸਾਨਾਂ ਨਾਲ ਸਰਕਾਰ ਦਾ ਧੱਕਾ ਸਹਿਣ ਨਹੀਂ ਕਰੇਗੀ, ਸਰਕਾਰ ਦਾ ਸਖਤ ਵਿਰੋਧ ਕਰੇਗੀ- ਡਾ. ਕਰੀਮਪੁਰੀ।

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ INTERNATIONAL PAPER, 94636 01616 hardipchumber57@gmail.com






ਜਗਤਾਰ ਸਿੰਘ ਰੋੜੇਵਾਲ --ਪਿਛਲੇ ਦਿਨੀਂ ਪੰਜਾਬ ਸਰਕਾਰ ਵੱਲੋਂ ਲੁਧਿਆਣਾ ਦੇ ਨੇੜਲੇ ਪਿੰਡਾਂ ਦੀ ਜ਼ਮੀਨ ਐਕਵਾਇਰ ਕਰਕੇ ਅਰਬਨ ਅਸਟੇਟ ਅਥਾਰਟੀ ਨੂੰ ਦੇਣ ਜੋ ਫੁਰਮਾਨ ਜਾਰੀ ਕੀਤਾ ਗਿਆ ਹੈ।ਉਸ ਦੇ ਵਿਰੋਧ ਦੇ 'ਚ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਸੋਸ਼ਲ ਮੀਡੀਆ ਤੇ ਪੰਜਾਬ ਵਾਸੀਆਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਪੰਜਾਬ ਵਾਸੀ ਵੀਰੋ ਤੇ ਭੈਣੋ ਜੈ ਭੀਮ ਜੈ ਭਾਰਤ। ਅੱਜ ਬਹੁਤ ਹੀ ਗੰਭੀਰ ਮੁੱਦਾ ਜੋ ਪੰਜਾਬ ਨਾਲ ਜੁੜਿਆ ਹੋਇਆ ਹੈ ਉਸ ਦੇ ਬਾਰੇ ਸਮੂਹ ਪੰਜਾਬੀਆਂ ਨਾਲ ਗੱਲਬਾਤ ਸਾਂਝੀ ਕਰਨੀ ਹੈ।ਕਿ ਪੰਜਾਬ ਸਰਕਾਰ ਨੇ ਜੋ ਕਿਸਾਨਾਂ ਦੀ ਉਪਜਾਊ ਧਰਤੀ ਨੂੰ ਐਕਵਾਇਰ ਕਰਨ ਦੀ ਪਾਲਸੀ ਬਣਾਈ ਹੈ ਕੀ ਅਸੀਂ ਵੱਡੇ ਸ਼ਹਿਰਾਂ ਜਿਵੇਂ ਕਿ ਖ਼ਾਸ ਕਰਕੇ ਲੁਧਿਆਣਾ ਦੇ ਨੇੜਲੇ ਪਿੰਡਾਂ ਦੀ 24-25 ਹਜ਼ਾਰ ਏਕੜ ਉਪਜਾਊ ਜ਼ਮੀਨ ਕਿਸਾਨਾਂ ਤੋਂ ਜਬਰੀ ਖੋਹ ਕੇ ਉੱਥੇ ਉਸ ਤੇ ਅਰਬਨ ਅਸਟੇਟ ਦੇ ਤੌਰ ਤੇ ਡਪੈਲਪ ਕਰਨਾ ਹੈ। ਇਸੇ ਤਰ੍ਹਾਂ ਜਲੰਧਰ ਵਿੱਚ 35-40 ਹਜ਼ਾਰ ਕਿੱਲੇ ਜ਼ਮੀਨ ਕਿਸਾਨਾਂ ਤੋਂ ਲੈਣਾ ਹੈ। ਸ੍ਰੀ ਅੰਮ੍ਰਿਤਸਰ ਸਾਹਿਬ, ਬਠਿੰਡਾ, ਰਾਜਪੁਰਾ, ਪਟਿਆਲਾ ਤੇ ਪੰਜਾਬ ਦੇ ਹੋਰ ਸ਼ਹਿਰਾਂ ਵਿਚ ਵੀ ਕਿਸਾਨਾਂ ਤੋਂ ਲੈ ਕੇ ਅਰਬਨ ਅਸਟੇਟ ਅਥਾਰਟੀ ਨੂੰ ਦੇਣਾ ਹੈ। ਬਹੁਜਨ ਸਮਾਜ ਪਾਰਟੀ ਪੰਜਾਬ ਸਰਕਾਰ ਦੀ ਇਸ ਨੀਤੀ ਨੂੰ ਕਿਸਾਨ ਵਿਰੋਧੀ ਤੇ ਗਰੀਬ ਵਿਰੋਧੀ ਮੰਨ ਕੇ ਇਸ ਦਾ ਵਿਰੋਧ ਕਰਦੀ ਹੈ। ਅਸੀਂ ਸਰਕਾਰ ਦੀ ਇਸ ਕਿਸਾਨ ਵਿਰੋਧੀ ਤੇ ਗਰੀਬ ਵਿਰੋਧੀ ਨੀਤੀ ਦੀ ਨਿੰਦਾ ਕਰਦੇ ਹਾਂ। ਕਿਉਂਕਿ ਸਰਕਾਰ ਦਾ ਕੰਮ ਪ੍ਰਾਪਰਟੀ ਡੀਲਰ ਦਾ ਕੰਮ ਕਰਨ ਲਈ ਨਹੀਂ ਬਣਾਈਆਂ ਜਾਂਦੀਆਂ। ਸਰਕਾਰਾਂ ਜਨਤਾ ਦੀ ਸੇਵਾ ਕਰਨ ਲਈ ਅਤੇ ਜਨਤਾ ਦੇ ਦੁੱਖਾਂ ਦਾ ਅੰਤ ਕਰਨ ਲਈ ਬਣਾਈਆਂ ਜਾਂਦੀਆਂ ਹਨ। ਪੰਜਾਬ ਦੀ ਸਰਕਾਰ ਨੇ ਪਾਲਸੀ ਨੂੰ ਅਨਸਪਲਸ ਕਰਨ ਕਿ ਅਸੀਂ 30 ਹਜ਼ਾਰ ਰੁਪਏ ਗਜ ਘਰ ਬਨਾਉਣ ਲਈ ਦੇਵਾਂਗੇ ਅਤੇ 40 ਹਜ਼ਾਰ ਰੁਪਏ ਗਜ ਸੋ ਰੂਮ ਬਣਾਉਣ ਲਈ ਰੇਟ ਰੱਖਿਆ ਹੈ। ਮੈਂ ਪੰਜਾਬ ਸਰਕਾਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਦੇ ਪੋਸ਼ਣ ਜਸਟਿਸ ਅਤੇ ਇੰਪਾਵਰਮੈਂਟ ਵਿਭਾਗ ਦੀ ਰਿਪੋਰਟ ਹੈ ਕਿ ਪੰਜਾਬ ਅੰਦਰ 70% ਐਸੀਆਂ ਦਲਿਤ ਔਰਤਾਂ ਜਿਨ੍ਹਾਂ ਵਿਚ ਲੋੜ ਨਾਲੋਂ ਵੀ ਵੱਧ ਖੂਨ ਦੀ ਕਮੀਂ ਹੈ।60% ਬੱਚਿਆਂ ਵਿੱਚ ਖੂਨ ਉਨ੍ਹਾਂ ਵੀ ਨਹੀਂ ਜਿੰਨਾ ਚਾਹੀਦਾ ਹੈ। ਇਸ ਤਰ੍ਹਾਂ ਹੀ ਬੀ ਸੀ ਅਤੇ ਹੋਰਨਾ ਦੀ ਵੀ ਇਹੋ ਹਾਲਤ ਹੈ। ਜਿਹੜੇ ਲੋਕਾਂ ਨੂੰ ਪੂਰਾ ਨਿਊਟਰੇਸਨ ਵੀ ਨਹੀਂ ਮਿਲਦਾ ਕਿ ਉਹ ਕਿ ਉਹ 30 ਹਜ਼ਾਰ ਰੁਪਏ ਪ੍ਰਤੀ ਗਜ਼ ਨੂੰ ਜ਼ਮੀਨ ਖਰੀਦ ਕੇ ਆਪਣੇ ਰਹਿਣ ਲਈ ਘਰ ਬਣਾ ਸਕਣਗੇ। ਜੇਕਰ ਕਿਸੇ ਕਰਮਚਾਰੀ ਨੇ 200 ਗਜ਼ ਦਾ ਪਲਾਟ ਲੈਣਾ ਹੋਵੇ ਤਾਂ ਉਸ ਨੂੰ 60 ਲੱਖ ਰੁਪਏ ਚਾਹੀਦਾ ਹੈ। ਕੀ ਉਹ ਪਲਾਟ ਖਰੀਦ ਕੇ ਘਰ ਬਣਾ ਸਕਣਗੇ। ਜਿਹੜੇ ਗਰੀਬ ਲੋਕ ਨੇ ਉਹ ਜ਼ਮੀਨ ਖੋਹਣ ਤੋਂ ਬਾਅਦ ਕਿਥੇ ਜਾਣਗੇ, ਕਿੱਥੇ ਰਹਿਣਗੇ। ਸਰਕਾਰ ਲੋਕਾਂ ਦੇ ਉਜਾੜੇ ਦੀ ਨੀਤੀ ਲਾਗੂ ਕਰ ਰਹੀ ਹੈ।35-40% ਦਲਿਤ ਤਕਰੀਬਨ 6% ਜ਼ਮੀਨ ਵਿਚ ਰਹਿੰਦੇ ਹਨ। ਉਨ੍ਹਾਂ ਦੀ ਦਸ਼ਾ ਕੀ ਹੋਵੇਗੀ ਇਹ ਤੁਸੀਂ ਆਪ ਸੋਚ ਸਕਦੇ ਹੋ। ਪੰਜਾਬ ਦਾ ਗਰੀਬ, ਕਿਸਾਨ ਕੀ ਕਰੇਗਾ।ਇਸ ਕਰਕੇ ਬਹੁਜਨ ਸਮਾਜ ਪਾਰਟੀ ਦਾ ਸਟੈਂਡ ਸਪਸ਼ਟ ਹੈ ਕਿ ਸਰਕਾਰ ਆਪਣੀ ਇਸ ਨੀਤੀ ਨੂੰ ਰਵਿਊ ਕਰੇ ਅਤੇ ਇਸ ਨੀਤੀ ਨੂੰ ਵਾਪਸ ਲਵੇ।ਜੋ ਇਹ ਪ੍ਰਾਪਰਟੀ ਡੀਲਰ ਦਾ ਕੰਮ ਕਰਕੇ ਪੰਜਾਬ ਦੀ ਜ਼ਮੀਨ ਲੁੱਟਣ ਦਾ ਕੰਮ ਕਰਕੇ ਅੱਗੇ ਵੱਧਣਾ ਚਹਾਉਂਦੀ ਹੈ ਉਹ ਇਸ ਨੀਤੀ ਤੋਂ ਪਿੱਛੇ ਹਟ ਕੇ ਕਿਸ਼ਾਨਾਂ ਦੀ ਜ਼ਮੀਨ ਲੁੱਟਣ ਦੀ ਨੀਤੀ ਬਦਲ ਕੇ ਗਰੀਬ ਲੋਕਾਂ ਨੂੰ ਘਰੋਂ ਬੇਘਰ ਕਰਨ ਦੀ ਨੀਤੀ ਬਦਲਾ ਕਰੇ। ਕਿਉਂਕਿ ਇਹ ਨਹੀਂ ਸਮੂਹਿਕ ਤੌਰ ਤੇ ਬਰਬਾਦੀ ਦੀ ਨੀਤੀ ਹੈ। ਬਹੁਜਨ ਸਮਾਜ ਪਾਰਟੀ ਇਸ ਦਾ ਵਿਰੋਧ ਕਰੇਗੀ। ਅਸੀਂ ਪੰਜਾਬ ਸੰਭਾਲੋ ਮੁਹਿੰਮ ਇਸੇ ਕਰਕੇ ਚਲਾਈ ਹੋਈ ਹੈ ਕਿ ਪੰਜਾਬ ਦੇ ਅੰਦਰ ਹਰ ਵਰਗ ਦੁਖੀ ਹੈ। ਬੇਰੁਜ਼ਗਾਰੀ ਵੱਡੇ ਪੱਧਰ ਤੇ ਹੈ। ਵਿਦੇਸ਼ਾਂ ਨੇ ਪੰਜਾਬ ਲਈ ਦਰਵਾਜੇ ਬੰਦ ਕਰ ਲਏ ਹਨ। ਅਮਰੀਕਾ ਨੇ ਐਂਟਰੀ ਤੇ ਬੈਨ ਲਗਾ ਦਿੱਤਾ ਹੈ। ਕਨੈਡਾ ਨੇ ਸਟੱਡੀਜ਼ ਵੀਜ਼ਾ ਤੇ 30-35% ਤੱਕ ਕੱਟ ਲਗਾ ਦਿੱਤਾ ਹੈ। ਆਸਟ੍ਰੇਲੀਆ ਦਾ ਵੀ ਇਹੋ ਹਾਲ ਹੈ।ਯੂਥ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ। ਸਰਕਾਰ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਮੈਂ ਸਮੂਹ ਪੰਜਾਬੀਆਂ ਨੂੰ ਬੇਨਤੀ ਕਰਦਾ ਹਾਂ ਕਿ ਪੰਜਾਬ ਸਰਕਾਰ ਜੋ ਪੰਜਾਬ ਨੂੰ ਬਰਬਾਦ ਕਰਨ ਦੀ ਨੀਤੀ ਤੇ ਚੱਲ ਰਹੀ ਹੈ।ਆਓ ਬਹੁਜਨ ਸਮਾਜ ਪਾਰਟੀ ਦੀ ਪੰਜਾਬ ਸੰਭਾਲੋ ਮੁਹਿੰਮ ਦੀ ਸ਼ਕਤੀ ਬਣਕੇ ਜੋ ਸਰਕਾਰ ਗਰੀਬਾਂ ਨੂੰ ਬੇਘਰ ਕਰਨਾ ਚਹਾਉਂਦੀ ਹੈ ਛੋਟੇ ਕਰਮਚਾਰੀਆਂ ਤੇ ਕਿਸਾਨਾਂ ਨੂੰ ਬੇਘਰ ਕਰਨ ਦੀ ਨੀਤੀ ਤੇ ਅੱਗੇ ਵੱਧਣਾਂ ਚਹਾਉਂਦੀ ਹੈ ਆਪਾਂ ਸਰਕਾਰ ਨੂੰ ਇਸ ਨੀਤੀ ਨੂੰ ਵਾਪਸ ਲੈਣ ਲਈ ਮਜਬੂਰ ਕਰੀਏ।

# ਅੰਮ੍ਰਿਤਸਰ-ਟਾਂਡਾ ਹਾਈਵੇ ਅਧੀਨ ਐਕਵਾਇਰ ਹੋਏ ਰਕਬੇ ਨਾਲ ਸਬੰਧਤ ਇਤਰਾਜ 14 ਦਿਨਾਂ ਦੇ ਅੰਦਰ ਕੀਤੇ ਜਾ ਸਕਦੇ ਹਨ ਪੇਸ਼

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ INTERNATIONAL PAPER, 94636 01616 hardipchumber57@gmail.com

ਉਪ ਮੰਡਲ ਮੈਜਿਸਟਰੇਟ-ਕਮ- ਕੰਪੀਟੈਂਟ ਅਥਾਰਟੀ ਆਫ ਲੈਂਡ ਐਕੁਜੀਸ਼ਨ ਬਟਾਲਾ, ਸ੍ਰੀ ਵਿਕਰਮਜੀਤ ਸਿੰਘ ਪਾਂਥੇ ਵਲੋਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅੰਮ੍ਰਿਤਸਰ-ਟਾਂਡਾ ਵਾਇਆ ਮਹਿਤਾ ਸ੍ਰੀ ਹਰਗੋਬਿੰਦਪੁਰ ਸਾਹਿਬ ਹਾਈਵੇ ਅਧੀਨ ਐਕਵਾਇਰ ਹੋਏ ਰਕਬੇ ਦਾ ਧਾਰਾ 3-ਡੀ ਦਾ ਗਜ਼ਟ ਨੋਟੀਫਿਕੇਸ਼ਨ ਮਿਤੀ 24.05.2025 ਨੂੰ ਅਜੀਤ ਅਤੇ ਦੀ ਟ੍ਰਿਬਿਊਨ ਅਖਬਾਰ ਵਿੱਚ ਪ੍ਰਕਾਸ਼ਿਤ ਹੋ ਚੁੱਕਾ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਇਸ ਐਕਵਾਇਰ ਹੋਏ ਰਕਬੇ ਤੇ ਸਬੰਧਤ ਭੌਂ ਮਾਲਕ ਨੂੰ ਜੇਕਰ ਕੋਈ ਇਤਰਾਜ ਹੋਵੇ ਤਾਂ ਉਹ ਆਪਣਾ ਇਤਰਾਜ ਕੰਪੀਟੈਂਟ ਅਥਾਰਟੀ ਆਫ ਲੈਂਡ ਐਕੁਜੀਸ਼ਨ-ਕਮ- ਸਬ ਡਵੀਜਨਲ ਮੈਜਿਸਟਰੇਟ ਬਟਾਲਾ ਦੇ ਦਫਤਰ ਵਿਖੇ ਨੋਟੀਫਿਕੇਸ਼ਨ ਦੀ ਮਿਤੀ 24.05.2025 ਤੋਂ 14



ਦਿਨਾਂ ਦੇ ਅੰਦਰ ਅੰਦਰ ਪੇਸ਼ ਕਰ ਸਕਦਾ ਹੈ।

# ਸੰਸਦ ਨੂੰ ਉਡਾਉਣ ਦੀ ਧਮਕੀ ਦੇਣ ਵਾਲੇ ਸਾਬਕਾ ਵਿਧਾਇਕ ਨੂੰ 6 ਮਹੀਨੇ ਕੈਦ ਦੀ ਸਜ਼ਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ INTERNATIONAL PAPER, 94636 01616 hardipchumber57@gmail.com

ਦਿੱਲੀ ਦੀ ਇੱਕ ਅਦਾਲਤ ਨੇ ਸ਼ੁੱਕਰਵਾਰ ਨੂੰ ਮੱਧ ਪ੍ਰਦੇਸ਼ ਦੇ ਸਾਬਕਾ ਵਿਧਾਇਕ ਕਿਸ਼ੋਰ ਸਮਰਾਈਤ ਨੂੰ ਆਪਣੀਆਂ 'ਅਧੂਰੀਆਂ ਮੰਗਾਂ' ਕਾਰਨ ਸਤੰਬਰ 2022 ਵਿੱਚ ਸੰਸਦ ਨੂੰ ਉਡਾਉਣ ਦੀ ਧਮਕੀ ਦੇਣ ਦੇ ਦੋਸ਼ ਵਿੱਚ ਛੇ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਹੈ।

ਵਿਸ਼ੇਸ਼ ਜੱਜ ਵਿਕਾਸ ਢੱਲ ਨੇ ਕਿਹਾ, "ਦੋਸ਼ੀ ਨੂੰ ਆਈਪੀਸੀ ਦੀ ਧਾਰਾ 506 (II) ਦੇ ਤਹਿਤ ਜੁਰਮਾਨੇ ਦੇ ਨਾਲ 6 ਮਹੀਨੇ ਦੀ ਸਜ਼ਾ ਸੁਣਾ ਗਈ ਹੈ।''



ਗ਼ੌਰਤਲਬ ਹੈ ਕਿ 16 ਸਤੰਬਰ, 2022 ਨੂੰ ਸੰਸਦ ਭਵਨ ਵਿਖੇ ਸਪੀਡ ਪੋਸਟ ਰਾਹੀਂ ਭਾਰਤੀ ਝੰਡੇ ਤੋਂ ਇਲਾਵਾ ਵਿਸਫੋਟਕਾਂ ਨਾਲ ਸਬੰਧਤ ਕੁਝ ਸ਼ੱਕੀ ਪਦਾਰਥ ਵਾਲਾ ਇੱਕ ਪਾਰਸਲ ਪ੍ਰਾਪਤ ਹੋਇਆ ਸੀ।

ਜੱਜ ਨੇ ਕਿਹਾ ਕਿ ਬਾਲਾਘਾਟ ਦੇ ਲਾਂਜੀ ਤੋਂ ਸਾਬਕਾ ਵਿਧਾਇਕ ਸਮਰਾਈਤ ਵੱਲੋਂ ਸੰਸਦ ਭਵਨ ਨੂੰ ਉਡਾਉਣ ਦੀ ਧਮਕੀ ਦੇਣ ਵਾਲਾ ਪੱਤਰ ਅੱਗ ਲਗਾ ਕੇ ਜਾਇਦਾਦ ਨੂੰ ਤਬਾਹ ਕਰਨ ਦੀ ਧਮਕੀ ਵਾਲਾ ਸੀ, ਜਿਸ ਕਾਰਨ ਉਹ ਆਈਪੀਸੀ ਦੀ ਧਾਰਾ 506 ਦੇ ਭਾਗ II ਦੇ ਤਹਿਤ ਦੋਸ਼ੀ ਠਹਿਰਾਇਆ ਜਾ ਸਕਦਾ ਹੈ।

ਹਾਲਾਂਕਿ, ਜੱਜ ਨੇ ਸਮਰਾਈਤ ਨੂੰ ਵਿਸਫੋਟਕ ਐਕਟ ਦੇ ਤਹਿਤ ਦੋਸ਼ਾਂ ਤੋਂ ਬਰੀ ਕਰ ਦਿੱਤਾ। ਅਦਾਲਤ ਨੇ ਅਜਿਹਾ ਇਹ ਗੱਲ ਸਾਹਮਣੇ ਆਉਣ ਪਿੱਛੋਂ ਕੀਤਾ ਕਿ ਪਾਰਸਲ ਵਿਚੋਂ ਮਿਲਿਆ ਪਦਾਰਥ ਐਕਟ ਦੇ ਤਹਿਤ "ਵਿਸਫੋਟਕ" ਨਹੀਂ ਬਣਦਾ।

ਅਦਾਲਤ ਨੇ ਪਹਿਲਾਂ ਦਸੰਬਰ 2022 ਵਿੱਚ ਇਹ ਨੋਟ ਕਰਦੇ ਹੋਏ ਕਿ ਸੰਸਦ ਨੂੰ ਉਡਾਉਣ ਦੀ ਧਮਕੀ ਨਾਲ ਕਿਸੇ ਵੀ ਤਰ੍ਹਾਂ ਦਾ ਵਿਸਫੋਟ ਜਾਂ ਜਾਨ-ਮਾਲ ਦਾ ਨੁਕਸਾਨ ਨਹੀਂ ਹੋਇਆ, ਦੋਸ਼ੀ ਨੂੰ ਜ਼ਮਾਨਤ ਦੇ ਦਿੱਤੀ ਸੀ। ਜਾਂਚ ਦੌਰਾਨ, ਇਹ ਵੀ ਸਾਹਮਣੇ ਆਇਆ ਕਿ ਦੋਸ਼ੀ ਨੇ 19 ਸਤੰਬਰ, 2022 ਨੂੰ ਸੁਪਰੀਮ ਕੋਰਟ ਨੂੰ ਵੀ ਇੱਕ ਅਜਿਹਾ ਹੀ ਪਾਰਸਲ ਭੇਜਿਆ ਸੀ ਅਤੇ ਇਸ ਸਬੰਧ ਵਿੱਚ ਇੱਕ ਵੱਖਰੀ ਐਫਆਈਆਰ ਦਰਜ ਕੀਤੀ ਗਈ ਸੀ। ਪੀਟੀਆਈ

# 30,000 ਰੁਪਏ ਰਿਸ਼ਵਤ ਲੈਂਦਾ ਸਬ-ਇੰਸਪੈਕਟਰ ਵਿਜੀਲੈਂਸ ਬਿਊਰੋ ਵੱਲੋਂ ਰੰਗੇ ਹੱਥੀਂ ਕਾਬੂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ INTERNATIONAL PAPER, 94636 01616 hardipchumber57@gmail.com

ਭ੍ਰਿਸ਼ਟਾਚਾਰ ਵਿਰੁੱਧ ਆਪਣੀ ਮੁਹਿੰਮ ਜਾਰੀ ਰੱਖਦਿਆਂ ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਸੀਆਈਏ ਸਟਾਫ ਜਲੰਧਰ ਵਿਖੇ ਤਾਇਨਾਤ ਪੁਲਿਸ ਸਬ-ਇੰਸਪੈਕਟਰ (ਐਸਆਈ) ਸੁਖਰਾਜ ਸਿੰਘ ਨੂੰ 30,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ।

ਅੱਜ ਇੱਥੇ ਇਸ ਬਾਰੇ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਪੁਲਿਸ ਮੁਲਾਜ਼ਮ ਨੂੰ ਅੰਮ੍ਰਿਤਸਰ ਦੀ ਤਹਿਸੀਲ ਅਜਨਾਲਾ ਦੇ ਪਿੰਡ ਸੈਦਪੁਰ ਕਲਾਂ ਦੇ ਵਸਨੀਕ ਅਤੇ ਰੈਡੀਮੇਡ ਕੱਪੜਿਆਂ ਦੀ ਦੁਕਾਨ ਦੇ ਮਾਲਕ ਵੱਲੋਂ ਦਰਜ



ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਹੈ।

ਸ਼ਿਕਾਇਤ ਮੁਤਾਬਕ ਐਸਆਈ ਸੁਖਰਾਜ ਸਿੰਘ ਨੇ ਸ਼ਿਕਾਇਤਕਰਤਾ ਦੇ ਜਵਾਈ ਨੂੰ ਐਨਡੀਪੀਐਸ ਐਕਟ ਦੀ ਧਾਰਾ 21 ਤਹਿਤ 403 ਗ੍ਰਾਮ ਹੈਰੋਇਨ ਦੇ ਸਬੰਧ ਵਿੱਚ ਉਸ ਵੇਲੇ ਗ੍ਰਿਫ਼ਤਾਰ ਕੀਤਾ ਸੀ ਜਦੋਂ ਉਹ 18 ਮਈ, 2025 ਨੂੰ ਜਲੰਧਰ ਤੋਂ ਤਰਪਾਲਾਂ ਖਰੀਦਣ ਲਈ ਆਇਆ ਸੀ, ਜਿਸ ਸਬੰਧੀ ਕੇਸ ਪੁਲਿਸ ਥਾਣਾ ਡਿਵੀਜ਼ਨ ਨੰਬਰ 1 ਵਿਖੇ ਦਰਜ ਹੈ। ਰਿਮਾਂਡ ਦੀ ਮਿਆਦ ਦੌਰਾਨ ਉਕਤ ਐਸਆਈ ਨੇ ਸ਼ਿਕਾਇਤਕਰਤਾ ਨੂੰ ਦੱਸਿਆ ਕਿ ਉਸਦੇ ਜਵਾਈ ਦੀ ਗੱਡੀ ਅਤੇ ਦੋ ਮੋਬਾਈਲ ਫੋਨ ਉਸਦੇ ਕਬਜ਼ੇ ਵਿੱਚ ਹਨ ਜੋ ਅਜੇ ਕੇਸ ਪ੍ਰਾਪਰਟੀ ਵਜੋਂ ਸੂਚੀਬੱਧ ਨਹੀਂ ਕੀਤੇ ਗਏ ਅਤੇ ਪੁਲਿਸ ਮੁਲਾਜ਼ਮ ਨੇ ਸ਼ਿਕਾਇਤਕਰਤਾ ਨੂੰ ਸਬੰਧਤ ਚੀਜ਼ਾਂ ਵਾਪਸ ਕਰਨ ਦਾ ਭਰੋਸਾ ਦਿੱਤਾ। ਜਦੋਂ ਸ਼ਿਕਾਇਤਕਰਤਾ ਗੱਡੀ ਅਤੇ ਮੋਬਾਈਲ ਫੋਨ ਲੈਣ ਲਈ ਪੁਲਿਸ ਥਾਣੇ ਗਿਆ ਤਾਂ ਉਕਤ ਐਸਆਈ ਨੇ ਇਹ ਚੀਜ਼ਾਂ ਵਾਪਸ ਕਰਨ ਲਈ ਉਸ ਤੋਂ 50,000 ਰੁਪਏ ਦੀ ਰਿਸ਼ਵਤ ਮੰਗੀ। ਗੱਲਬਾਤ ਉਪਰੰਤ ਉਕਤ ਮੁਲਜ਼ਮ 30,000 ਰੁਪਏ ਰਿਸ਼ਵਤ ਲੈਣ ਲਈ ਸਹਿਮਤ ਹੋ ਗਿਆ ਪਰ ਸ਼ਿਕਾਇਤਕਰਤਾ ਨੇ ਰਿਸ਼ਵਤ ਮੰਗਣ ਸਬੰਧੀ ਪੂਰੀ ਗੱਲਬਾਤ ਰਿਕਾਰਡ ਕਰ ਲਈ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਉਕਤ ਐਸਆਈ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ 30000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸਬੰਧ ਵਿੱਚ ਉਕਤ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ, ਜਲੰਧਰ ਰੇਂਜ ਵਿਖੇ ਕੇਸ ਦਰਜ ਕੀਤਾ ਗਿਆ ਹੈ ਅਤੇ ਅਗਲੇਰੀ ਜਾਂਚ ਜਾਰੀ ਹੈ।

# ਸੰਜੀਵ ਅਰੋੜਾ ਨੇ ਦਾਖਲ ਕੀਤੇ ਨਾਮਜਦਗੀ ਪੱਤਰ, ਦਿੱਤਾ ਵੱਡਾ ਬਿਆਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ INTERNATIONAL PAPER, 94636 01616 hardipchumber57@gmail.com

ਲੁਧਿਆਣਾ, 30 ਮਈ 2025- ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੇ ਵੱਲੋਂ ਅੱਜ ਲੁਧਿਆਣਾ ਪੱਛਮੀ ਜਿਮਨੀ ਚੋਣ ਦੇ ਲਈ ਨਾਮਜਦਗੀ ਪੱਤਰ ਦਾਖਲ ਕੀਤੇ ਗਏ। ਇਸ ਮੌਕੇ ਉਹਨਾਂ ਦੇ ਨਾਲ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਤੋਂ ਇਲਾਵਾ ਸੰਜੀਵ ਅਰੋੜਾ ਦੇ ਰਿਸ਼ਤੇਦਾਰ ਮੌਜੂਦ ਸਨ।



ਨਾਮਜਦਗੀ ਪੱਤਰ ਦਾਖਲ ਕਰਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਸੰਜੀਵ ਅਰੋੜਾ ਨੇ ਕਿਹਾ ਕਿ ਉਹਨਾਂ ਨੂੰ ਲੋਕਾਂ ਦਾ ਅਥਾਹ ਪਿਆਰ ਮਿਲ ਰਿਹਾ ਹੈ। ਅਰੋੜਾ ਨੇ ਦਾਅਵਾ ਕੀਤਾ ਕਿ ਲੁਧਿਆਣਾ ਪੱਛਮੀ ਜਿਮਨੀ ਚੋਣ ਵਿੱਚ ਉਹਨਾਂ ਦੀ ਵੱਡੀ ਜਿੱਤ ਹੋਵੇਗੀ।

ਇਸ ਦੌਰਾਨ ਅਮਨ ਅਰੋੜਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਦੇ ਅੰਦਰ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਹੋਈ ਹੈ, ਭਰਿਸ਼ਟਾਚਾਰ ਦੇ ਖਿਲਾਫ ਵੀ ਸਾਡੀ ਸਰਕਾਰ ਦੇ ਵੱਲੋਂ ਵੱਡੇ ਪੱਧਰ 'ਤੇ ਕਾਰਵਾਈ ਕੀਤੀ ਜਾ ਰਹੀ ਹੈ।

ਉਹਨਾਂ ਕਿਹਾ ਕਿ ਲੁਧਿਆਣਾ ਦੇ ਲੋਕ ਬਹੁਤ ਸਿਆਣੇ ਹਨ, ਉਹ ਆਮ ਆਦਮੀ ਪਾਰਟੀ ਦੇ ਸੂਝਵਾਨ ਅਤੇ ਇਮਾਨਦਾਰ ਆਗੂ ਸੰਜੀਵ ਅਰੋੜਾ ਨੂੰ ਹੀ ਵਿਧਾਇਕ ਬਣਾ ਕੇ ਵਿਧਾਨ ਸਭਾ ਵਿੱਚ ਭੇਜਣਗੇ।

# ਪੱਟੀ ਵਿਚ ਨਸ਼ਾ ਤਸਕਰਾਂ ਦੇ ਘਰ ਢਾਹੇ, ਪੁਲਿਸ ਦੀ ਵੱਡੀ ਕਾਰਵਾਈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ INTERNATIONAL PAPER, 94636 01616 hardipchumber57@gmail.com

ਤਰਨ ਤਾਰਨ : ਜ਼ਿਲ੍ਹਾ ਤਰਨਤਾਰਨ ਦੇ ਵਿਧਾਨ ਸਭਾ ਹਲਕਾ ਪੱਟੀ ਵਿਚ ਨਸ਼ਾ ਤਸਕਰਾਂ ਖਿਲਾਫ ਪ੍ਰਸ਼ਾਸਨ ਵਲੋਂ ਇੱਕ ਵਾਰ ਫਿਰ ਵੱਡੀ ਕਾਰਵਾਈ ਕੀਤੀ ਗਈ। ਪੰਜਾਬ ਸਰਕਾਰ ਵਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ, ਪੁਲਿਸ ਅਤੇ ਸਿਵਲ ਪ੍ਰਸ਼ਾਸਨ ਨੇ ਪੱਟੀ ਕਸਬੇ ਵਿੱਚ ਦੋ ਨਸ਼ਾ ਤਸਕਰਾਂ ਦੇ ਘਰਾਂ ਨੂੰ ਢਹਿ-ਢੇਰੀ ਕਰ ਦਿੱਤਾ।

### ਤੰਗ ਗਲੀਆਂ, ਮਜ਼ਦੂਰਾਂ ਦੀ ਮਦਦ ਨਾਲ ਚਲਿਆ ਢਾਹੁਣ ਦਾ ਕੰਮ

ਇਲਾਕੇ ਦੀਆਂ ਤੰਗ ਗਲੀਆਂ ਕਾਰਨ, ਮਸ਼ੀਨਰੀ ਦੀ ਥਾਂ ਮਜ਼ਦੂਰਾਂ ਦੀ ਮਦਦ ਲੈ ਕੇ ਇਹ ਘਰ ਢਾਹੇ ਗਏ। ਜਾਣਕਾਰੀ ਮੁਤਾਬਕ, ਸਾਜਨ ਅਤੇ ਰਜੀਵ, ਜੋ ਕਿ ਆਪਸ ਵਿੱਚ ਭਰਾ ਹਨ ਅਤੇ ਰਾਜ ਕੁਮਾਰ ਦੇ ਪੁੱਤਰ ਹਨ, ਉਨ੍ਹਾਂ ਉੱਤੇ ਨਸ਼ਾ ਤਸਕਰੀ ਦੇ 10 ਤੋਂ ਵੱਧ ਕੇਸ ਦਰਜ ਹਨ। ਇਨ੍ਹਾਂ ਉੱਤੇ ਲੰਮੇ ਸਮੇਂ ਤੋਂ ਨਸ਼ਾ ਤਸਕਰੀ ਚਲਾਉਣ ਦੇ ਆਰੋਪ ਹਨ।

### ਐਸਐਸਪੀ ਨੇ ਦਿੱਤੀ ਜਾਣਕਾਰੀ

ਜ਼ਿਲ੍ਹਾ ਤਰਨਤਾਰਨ ਦੇ ਐਸਐਸਪੀ ਅਭਿਮੰਨਿਊ ਰਾਣਾ ਨੇ ਦੱਸਿਆ ਕਿ ਨਸ਼ਾ ਤਸਕਰਾਂ ਵਲੋਂ ਨਸ਼ੇ ਦੀ ਕਮਾਈ ਨਾਲ ਸਰਕਾਰੀ ਜਮੀਨ ਉੱਤੇ ਘਰ ਬਣਾਇਆ ਗਿਆ ਸੀ। ਸਿਵਲ ਪ੍ਰਸ਼ਾਸਨ ਵਲੋਂ ਹੁਕਮ ਮਿਲਣ 'ਤੇ ਪੁਲਿਸ ਨੇ ਮਜ਼ਦੂਰਾਂ ਦੀ ਮਦਦ ਨਾਲ ਇਹ ਘਰ ਢਾਹ ਦਿੱਤੇ। ਐਸਐਸਪੀ ਨੇ ਇਹ ਵੀ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਚਲਾਈ ਜਾ ਰਹੀ ਮੁਹਿੰਮ ਤਹਿਤ, ਨਸ਼ਾ ਤਸਕਰਾਂ ਖਿਲਾਫ ਐਸੀਆਂ ਕਾਰਵਾਈਆਂ ਅੱਗੇ ਵੀ ਜਾਰੀ ਰਹਿਣਗੀਆਂ ਅਤੇ ਕਿਸੇ ਵੀ ਨਸ਼ਾ ਤਸਕਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ1।

### ਸੁਰੱਖਿਆ ਪ੍ਰਬੰਧ ਵੀ ਕੀਤੇ ਗਏ

ਕਾਰਵਾਈ ਦੌਰਾਨ ਪੁਲਿਸ ਵਲੋਂ ਪੂਰੇ ਇਲਾਕੇ 'ਚ ਸੁਰੱਖਿਆ ਪ੍ਰਬੰਧ ਕੀਤੇ ਗਏ। ਸਥਾਨਕ ਲੋਕਾਂ ਨੇ ਵੀ ਇਸ ਮੁਹਿੰਮ ਦੀ ਸਿਰਾਹਣਾ ਕੀਤੀ ਹੈ ਅਤੇ ਉਮੀਦ ਜਤਾਈ ਕਿ ਇਲਾਕੇ ਵਿਚ ਨਸ਼ਾ ਤਸਕਰੀ ਤੇ ਲਗਾਮ ਲੱਗੇਗੀ1।

"ਪੰਜਾਬ ਦੇ ਮੁੱਖ ਮੰਤਰੀ ਵਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ, ਜ਼ਿਲ੍ਹਾ ਤਰਨਤਾਰਨ ਵਿੱਚ ਹੋਰ ਨਸ਼ਾ ਤਸਕਰਾਂ ਦੇ ਘਰ ਵੀ ਢਹਿ-ਢੇਰੀ ਕੀਤੇ ਜਾਣਗੇ, ਕਿਸੇ ਵੀ ਨਸ਼ਾ ਤਸਕਰ ਨੂੰ ਬਖ਼ਸ਼ਿਆ ਨਹੀਂਜਾਵੇਗਾ।

— ਐਸਐਸਪੀ ਅਭਿਮੰਨਿਊ ਰਾਣਾ

# ਇੰਡੀਗੋ ਨੂੰ ਤੁਰਕੀ ਏਅਰਲਾਈਨ ਦੇ ਜਹਾਜ਼ ਚਲਾਉਣ ਲਈ ਹਰੀ ਝੰਡੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ INTERNATIONAL PAPER, 94636 01616 hardipchumber57@gmail.com

ਹਵਾਬਾਜ਼ੀ ਨਿਗਰਾਨ DGCA ਨੇ ਇੰਡੀਗੋ ਏਅਰਲਾਈਨ ਨੂੰ ਅਗਲੇ ਤਿੰਨ ਮਹੀਨਿਆਂ ਵਿਚ ਤੁਰਕੀ ਏਅਰਲਾਈਨ ਨਾਲ ਜਾਰੀ ਲੀਜ਼ (ਕਰਾਰ) ਖ਼ਤਮ ਕਰਨ ਦੀ ਹਦਾਇਤ ਕੀਤੀ ਹੈ। ਉਡਾਣਾਂ ਇਕਦਮ ਬੰਦ ਹੋਣ ਨਾਲ ਯਾਤਰੀਆਂ ਨੂੰ ਕਿਸੇ ਤਰ੍ਹਾਂ ਦੀ ਖੱਜਲ ਖੁਆਰੀ ਤੋਂ ਬਚਾਉਣ ਲਈ ਡੀਜੀਸੀਏ ਨੇ ਸ਼ੁੱਕਰਵਾਰ ਨੂੰ ਇੰਡੀਗੋ ਨੂੰ ਤੁਰਕੀ ਏਅਰਲਾਈਨਜ਼ ਤੋਂ ਦੋ ਬੋਇੰਗ 777 ਜਹਾਜ਼ ਲੀਜ਼ 'ਤੇ ਲੈਣ ਦੀ ਮਿਆਦ ਇਕ



ਆਖਰੀ ਵਾਰ 31 ਅਗਸਤ ਤੱਕ ਵਧਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਡੀਜੀਸੀਏ ਨੇ ਇੰਡੀਗੋ ਨੂੰ ਅੱਗੇ ਹੋਰ ਕੋਈ ਵਾਧਾ ਨਾ ਮੰਗਣ ਦਾ ਹੁਕਮ ਵੀ ਦਿੱਤਾ ਹੈ। ਇਹ ਘਟਨਾਕ੍ਰਮ ਅਜਿਹੇ ਮੌਕੇ ਸਾਹਮਣੇ ਆਇਆ ਹੈ ਜਦੋਂ ਤੁਰਕੀ ਨੇ ਪਾਕਿਸਤਾਨ ਦੀ ਪਿੱਠ 'ਤੇ ਖੜ੍ਹਦਿਆਂ ਇਸ ਮਹੀਨੇ ਦੀ ਸ਼ੁਰੂਆਤ ਵਿਚ ਗੁਆਂਢੀ ਮੁਲਕ ਦੇ ਦਹਿਸ਼ਤੀ ਟਿਕਾਣਿਆਂ 'ਤੇ ਭਾਰਤੀ ਹਮਲਿਆਂ ਦੀ ਨਿਖੇਧੀ ਕੀਤੀ ਹੈ।

ਹਵਾਬਾਜ਼ੀ ਸੁਰੱਖਿਆ ਨਿਗਰਾਨ ਬੀਸੀਏਐੱਸ ਨੇ 15 ਮਈ ਨੂੰ 'ਕੌਮੀ ਸੁਰੱਖਿਆ' ਦੇ ਹਵਾਲੇ ਨਾਲ ਤੁਰਕੀ ਦੀ ਕੰਪਨੀ Celebi Airport Services India Pvt Ltd ਲਈ ਸੁਰੱਖਿਆ ਪ੍ਰਵਾਨਗੀ ਰੱਦ ਕਰ ਦਿੱਤੀ ਸੀ। ਕੁਝ ਆਨਲਾਈਨ ਯਾਤਰਾ ਪੋਰਟਲਾਂ ਅਤੇ ਐਸੋਸੀਏਸ਼ਨਾਂ ਨੇ ਲੋਕਾਂ ਨੂੰ ਤੁਰਕੀ ਨਾ ਜਾਣ ਲਈ ਸਲਾਹ ਵੀ ਜਾਰੀ ਕੀਤੀ ਹੈ। ਮੌਜੂਦਾ ਸਮੇਂ ਇੰਡੀਗੋ ਤੁਰਕੀ ਏਅਰਲਾਈਨਜ਼ ਤੋਂ ਡੈਂਪ ਲੀਜ਼ ਤਹਿਤ ਦੋ B777-300 ER ਜਹਾਜ਼ ਚਲਾ ਰਹੀ ਹੈ ਅਤੇ ਮੌਜੂਦਾ ਲੀਜ਼ 31 ਮਈ ਨੂੰ ਖ਼ਤਮ ਹੋਣ ਵਾਲੀ ਹੈ। ਇਨ੍ਹਾਂ ਜਹਾਜ਼ਾਂ ਦੀ ਵਰਤੋਂ ਇੰਡੀਗੋ ਵੱਲੋਂ ਦਿੱਲੀ ਅਤੇ ਮੁੰਬਈ ਤੋਂ ਇਸਤੰਬੁਲ ਲਈ ਸਿੱਧੀਆਂ ਉਡਾਣਾਂ ਚਲਾਉਣ ਲਈ ਕੀਤੀ ਜਾਂਦੀ ਹੈ। -ਪੀਟੀਆਈ

# ਪੁਲਿਸ ਦੀ ਅਤਿਵਾਦ ਵਿਰੋਧੀ ਸ਼ਾਖਾ ਨੇ ਕਸ਼ਮੀਰ ਵਿੱਚ ਕਈ ਥਾਵਾਂ ‘ਤੇ ਕੀਤੀ ਛਾਪੇਮਾਰੀ

## ਅਧਿਕਾਰੀਆਂ ਨੇ ਕਿਹਾ ਕਿ ਇਹ ਛਾਪੇ ਬਡਗਾਮ, ਪੁਲਵਾਮਾ, ਅਵੰਤੀਪੁਰਾ, ਕੁਪਵਾੜਾ, ਸ਼ੋਪੀਆਂ ਅਤੇ ਸ਼੍ਰੀਨਗਰ ਜ਼ਿਲ੍ਹਿਆਂ ਵਿੱਚ ਮਾਰੇ ਗਏ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਜੰਮੂ-ਕਸ਼ਮੀਰ ਪੁਲਿਸ ਦੀ ਅਤਿਵਾਦ ਵਿਰੋਧੀ ਕਸ਼ਮੀਰ ਸ਼ਾਖਾ ਨੇ ਸ਼ੁੱਕਰਵਾਰ ਨੂੰ ਅਤਿਵਾਦੀ ਗਤੀਵਿਧੀਆਂ ਦੀ ਜਾਂਚ ਦੇ ਹਿੱਸੇ ਵਜੋਂ ਘਾਟੀ ਵਿੱਚ ਕਈ ਥਾਵਾਂ ‘ਤੇ ਛਾਪੇਮਾਰੀ ਕੀਤੀ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ।

ਅਧਿਕਾਰੀਆਂ ਨੇ ਕਿਹਾ ਕਿ ਇਹ ਛਾਪੇ ਬਡਗਾਮ, ਪੁਲਵਾਮਾ, ਅਵੰਤੀਪੁਰਾ, ਕੁਪਵਾੜਾ, ਸ਼ੋਪੀਆਂ ਅਤੇ ਸ਼੍ਰੀਨਗਰ ਜ਼ਿਲ੍ਹਿਆਂ ਵਿੱਚ ਮਾਰੇ ਗਏ।

ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਕੁਝ ਸ਼ੱਕੀ ਵਿਅਕਤੀ ਵਿਸ਼ੇਸ਼ ‘ਇਨਕ੍ਰਿਪਟਡ ਮੈਸੇਜਿੰਗ ਐਪਲੀਕੇਸ਼ਨ’ ਦੀ ਵਰਤੋਂ ਕਰਦੇ ਹੋਏ ਪਾਏ ਗਏ ਜੋ ਸਰਹੱਦ ਪਾਰ ਅਤਿਵਾਦੀਆਂ ਅਤੇ ਉਨ੍ਹਾਂ ਦੇ ਮਾਲਕਾਂ ਦੁਆਰਾ ਵਰਤੀ ਜਾਂਦੀ ਹੈ।

‘ਇਨਕ੍ਰਿਪਟਡ ਮੈਸੇਜਿੰਗ ਐਪਲੀਕੇਸ਼ਨ’ ਇੱਕ ਐਪ ਹੈ ਜੋ ਸੁਨੇਹਿਆਂ ਨੂੰ ਇੱਕ ਵਿਸ਼ੇਸ਼ ਕੋਡ ਵਿੱਚ ਬਦਲਦੀ ਹੈ ਤਾਂ ਜੋ ਕੋਈ ਤੀਜਾ ਵਿਅਕਤੀ ਉਨ੍ਹਾਂ ਨੂੰ ਪੜ੍ਹ ਨਾ ਸਕੇ।

ਅਧਿਕਾਰੀਆਂ ਨੇ ਕਿਹਾ, “ਐਪਲੀਕੇਸ਼ਨ ਦੀ ਵਰਤੋਂ ਕਰਨ ਵਾਲੇ ਇਹ ਲੋਕ ਸਰਹੱਦ ਪਾਰ ਸ਼ੱਕੀ ਸੰਗਠਨਾਂ ਦੇ ਸੰਪਰਕ ਵਿੱਚ ਹੋਣ ਦਾ ਸ਼ੱਕ ਹੈ।”

ਇਸ ਸਬੰਧ ਵਿੱਚ ਤਾਜ਼ਾ ਰਿਪੋਰਟ ਮਿਲਣ ਤੱਕ ਛਾਪੇਮਾਰੀ ਜਾਰੀ ਸੀ।

# ਚੰਡੀਗੜ੍ਹ ਵਿੱਚ ਪੁਲਿਸ ਮੁਲਾਜ਼ਮ ਨੇ ਰਿਵਾਲਵਰ ਨਾਲ ਖੁਦ ਨੂੰ ਮਾਰੀ ਗੋਲੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਚੰਡੀਗੜ੍ਹ : ਚੰਡੀਗੜ੍ਹ ਪੁਲਿਸ ਕੰਪਲੈਕਸ ਵਿੱਚ ਵੀਰਵਾਰ ਦੇਰ ਰਾਤ ਇੱਕ ਕਾਂਸਟੇਬਲ ਨੇ ਆਪਣੀ ਸਰਵਿਸ ਰਿਵਾਲਵਰ ਨਾਲ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕ ਕਾਂਸਟੇਬਲ ਦੀ ਪਛਾਣ ਕੈਲਾਸ਼ ਵਜੋਂ ਹੋਈ ਹੈ, ਜੋ ਕਿ ਹਰਿਆਣਾ ਦਾ ਰਹਿਣ ਵਾਲਾ ਸੀ ਅਤੇ ਆਪਣੇ ਪਰਿਵਾਰ ਨਾਲ ਚੰਡੀਗੜ੍ਹ ਵਿੱਚ ਰਹਿ ਰਿਹਾ ਸੀ।

ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮਰਨ ਤੋਂ ਪਹਿਲਾਂ ਕੈਲਾਸ਼ ਨੇ ਆਪਣੇ ਮੋਬਾਈਲ ਫੋਨ ਦੇ ਸਟੇਟਸ ਵਿੱਚ ਲਿਖਿਆ ਸੀ - ਹਰ ਖੁਸ਼ੀ ਸੁੱਤੀ ਪਈ ਹੈ, ਜ਼ਿੰਦਗੀ ਸੁੱਤੀ ਪਈ ਹੈ। ਹੁਣ ਪੁਲਿਸ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਮ੍ਰਿਤਕ ਕਿਸ ਤਰ੍ਹਾਂ ਦੇ ਮਾਨਸਿਕ ਤਣਾਅ ਵਿੱਚੋਂ ਗੁਜ਼ਰ



ਰਿਹਾ ਸੀ।

ਜਿਸ ਸਮੇਂ ਕੈਲਾਸ਼ ਨੇ ਆਪਣੇ ਆਪ ਨੂੰ ਗੋਲੀ ਮਾਰੀ, ਉਹ ਘਰ ਵਿੱਚ ਇਕੱਲਾ ਸੀ।

# ਬਠਿੰਡਾ ‘ਚ ਵਾਪਰਿਆ ਵੱਡਾ ਹਾਦਸਾ, ਟਰਾਲਾ ਡਰੇਨ ‘ਚ ਡਿੱਗਿਆ- ਵਿਅਕਤੀ ਦੀ ਮੌਤ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਬਠਿੰਡਾ, 29 ਮਈ 2025: ਬਠਿੰਡਾ-ਤਲਵੰਡੀ ਸਾਬੋ ਸੜਕ ਤੇ ਪੈਂਦੇ ਪਿੰਡ ਜੀਵਨ ਸਿੰਘ ਵਾਲਾ ਦੇ ਨਜਦੀਕ ਦਿਨ ਚੜ੍ਹਦੇ ਸਾਰ ਬੇਕਾਬੂ ਹੋ ਕੇ ਸੀਮਿੰਟ ਨਾਲ ਭਰਿਆ ਇੱਕ ਘੋੜਾ ਟਰਾਲਾ ਲਸਾੜਾ ਡਰੇਨ ’ਚ ਡਿੱਗ ਪਿਆ ਜਿਸ ਦੇ ਸਿੱਟੇ ਵਜੋਂ ਕਲੀਨਰ ਦੀ ਮੌਤ ਹੋ ਗਈ ਹੈ ਜਦੋਂਕਿ ਡਰਾਈਵਰ ਛਾਲ ਮਾਰਨ ਵਿੱਚ ਸਫਲ ਰਿਹਾ ਹੈ। ਮ੍ਰਿਤਕ ਕੰਡਕਟਰ ਹਰਿਆਣਾ ਦੇ ਝੱਜਰ ਜਿਲ੍ਹੇ ਦਾ ਵਸਨੀਕ ਦੱਸਿਆ ਜਾ ਰਿਹਾ ਹੈ। ਰਾਤ ਕਾਰਜ ’ਚ ਲੱਗੀਆਂ ਟੀਮਾਂ ਨੇ ਮ੍ਰਿਤਕ ਦੀ ਲਾਸ਼ ਬਾਹਰ ਕਢਓਿਉਣ ਤੋਂ ਬਾਅਦ ਸਿਵਲ ਹਸਪਤਾਲ ਤਲਵੰਡੀ ਸਾਬੋ ਦੇ ਮੁਰਦਾਘਰ ਵਿੱਚ ਰਖਵਾ ਦਿੱਤੀ ਹੈ। ਘਟਨਾ ਦਾ ਪਤਾ ਲਗਦਿਆਂ ਡੀ ਐਸ ਪੀ ਤਲਵੰਡੀ ਸਾਬੋ , ਥਾਣਾ ਇੰਚਾਰਜ ਤੇ ਸੜਕ ਸੁਰੱਖਿਆ ਫੋਰਸ ਦੇ ਜੁਆਨ ਮੌਕੇ ਤੇ ਪਹੁੰਚੇ ਜਿਨ੍ਹਾਂ ਨੇ ਰਾਹਤ ਕਾਰਜ ਸ਼ੁਰੂ ਕਰ ਦਿੱਤੇ। ਜਾਣਕਾਰੀ ਅਨੁਸਾਰ ਕਾਫੀ ਮੁਸ਼ੱਕਤ ਤੋਂ ਬਾਅਦ ਮਸ਼ੀਨਾਂ ਰਾਹੀਂ ਟਰਾਲਾ ਡਰੇਨ ਚੋਂ ਬਾਹਰ ਕੱਢ ਲਿਆ ਹੈ।



ਤਲਵੰਡੀ ਸਾਬੋ ਦੇ ਡੀ ਐਸ ਪੀ ਰਾਜੇਸ਼ ਸੁਨੇਹੀ ਬੱਤਾ ਨੇ ਦੱਸਿਆ ਕੇ ਉਨ੍ਹਾਂ ਨੂੰ ਸਵੇਰੇ ਹਾਦਸੇ ਦੀ ਸੂਚਨਾ ਮਿਲੀ ਸੀ ਕੇ ਲਸਾੜਾ ਡਰੇਨ ’ਚ ਸੀਮਿੰਟ ਦਾ ਭਰਿਆ ਟਰਾਲਾ ਡਿੱਗ ਪਿਆ ਜਿਸ ’ਚ ਦੋ ਵਿਅਕਤੀ ਸਵਾਰ ਸਨ। ਉਨ੍ਹਾਂ ਦੱਸਿਆ ਕਿ ਡਰਾਈਵਰ ਮੌਕੇ ਤੋਂ ਛਾਲ ਮਾਰ ਕੇ ਬਾਹਰ ਨਿਕਲ ਗਿਆ ਸੀ। ਉਨ੍ਹਾਂ ਦੱਸਿਆ ਕੇ ਸਥਾਨਕ ਲੋਕਾਂ ਅਤੇ ਵਲੰਟੀਅਰਾਂ ਦੀ ਮੱਦਦ ਨਾਲ ਬਚਾ ਕਾਰਜ ਸ਼ੁਰੂ ਕਰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਥੋੜ੍ਹੇ ਸਮੇਂ ਲਈ ਸੜਕ ਤੇ ਜਾਮ ਲੱਗਿਆ ਸੀ ਜਿਸ ਨੂੰ ਟਰੈਫਿਕ ਪੁਲਸ ਨੇ ਬਦਲਵੇਂ ਰਸਤਿਆਂ ਰਾਹੀਂ ਲੰਘਾਇਆ ਹੈ। ਪਿੰਡ ਵਾਸੀਆਂ ਦੇ ਦੱਸਣ ਅਨੁਸਾਰ ਘੋੜਾ ਟਰਾਲਾ ਨਾਲ ਇਹ ਘਟਨਾ ਕਰੀਬ ਸਵੇਰੇ 6 ਵਜੇ ਵਾਪਰੀ ਜਦੋਂ ਸੜਕ ਤੇ ਜਾ ਰਿਹਾ ਇਹ ਟਰਾਲਾ ਅਚਾਨਕ ਬੇਕਾਬੂ ਹੋ ਗਿਆ ਅਤੇ ਡਰੇਨ ’ਚ ਡਿੱਗ ਪਿਆ।

ਲੋਕਾਂ ਦਾ ਕਹਿਣਾ ਹੈ ਕਿ ਤੰਗ ਪੁਲ ਕਾਰਨ ਨਿੱਤ ਰੋਜ ਹੁੰਦੇ ਹਾਦਸਿਆਂ ਤੋਂ ਪ੍ਰਸ਼ਾਸ਼ਨ ਕੋਈ ਸਬਕ ਨਹੀਂ ਲੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੁਲ ਦੀ ਰੇਲੰਗ ਵੀ ਸਹੀ ਨਹੀਂ ਜੋ ਹਾਦਸੇ ਦਾ ਕਾਰਨ ਬਣਦੀ ਹੈ। ਤੰਗ ਪੁਲ ਕਾਰਨ ਆਏ ਦਿਨ ਹੁੰਦੇ ਹਾਦਸਿਆ ਚ ਅਜਾਈ ਜਾਂਦੀਆਂ ਜਾਨਾਂ ਤੋਂ ਪ੍ਰਸ਼ਾਸਨ ਸਬਕ ਨਹੀਂ ਲੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਡਰੇਨ ਦੇ ਅੱਗੇ ਜੋ ਸਪੀਡ ਬਰੇਕਰ ਬਣਾਏ ਗਏ ਹਨ ਉਹ ਬਹੁਤ ਵੱਡੇ ਹਨ ਤੇ ਉਸ ਤੋਂ ਕੋਈ ਵੀ ਵਹੀਕਲ ਬੇਕਾਬੂ ਹੋਕੇ ਡਰੇਨ ’ਚ ਡਿੱਗ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸਮੇਂ ਰਹਿੰਦੇ ਇਸ ਪੁਲ ਨੂੰ ਚੌੜਾ ਕਰ ਦਿੱਤਾ ਜਾਂਦਾ ਤਾਂ ਇਹ ਹਾਦਸਾ ਨਹੀਂ ਵਾਪਰਨਾ ਸੀ। ਪਿੰਡ ਵਾਸੀਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਜੋ ਵੱਡੇ-ਵੱਡੇ ਸਪੀਡ ਬਰੇਕਰ ਬਣਾਏ ਗਏ ਹਨ ਉਨ੍ਹਾਂ ਨੂੰ ਛੋਟਾ ਕੀਤਾ ਜਾਵੇ।

ਪ੍ਰਸ਼ਾਸਨ ਦੀ ਅਣਗਹਿਲੀ ਕਾਰਨ ਅੱਜ ਫਿਰ ਇਹ ਹਾਦਸਾ ਵਾਪਰਿਆ- ਗੁਰਵਿੰਦਰ ਸ਼ਰਮਾ

ਬਠਿੰਡਾ ਦੇ ਸਮਾਜਸੇਵੀ ਗੁਰਵਿੰਦਰ ਸ਼ਰਮਾ ਨੇ ਦੱਸਿਆ ਕਿ ਪ੍ਰਸ਼ਾਸਨ ਦੀ ਅਣਗਹਿਲੀ ਕਾਰਨ ਅੱਜ ਫਿਰ ਇਹ ਹਾਦਸਾ ਵਾਪਰਿਆ ਹੈ। ਉਨ੍ਹਾਂ ਦੱਸਿਆ ਕਿ ਹਾਦਸੇ ਤੋਂ ਬਾਅਦ ਥੋੜ੍ਹਾ ਸਮਾਂ ਗੱਲਾਂ ਹੁੰਦੀਆਂ ਹਨ ਤੇ ਫਿਰ ਸਾਰੇ ਭੁੱਲ ਜਾਂਦੇ ਹਨ। ਉਨ੍ਹਾਂ ਕਿਹਾ ਕਿ ਪੁਲ ਨੂੰ ਚੌੜਾ ਕਿਤੇ ਬਿਨ੍ਹਾਂ ਇਸ ਦਾ ਕੋਈ ਹੱਲ ਨਹੀਂ ਹੈ। ਉਨ੍ਹਾਂ ਕਿਹਾ ਕਿ ਆਏ ਦਿਨ ਕੋਈ ਨਾ ਕੋਈ ਹਾਦਸਾ ਹੁੰਦਾ ਰਹਿੰਦਾ ਹੈ ਪ੍ਰੰਤੂ ਪ੍ਰਸ਼ਾਸਨ ਇਸ ਪਾਸੇ ਕੋਈ ਧਿਆਨ ਨਹੀਂ ਦੇ ਰਿਹਾ ਹੈ ਜੋਕਿ ਚਿੰਤਾਜਨਕ ਰੁਝਾਨ ਹੈ। ਦੱਸਣਾ ਬਣਦਾ ਹੈ ਕਿ ਪਿਛਲੀ 25 ਦਸੰਬਰ ਨੂੰ ਇੱਕ ਬੱਸ ਵੀ ਲਸਾੜਾ ਡਰੇਨ ’ਚ ਡਿੱਗ ਪਈ ਸੀ ਜਿਸ ਕਾਰਨ ਅੱਠ ਸਵਾਰੀਆਂ ਦੀਆਂ ਜਾਨਾਂ ਅਜਾਈ ਚਲੀਆਂ ਗਈਆਂ ਸਨ। ਉਨ੍ਹਾਂ ਜਿਲ੍ਹਾ ਪ੍ਰਸ਼ਾਸ਼ਨ ਤੋਂ ਇਸ ਸਮੱਸਿਆ ਦਾ ਢੁੱਕਵਾਂ ਤੇ ਜਲਦੀ ਤੋਂ ਜਲਦੀ ਹੱਲ ਕਰਨ ਦੀ ਮੰਗ ਵੀ ਕੀਤੀ।

# ਮੁਕਤਸਰ ਸਾਹਿਬ ਵਿਖੇ 2 ਮੰਜ਼ਿਲਾ ਪਟਾਕਾ ਫ਼ੈਕਟਰੀ ਵਿੱਚ ਵੱਡਾ ਧਮਾਕਾ, 5 ਮਜ਼ਦੂਰਾਂ ਦੀ ਮੌਤ

## 2 ਦਰਜਨ ਤੋਂ ਵੱਧ ਮਜ਼ਦੂਰ ਜ਼ਖ਼ਮੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਡਿਪਟੀ ਕਮਿਸ਼ਨਰ ਅਭਿਜੀਤ ਕਪਲਿਸ਼ ਨੇ ਦੱਸਿਆ ਹੈ ਕਿ ਜ਼ਿਲ੍ਹੇ ਦੇ ਪਿੰਡ ਸਿੰਘੇਵਾਲਾ ਵਿੱਚ ਜਿਸ ਫੈਕਟਰੀ ਵਿੱਚ ਅੱਗ ਲੱਗਣ ਦੀ ਘਟਨਾ ਵਾਪਰੀ ਹੈ, ਉਸ ਫੈਕਟਰੀ ਨੂੰ ਪ੍ਰਸ਼ਾਸਨ ਵੱਲੋਂ ਕੋਈ ਪ੍ਰਵਾਨਗੀ ਜਾਰੀ ਨਹੀਂ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਦੇ ਕੰਮ ਲਈ ਐਕਸਪਲੋਸਿਵ ਰੂਲਸ 2008 ਦੇ ਤਹਿਤ ਪ੍ਰਵਾਨਗੀ ਦਿੱਤੀ ਜਾਂਦੀ ਹੈ ਅਤੇ ਸਬੰਧਤ ਵਿਅਕਤੀ ਨੇ ਇਸ ਸਬੰਧੀ ਅਰਜ਼ੀ ਦਿੱਤੀ ਹੋਈ ਸੀ ਪਰ ਵੱਖ-ਵੱਖ ਥਾਵਾਂ ਤੋਂ ਰਿਪੋਰਟਾਂ ਪੈਂਡਿੰਗ ਹੋਣ ਕਾਰਨ ਅਜੇ ਤੱਕ ਉਸਨੂੰ ਪ੍ਰਵਾਨਗੀ ਜਾਰੀ ਨਹੀਂ ਹੋਈ ਸੀ।



ਉਨਾਂ ਆਖਿਆ ਹੈ ਕਿ ਪ੍ਰਸ਼ਾਸਨ ਦੀ ਪਹਿਲ ਜਖਮੀਆਂ ਦੀ ਸੰਭਾਲ ਅਤੇ ਉਨ੍ਹਾਂ ਨੂੰ ਬਿਹਤਰ ਇਲਾਜ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਜਾਂਚ ਤੋਂ ਬਾਅਦ ਦੋਸ਼ੀਆਂ ਖਿਲਾਫ ਕਾਨੂੰਨ ਅਨੁਸਾਰ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ।

ਡਿਪਟੀ ਕਮਿਸ਼ਨਰ ਅਭਿਜੀਤ ਕਪਲਿਸ਼ ਵੱਲੋਂ ਸਿੰਘੇਵਾਲਾ ਫੈਕਟਰੀ ‘ਚ ਧਮਾਕੇ ‘ਚ ਪੀੜਤਾਂ ਨੂੰ ਹਰ ਸੰਭਵ ਮਦਦ ਮੁਹੱਈਆ ਕਰਵਾਉਣ ਦਾ ਭਰੋਸਾ ਦਿੱਤਾ ਗਿਆ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਗੰਭੀਰ ਜ਼ਖਮੀਆਂ ਨੂੰ ਬਠਿੰਡਾ ਸਥਿਤ ਏਮਜ਼ ਅਤੇ ਹੋਰਨਾਂ ਨੂੰ ਸਿਵਲ ਹਸਪਤਾਲ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਜ਼ਖਮੀਆਂ ਦਾ ਇਲਾਜ ਪੰਜਾਬ ਸਰਕਾਰ ਦੀ ਫਰਿਸ਼ਤੇ ਸਕੀਮ ਵਿੱਚੋਂ ਇਲਾਜ ਕਰਵਾਇਆ ਜਾਵੇਗਾ।

ਦੁਰਘਟਨਾ ਤੋਂ ਬਾਅਦ ਐਸ.ਡੀ.ਐਮ. ਜਸਪਾਲ ਸਿੰਘ ਵੱਲੋਂ ਮੌਕੇ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲਿਆ ਗਿਆ ਅਤੇ ਜ਼ਖਮੀਆਂ ਨੂੰ ਹਸਪਤਾਲ ਭੇਜਣ ਦੀ ਵਿਵਸਥਾ ਕੀਤੀ ਗਈ।

ਇਸਦੇ ਨਾਲ ਵਧੀਕ ਡਿਪਟੀ ਕਮਿਸ਼ਨਰ ਗੁਰਪ੍ਰੀਤ ਸਿੰਘ ਥਿੰਦ ਅਤੇ ਰੈਡ ਕਰੋਸ ਸੈਕਟਰੀ ਵੀ ਏਮਸ ਹਸਪਤਾਲ ਬਠਿੰਡਾ ਵਿਖੇ ਪਹੁੰਚ ਰਹੇ ਹਨ ਤਾਂ ਜੋ ਜ਼ਖਮੀਆਂ ਦੇ ਬਿਹਤਰ ਇਲਾਜ ਨੂੰ ਯਕੀਨੀ ਬਣਾਇਆ ਜਾ ਸਕੇ।

ਤਰ ਦੱਸਦੇ ਹਨ ਕਿ ਇਹ ਫੈਕਟਰੀ ਪਿੰਡ ਸਿੰਘੇਵਾਲਾ-ਫਤੂਹੀਵਾਲਾ ਦੇ ਇੱਕ ਸਿਆਸੀ ਆਗੂ ਦੀ ਹੈ। ਫੈਕਟਰੀ ਵਿੱਚ ਪਟਾਕੇ ਬਣਾਉਣ ਦਾ ਕੰਮ ਉੱਤਰ ਪ੍ਰਦੇਸ਼ ਦੇ ਇੱਕ ਵਿਅਕਤੀ ਦੀ ਨਿਗਰਾਨੀ ਹੇਠ ਕੀਤਾ ਜਾਂਦਾ ਸੀ ਜੋ ਮੌਕੇ ਤੋਂ ਫਰਾਰ ਹੋ ਗਿਆ ਹੈ। ਪੁਲਿਸ ਨੂੰ ਮੌਕੇ ਤੋਂ ਕੁੱਝ ਪਟਾਕੇ ਵੀ ਮਿਲੇ ਹਨ ਅਤੇ ਹੋਰ ਵੀ ਸਮਾਨ ਮਿਲਿਆ ਜਿੰਨ੍ਹਾਂ ਬਾਰੇ ਜਾਂਚ ਦੀ ਗੱਲ ਆਖੀ ਜਾ ਰਹੀ ਹੈ

# ਪੀਏਯੂ-ਕੇਵੀਕੇ, ਸੰਗਰੂਰ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਵਿਕਸਿਤ ਖੇਤੀਬਾੜੀ ਸੰਕਲਪ ਅਭਿਆਨ ਦਾ ਆਯੋਜਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਸੰਗਰੂਰ,30 ਮਈ (ਜਗਸੀਰ ਲੌਂਗੋਵਾਲ)- ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ, ਭਾਰਤ ਸਰਕਾਰ ਅਤੇ ਭਾਰਤੀ ਖੇਤੀ ਖੋਜ ਪ੍ਰੀਸ਼ਦ, ਨਵੀਂ ਦਿੱਲੀ ਦੀ ਪਹਿਲਕਦਮੀ ਅਧੀਨ 29 ਮਈ ਤੋਂ 12 ਜੂਨ ਤੱਕ ਚਲਾਏ ਜਾ ਰਹੇ ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ ਤਹਿਤ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਖੇੜੀ, ਸੰਗਰੂਰ ਦੇ ਐਸੋਸੀਏਟ ਡਾਇਰੈਕਟਰ (ਟ੍ਰੇਨਿੰਗ) ਡਾ. ਮਨਦੀਪ ਸਿੰਘ ਅਤੇ ਉਹਨਾਂ ਦੀ ਟੀਮ ਵੱਲੋਂ 29.05.25 ਅਤੇ 30.05.25 ਨੂੰ ਸੰਗਰੂਰ ਜ਼ਿਲ੍ਹੇ ਦੇ ਚਾਰ ਵੱਖ-ਵੱਖ ਬਲਾਕਾਂ ਦੇ 14 ਪਿੰਡਾਂ ਕਿਸਾਨਾਂ ਨੂੰ ਸਾਉਣੀ ਦੀਆਂ ਫ਼ਸਲਾਂ ਦੀ ਕਾਸ਼ਤ ਅਤੇ ਨਵੀਆਂ ਖੇਤੀ ਤਕਨੀਕਾਂ ਸਬੰਧੀ ਤਕਨੀਕੀ ਜਾਣਕਾਰੀ ਦੇਣ ਲਈ ਕਿਸਾਨ ਸਿਖਲਾਈ ਕੈਂਪ ਲਗਾਏ ਗਏ I ਇਸ ਅਭਿਆਨ ਦੌਰਾਨ ਵੱਖ-ਵੱਖ ਬਲਾਕਾਂ ਭਵਾਨੀਗੜ੍ਹ, ਸੰਗਰੂਰ, ਲਹਿਰਾਗਾਗਾ ਅਤੇ




ਅਨਦਾਨਾ ਦੇ ਪਿੰਡਾਂ ਸਜੂਮਾ, ਘਨੌਰ ਜੱਟਾਂ, ਅਕਬਰਪੁਰ, ਬਿਜਲਪੁਰ, ਕਨੋਈ, ਭਰੂਰ, ਹਰਿਆਉ, ਰੱਤਾਖੇੜਾ, ਸੰਗਤਪੁਰਾ, ਗਾਗਾ, ਫਤਹਿਗੜ੍ਹ, ਗੰਢੂਆਂ, ਭੁਲਣ, ਠਸਕਾ ਵਿੱਚ ਪਹੁੰਚ ਕੇ ਕੇਵੀਕੇ ਦੀਆਂ ਟੀਮਾਂ ਦੇ ਕਿਸਾਨਾਂ ਨਾਲ ਵਿਗਿਆਨਕ ਜਾਣਕਾਰੀ ਸਾਂਝੀ ਕੀਤੀ। ਹੋਰ ਜਾਣਕਾਰੀ ਦਿੰਦਿਆਂ ਡਾ ਮਨਦੀਪ ਸਿੰਘ ਨੇ ਦੱਸਿਆ ਕਿ ਇਸ ਮੁਹਿੰਮ ਦੌਰਾਨ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਗਠਿਤ ਤਿੰਨ ਟੀਮਾਂ ਵੱਲੋਂ ਕਿਸਾਨਾਂ ਅਤੇ ਕਿਸਾਨ ਬੀਬੀਆਂ ਨੂੰ ਸਾਉਣੀ ਦੀਆਂ ਫਸਲਾਂ ਅਤੇ ਬਾਗਬਾਨੀ ਵਿੱਚ ਨਵੀਆਂ ਤਕਨੀਕਾਂ ਬਾਰੇ ਜਾਣਕਾਰੀ ਤੋਂ ਇਲਾਵਾ ਕਿਸਾਨਾਂ ਨੂੰ ਫਸਲਾਂ ਦੀਆਂ ਉੱਨਤ ਕਿਸਮਾਂ, ਝੋਨੇ ਅਤੇ ਬਾਸਮਤੀ ਦੀ ਸਿੱਧੀ ਬਿਜਾਈ, ਮਿੱਟੀ ਪਾਣੀ ਪਰਖ ਦੀ ਮਹੱਤਤਾ, ਮਿੱਟੀ ਅਤੇ ਪਾਣੀ ਦੇ ਨਮੂਨੇ ਲੈਣ ਦੀ ਵਿਧੀ, ਖਾਦਾਂ ਦੀ ਸੁਚੱਜੀ ਵਰਤੋਂ, ਸਰਵਪੱਖੀ ਨਦੀਨ ਅਤੇ ਕੀਟ ਪ੍ਰਬੰਧ, ਪਸ਼ੂਧਨ ਦੀ ਸਾਂਭ-ਸੰਭਾਲ ਅਤੇ ਗ੍ਰਹਿ ਵਿਗਿਆਨ ਬਾਰੇ ਵਿਸਤ੍ਰਿਤ ਜਾਣਕਾਰੀ ਮੁਹਈਆ ਕਰਵਾਈ ਗਈ।

ਮਾਹਿਰਾਂ ਦੀ ਟੀਮ ਨੇ ਝੋਨੇ ਅਤੇ ਬਾਸਮਤੀ ਦੀ ਪਨੀਰੀ ਦੇ ਨਾਲ-ਨਾਲ ਫਲਦਾਰ ਬੂਟਿਆਂ ਵਿੱਚ ਖੁਰਾਕੀ ਤੱਤਾਂ ਦੀ ਘਾਟ ਦੀ ਪਹਿਚਾਣ ਅਤੇ ਰੋਕਥਾਮ ਬਾਰੇ ਵੀ ਦੱਸਿਆI ਇਸ ਦੇ ਇਲਾਵਾ ਫ਼ਸਲੀ ਵਿਭਿੰਨਤਾ, ਕੁਦਰਤੀ ਸਾਧਨਾਂ ਦੀ ਸੁਚੱਜੀ ਵਰਤੋਂ, ਸਹਾਇਕ ਧੰਦਿਆਂ ਅਤੇ ਆਧੁਨਿਕ ਉਪਕਰਨਾਂ ਦੀ ਵਰਤੋਂ ਕਰਕੇ ਸਮਾਰਟ ਫਾਰਮਿੰਗ ਕਰਨ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ।

ਇਸ ਅਭਿਆਨ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ ਤੋਂ ਡਾ. ਗੁਰਬੀਰ ਕੌਰ, ਡਾ. ਰਵਿੰਦਰ ਕੌਰ, ਡਾ. ਸੁਨੀਲ ਕੁਮਾਰ, ਡਾ. ਵਿਤਸਤਾ, ਡਾ. ਰੁਕਿੰਦਰ ਪ੍ਰੀਤ ਸਿੰਘ, ਮੈਡਮ ਅਮਰਪ੍ਰੀਤ ਨੇ ਤਕਨੀਕੀ ਜਾਣਕਾਰੀ ਦਿੱਤੀ। ਉਹਨਾਂ ਕਿਸਾਨਾਂ ਵਲੋਂ ਪੁੱਛੇ ਸਵਾਲਾਂ ਦੇ ਤਸੱਲੀਬਖ਼ਸ਼ ਜਵਾਬ ਵੀ ਦਿੱਤੇ ਅਤੇ ਫ਼ਸਲਾਂ ਦਾ ਮੁਆਇਨਾ ਵੀ ਕੀਤਾ। ਕਿਸਾਨਾਂ ਨੂੰ ਸਾਰੇ ਵੀ ਕੈਂਪਾਂ ਵੀ ਹ ਖੇਤੀਬਾੜੀ ਸਹਿਤ ਵੀ ਵੰਡਿਆ ਗਿਆ । ਖੇਤੀਬਾੜੀ ਤੋਂ ਪਹੁੰਚੇ ਅਧਿਕਾਰੀਆਂ ਨੇ ਸਰਕਾਰੀ ਸਕੀਮਾਂ ਦੀ ਜਾਣਕਾਰੀ ਦਿੱਤੀ। ਇਹਨਾਂ ਕੈਂਪਾਂ ਵਿੱਚ ਸ ਸੁਖਤਾਰ ਸਿੰਘ, ਕੁਲਵੀਰ ਸਿੰਘ, ਗੁਰਪ੍ਰੀਤ ਸਿੰਘ, ਅਮਰੀਕ ਸਿੰਘ, ਪਰਮਿੰਦਰ ਸਿੰਘ, ਨੈਬ ਸਿੰਘ, ਵਕੀਲ ਸਿੰਘ, ਵਾਸਦੇਵ ਸ਼ਰਮਾ ਆਦਿ ਕਿਸਾਨ ਹਾਜ਼ਰ ਸਨ I

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਇਹ ਕਹਿਣਾ ਕਿ ਬੁੱਧ ਧਰਮ ਹਿੰਦੂ ਧਰਮ ਦੀ ਇੱਕ ਸ਼ਾਖਾ ਹੈ ਅਤੇ ਇਹ ਇੱਕ ਸ਼ਰਾਰਤ ਅਤੇ ਧੋਖਾ ਹੈ, ਇੱਕ ਗੁੰਮਰਾਹਕੁੰਨ ਪ੍ਰਚਾਰ ਹੈ।

(2/2) ਕਲ੍ਹ ਦੇ ਲੇਖ ਦਾ ਬਾਕੀ ਭਾਗ

ਵੈਦਿਕ ਧਰਮ ਉੱਤੇ ਬੁੱਧ ਦਾ ਚੌਥਾ ਇਤਰਾਜ਼ ਚਤੁਰਵਰਣ ਲਈ ਸੀ। ਉਸਦੇ ਚੇਲੇ ਉੱਚ ਅਤੇ ਨੀਵੇਂ ਮੰਨੀਆਂ ਜਾਂਦੀਆਂ ਸਾਰੀਆਂ ਜਾਤਾਂ ਵਿੱਚੋਂ ਸਨ। ਉਹ ਬਹੁਤ ਕੁਸ਼ਲ ਹੁੰਦਾ ਸੀ ਤਾਂ ਜੋ ਉਸਦੇ



ਚੇਲਿਆਂ ਵਿੱਚ ਉੱਚ ਅਤੇ ਨੀਵੇਂ ਦੀ ਭਾਵਨਾ ਲਈ ਕੋਈ ਜਗ੍ਹਾ ਨਾ ਹੋਵੇ। ਤਾਂ ਜੋ ਉਸਦੇ ਚਚੇਰੇ ਭਰਾ ਆਪਣੇ ਕਸ਼ੱਤਰੀ ਹੋਣ ‘ਤੇ ਮਾਣ ਨਾ ਕਰਨ, ਉਸਨੇ ਪਹਿਲੀ ਦੀਖਿਆ ਉਪਲੀ ਨੂੰ ਦਿੱਤੀ ਜੋ ਉਨ੍ਹਾਂ ਦੇ ਨਾਲ ਆਇਆ ਸੀ। ਜੋ ਪਹਿਲਾਂ ਦੀਖਿਆ ਲੈਂਦਾ ਹੈ ਉਸਨੂੰ ਬਾਅਦ ਵਿੱਚ ਦੀਖਿਆ ਲੈਣ ਵਾਲੇ ਦੁਆਰਾ ਸਤਿਕਾਰਯੋਗ ਮੰਨਿਆ ਜਾਂਦਾ ਸੀ। ਇਸੇ ਕਰਕੇ ਉਸਦੇ ਕਸ਼ੱਤਰੀ ਸ਼ਾਕੀਆਂ ਨੂੰ ਆਪਣੇ ਪੁਰਾਣੇ ਨਾਈ ਨੌਕਰ ਦਾ ਸਵਾਗਤ ਕਰਨਾ ਪਿਆ। ਆਪਣੇ ਜੀਵਨ ਦੇ ਆਖਰੀ ਦਿਨਾਂ ਵਿੱਚ, ਉਸਨੇ ਚੁੰਡ ਨਾਮ ਦੇ ਇੱਕ ਲੁਹਾਰ ਦੇ ਘਰੋਂ ਖਾਣਾ ਖਾਧਾ, ਜਿਸਨੂੰ ਇੱਕ ਨੀਵੀਂ ਜਾਤੀ ਦਾ ਮੰਨਿਆ ਜਾਂਦਾ ਸੀ, ਇਹ ਜਾਣਦੇ ਹੋਏ ਵੀ ਕਿ ਇਹ ਉਸਦੀ ਸਿਹਤ ਲਈ ਹਾਨੀਕਾਰਕ ਸੀ ਅਤੇ ਸਮਾਜਿਕ ਸਮਾਨਤਾ ਲਈ ਆਪਣੀ ਜਾਨ ਦੀ ਕੀਮਤ ਅਦਾ ਕੀਤੀ। ਚਤੁਰਵਰਣ ਦਾ ਵਿਰੋਧ ਕਰਨ ਵਾਲੀਆਂ ਅਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਬੁੱਧ ਦੇ ਜੀਵਨ ਵਿੱਚ ਦਿਖਾਈਆਂ ਜਾ ਸਕਦੀਆਂ ਹਨ। ਉਹ ਆਪਣੇ ਸੰਘ ਦੀ ਤੁਲਨਾ ਸਮੁੰਦਰ ਨਾਲ ਕਰਦਾ ਸੀ। ਜਿਸ ਤਰ੍ਹਾਂ ਇੱਕ ਨਦੀ ਸਮੁੰਦਰ ਵਿੱਚ ਮਿਲਣ ਤੋਂ ਬਾਅਦ ਆਪਣਾ ਵੱਖਰਾ ਵਜੂਦ ਗੁਆ ਦਿੰਦੀ ਹੈ ਅਤੇ ਸਾਰਾ ਪਾਣੀ ਇੱਕ ਹੋ ਜਾਂਦਾ ਹੈ, ਉਸੇ ਤਰ੍ਹਾਂ ਸੰਘ ਵਿੱਚ ਸ਼ਾਮਲ ਹੋਣ ਵਾਲੇ ਵੱਖ-ਵੱਖ ਜਾਤਾਂ ਦੇ ਭਿਕਸ਼ੂਆਂ ਦਾ ਜਾਤੀ ਭੇਦ ਖਤਮ ਹੋ ਜਾਂਦਾ ਹੈ। ਜੈਨ ਧਰਮ ਵਿੱਚ ਵੀ ਚਾਰ ਜਾਤਾਂ ਦੀ ਮਨਾਹੀ ਸੀ। ਪਰ ਉਹ ਇਸ ਮੁੱਦੇ ‘ਤੇ ਲੜਨ ਲਈ ਤਿਆਰ ਨਹੀਂ ਸਨ। ਬੁੱਧ ਨੇ ਆਪਣੇ ਮੁੱਦਿਆਂ ਬਾਰੇ ਸਿਰਫ਼ ਚੁੱਪ ਰਹਿਣ ਦੀ ਅਸਪਸ਼ਟ ਪ੍ਰਣ ਨਹੀਂ ਰੱਖਿਆ। ਉਨ੍ਹਾਂ ਦਾ ਮੰਨਣਾ ਸੀ ਕਿ ਅਸੀਂ ਆਪਣੇ ਧਰਮ ਦੇ ਨਾਇਕ ਹਾਂ ਅਤੇ ਇਸਨੂੰ ਸਥਾਪਿਤ ਕਰਨ ਲਈ ਸਾਨੂੰ ਅਗਿਆਨਤਾ ਨਾਲ ਲੜਨਾ ਪਵੇਗਾ। ਬੁੱਧ ਦੇ ਚਾਰ ਜਾਤਾਂ ਦੇ ਵਿਰੋਧ ਦੀ ਇਹ ਭਾਵਨਾ ਹਮੇਸ਼ਾ ਬ੍ਰਾਹਮਣਾਂ ਦੇ ਮਨਾਂ ਨੂੰ ਚੁੱਭਦੀ ਰਹਿੰਦੀ ਸੀ। ਇਸੇ ਲਈ ਉਨ੍ਹਾਂ ਨੇ ਕਪਿਲ ਮੁਨੀ, ਇੱਕ ਨਿਰਾਸ਼ਾਵਾਦੀ ਸਾਂਖਿਆਚਾਰੀਆ, ਨੂੰ ਆਪਣਾ ਕਿਹਾ, ਪਰ ਹਮੇਸ਼ਾ ਬੁੱਧ ਨੂੰ ਆਪਣਾ ਦੁਸ਼ਮਣ ਮੰਨਿਆ।

ਬੁੱਧ ਦਾ ਵੈਦਿਕ ਧਰਮ ਪ੍ਰਤੀ ਪੰਜਵਾਂ ਇਤਰਾਜ਼ ਪਰਮਾਤਮਾ ਅਤੇ ਆਤਮਾ ਦੀ ਹੋਂਦ ਬਾਰੇ ਸੀ। ਬੁੱਧ ਦੇ ਵਿਚਾਰ ਅਨੁਸਾਰ, ਇੱਕ ਸਰਬਸ਼ਕਤੀਮਾਨ, ਸਰਬ-ਵਿਆਪੀ, ਸਰਬ-ਵਿਆਪੀ ਅਤੇ ਪਿਆਰ ਕਰਨ ਵਾਲੇ ਪਰਮਾਤਮਾ ਦੀ ਹੋਂਦ ਨੂੰ ਗਿਆਨ ਦੇ ਸਾਧਨਾਂ, ਪੰਜ ਇੰਦਰੀਆਂ ਅਤੇ ਤਰਕ ਦੀ ਮਦਦ ਨਾਲ ਸਾਬਤ ਨਹੀਂ ਕੀਤਾ ਜਾ ਸਕਦਾ। ਇਸ ਤੋਂ ਇਲਾਵਾ, ਧੰਮ ਦਾ ਉਦੇਸ਼ ਦੁੱਖਾਂ ਨੂੰ ਖਤਮ ਕਰਨਾ ਹੈ। ਪਰਮਾਤਮਾ ਵਿੱਚ ਵਿਸ਼ਵਾਸ ਕਰਨ ਨਾਲ ਦੁੱਖ ਘੱਟ ਨਹੀਂ ਹੁੰਦਾ। ਧਰਮ ਦਾ ਮੁੱਖ ਕੰਮ ਇਹ ਸਿਖਾਉਣਾ ਹੈ ਕਿ ਇੱਕ ਮਨੁੱਖ ਨੂੰ ਦੂਜੇ ਮਨੁੱਖ ਨਾਲ ਕਿਵੇਂ ਵਿਵਹਾਰ ਕਰਨਾ ਚਾਹੀਦਾ ਹੈ ਤਾਂ ਜੋ ਹਰ ਕੋਈ ਖੁਸ਼ ਰਹੇ। ਇਸੇ ਲਈ ਧੰਮ ਦਾ ਪਰਮਾਤਮਾ ਜਾਂ ਈਸ਼ਵਰ ਨਾਲ ਕੋਈ ਸਬੰਧ ਨਹੀਂ ਹੈ। ਪਰਮਾਤਮਾ ਜਾਂ ਈਸ਼ਵਰ ਦੀ ਹੋਂਦ ਸਿਰਫ ਖਾਲੀ ਤਰਕ (ਅਟਕਲਾਂ) ‘ਤੇ ਅਧਾਰਤ ਹੈ ਅਤੇ ਹੋਂਦ, ਪੂਜਾ, ਪ੍ਰਾਰਥਨਾ, ਪੁਜਾਰੀਆਂ ਆਦਿ ਵਿੱਚ ਵਿਸ਼ਵਾਸ ਦੇ ਕਾਰਨ ਮੂਰਖ ਵਿਸ਼ਵਾਸਾਂ (ਅੰਧਵਿਸ਼ਵਾਸ) ਦਾ ਭੰਡਾਰ ਖੋਲ੍ਹਦਾ ਹੈ ਜੋ ਅਸ਼ਟਾਂਗ ਮਾਰਗ ਦੇ ਸਮਾਨ ਦ੍ਰਿਸ਼ਟੀਕੋਣ ਲਈ ਘਾਤਕ ਹਨ। ਇੱਕ ਦੂਜੇ ਨਾਲ ਮਨੁੱਖੀ ਸਬੰਧ ਬੁੱਧੀ, ਨੈਤਿਕਤਾ, ਦਇਆ, ਭਾਈਚਾਰਾ ਦੁਆਰਾ ਨਿਯੰਤਰਿਤ ਹੋਣ ਦੀ ਬਜਾਏ ਸ਼ੁੱਧਤਾ, ਉੱਚ-ਨੀਚ ਵਰਗੇ ਗੁੰਮਰਾਹਕੁੰਨ ਵਿਸ਼ਵਾਸਾਂ ਦੁਆਰਾ ਨਿਯੰਤਰਿਤ ਕੀਤੇ ਜਾਂਦੇ ਹਨ। ਅਜਿਹਾ ਨਹੀਂ ਹੈ ਕਿ ਪਰਮਾਤਮਾ ਦੀ ਹੋਂਦ ਬਾਰੇ ਬੁੱਧ ਦੇ ਇਤਰਾਜ਼ ਸਿਰਫ ਵਿਹਾਰਕ ਸਨ। ‘ਪ੍ਰਤੀਂਛਾ ਸਮੁਤਪਦਾ’ ਦੇ ਆਪਣੇ ਸਿਧਾਂਤ ਵਿੱਚ, ਉਸਨੇ ਪਰਮਾਤਮਾ ਦੀ ਹੋਂਦ ‘ਤੇ ਆਮ ਤਰਕਪੂਰਨ ਇਤਰਾਜ਼ ਉਠਾਏ ਹਨ। ਇਸ ਸਿਧਾਂਤ ਦੇ ਅਨੁਸਾਰ, ਪਰਮਾਤਮਾ ਮੌਜੂਦ ਹੈ ਜਾਂ ਨਹੀਂ, ਇਹ ਮੁੱਖ ਸਵਾਲ ਨਹੀਂ ਹੈ। ਮੁੱਖ ਸਵਾਲ ਇਹ ਵੀ ਨਹੀਂ ਹੈ ਕਿ ਪਰਮਾਤਮਾ ਨੇ ਸੰਸਾਰ ਬਣਾਇਆ ਹੈ ਜਾਂ ਨਹੀਂ। ਮੁੱਖ ਸਵਾਲ ਇਹ ਹੈ ਕਿ ਪਰਮਾਤਮਾ ਨੇ ਸੰਸਾਰ ਕਿਵੇਂ ਬਣਾਇਆ? ਇਸ ਸਵਾਲ ਦਾ ਜਵਾਬ ਪਰਮਾਤਮਾ ਦੀ ਹੋਂਦ ਦਾ ਖੰਡਨ ਜਾਂ ਸਮਰਥਨ ਕਰੇਗਾ। ਇਸ ਅਨੁਸਾਰ, ਮਹੱਤਵਪੂਰਨ ਸਵਾਲ ਇਹ ਹੈ - “ਕੀ ਪਰਮਾਤਮਾ ਨੇ ਇਸ ਸੰਸਾਰ ਨੂੰ ਸਿਫਰ (0) ਤੋਂ ਬਣਾਇਆ ਹੈ ਜਾਂ ਕਿਸੇ ਅਜਿਹੀ ਚੀਜ਼ ਤੋਂ ਜੋ ਪਹਿਲਾਂ ਹੀ ਮੌਜੂਦ ਸੀ?” ਮਨੁੱਖੀ ਬੁੱਧੀ ਇਹ ਵਿਸ਼ਵਾਸ ਨਹੀਂ ਕਰ ਸਕਦੀ ਕਿ ਕੋਈ ਚੀਜ਼ ਕੁਝ ਵੀ ਨਹੀਂ ਤੋਂ ਬਣਾਈ ਗਈ ਸੀ। ਜੇਕਰ ਇਸ ਅਖੌਤੀ ਪਰਮਾਤਮਾ ਨੇ ਇਸ ਸੰਸਾਰ ਨੂੰ ਉਸ ਚੀਜ਼ ਤੋਂ ਬਣਾਇਆ ਹੈ ਜੋ ਪਹਿਲਾਂ ਮੌਜੂਦ ਸੀ, ਤਾਂ ਇਹ ਮੰਨਣਾ ਪਵੇਗਾ ਕਿ ਇਹ ਸਾਡੇ ਮੂਲ ਤੋਂ ਪਹਿਲਾਂ ਵੀ ਮੌਜੂਦ ਸੀ। ਉਸ ਸਥਿਤੀ ਵਿੱਚ, ਪਰਮਾਤਮਾ ਨੂੰ ਉਸ ਚੀਜ਼ ਦਾ ਸਿਰਜਣਹਾਰ ਨਹੀਂ ਮੰਨਿਆ ਜਾ ਸਕਦਾ ਜੋ ਪਹਿਲਾਂ ਮੌਜੂਦ ਸੀ। ਕੁੱਲ ਮਿਲਾ ਕੇ, ਕਿਉਂਕਿ ਹੋਂਦ ਨਾਲ ਸਬੰਧਤ ਸੋਚ ਤਰਕ-ਅਧਾਰਤ ਹੈ, ਇਸ ਲਈ ਪਰਮਾਤਮਾ ਵਿੱਚ ਵਿਸ਼ਵਾਸ ਬੁੱਧ ਦੇ ਬਰਾਬਰ ਦੂਰਦਰਸ਼ੀ ਧੰਮ ਨੂੰ ਸਵੀਕਾਰ ਨਹੀਂ ਹੈ। ਬੁੱਧ ਨੇ ਮੁਕਤੀ ਦੇ ਵੇਦਾਂਤ ਸਿਧਾਂਤ, ਯਾਨੀ ਆਤਮਾ ਦੇ ਬ੍ਰਹਮਾ ਨਾਲ ਅਭੇਦ ਹੋਣ ਦਾ ਵਿਰੋਧ ਕੀਤਾ ਹੈ, ਇਸਨੂੰ ਤਰਕਪੂਰਨ ਕਰਾਰ ਦੇ ਕੇ ਅਤੇ ਮਨੁੱਖੀ ਜੀਵਨ ਨੂੰ ਖੁਸ਼ਹਾਲ ਬਣਾਉਣ ਦੇ ਦ੍ਰਿਸ਼ਟੀਕੋਣ ਤੋਂ ਇਸਨੂੰ ਬੇਕਾਰ ਸਮਝ ਕੇ। ਬ੍ਰਹਮਾ ਬਾਰੇ ਬੁੱਧ ਦੇ ਵਿਚਾਰ ਦੋ ਰਿਸ਼ੀ, ਵਸ਼ਿਸ਼ਟ ਅਤੇ ਭਾਰਦਵਾਜ ਨਾਲ ਉਨ੍ਹਾਂ ਦੇ ਸੰਵਾਦਾਂ ਰਾਹੀਂ ਪ੍ਰਗਟ ਕੀਤੇ ਗਏ ਹਨ। ਆਤਮਾ ਦੀ ਹੋਂਦ ਬਾਰੇ ਬੁੱਧ ਦੇ ਵਿਹਾਰਕ ਇਤਰਾਜ਼ ਉਨ੍ਹਾਂ ਦੇ ਪਰਮਾਤਮਾ ਦੇ ਸੰਕਲਪ ਬਾਰੇ ਇਤਰਾਜ਼ਾਂ ਦੇ ਸਮਾਨ ਹਨ। ਇਸ ਦੇ ਨਾਲ, ਉਹ ਨਾਮ ਅਤੇ ਰੂਪ ਸਿਧਾਂਤ ਦੀ ਮਦਦ ਨਾਲ ਆਤਮਾ ਦੇ ਨਾਮ ਵਿੱਚ ਦਰਸਾਈਆਂ ਗਈਆਂ ਗਤੀਵਿਧੀਆਂ ਦੀ ਵਿਆਖਿਆ ਕਰਦੇ ਹਨ। ਚੇਤਨਾ ਵੀ ਸਰੀਰ ਦੀ ਉਤਪਤੀ ਤੋਂ ਸ਼ੁਰੂ ਹੁੰਦੀ ਹੈ। ਇੱਛੁਕ, ਭਾਵਨਾਤਮਕ ਅਤੇ ਵਿਚਾਰਸ਼ੀਲ ਕਿਰਿਆਵਾਂ ਸਿਰਫ ਚੇਤਨਾ ਦੀਆਂ ਹਨ। ਇਸ ਲਈ, ਆਤਮਾ ਦੇ ਵੱਖਰੇ ਹੋਂਦ ਵਿੱਚ ਵਿਸ਼ਵਾਸ ਕਰਨ ਦੀ ਕੋਈ ਲੋੜ ਨਹੀਂ ਹੈ।

ਇਸ ਤਰ੍ਹਾਂ, ਵੈਦਿਕ ਧਰਮ ਦੇ ਵਿਰੁੱਧ ਬੋਧੀ ਧਰਮ ਨੂੰ ਤਬਾਹ ਕਰਨ ਲਈ, ਬ੍ਰਾਹਮਣਾਂ ਨੇ ਹਰ ਤਰ੍ਹਾਂ ਦੇ ਸਾਧਨ ਵਰਤੇ, ਚੰਗੇ ਜਾਂ ਮਾੜੇ। ਜਿਨ੍ਹਾਂ ਚੀਜ਼ਾਂ ਨੇ ਬੋਧੀ ਧਰਮ ਨੂੰ ਪ੍ਰਸਿੱਧ ਬਣਾਇਆ, ਉਨ੍ਹਾਂ ਨੇ ਉਨ੍ਹਾਂ ਦੀ ਵਰਤੋਂ ਕੀਤੀ ਭਾਵੇਂ ਉਹ ਉਨ੍ਹਾਂ ਦੇ ਪੁਰਾਣੇ ਧਰਮ ਨੂੰ ਸਵੀਕਾਰ ਨਹੀਂ ਸਨ। ਪ੍ਰਚਾਰ ਦੇ ਇਸ ਤਰੀਕੇ ਨੂੰ ਅਪਣਾ ਕੇ, ਉਨ੍ਹਾਂ ਨੇ ਵੇਰੂਲ ਦੀਆਂ ਬੋਧੀ ਗੁਫਾਵਾਂ ਦੇ ਨੇੜੇ ਆਪਣੇ ਬ੍ਰਾਹਮਣ ਧਰਮ ਦੀਆਂ ਗੁਫਾਵਾਂ ਨੂੰ ਉੱਕਰਿਆ। ਦਰਅਸਲ, ਬ੍ਰਾਹਮਣ ਇੱਕ ਗ੍ਰਹਿਸਥੀ ਸੀ। ਅਗਨੀਹੋਤਰ ਉਸਦਾ ਰੋਜ਼ਾਨਾ ਪ੍ਰਣ ਸੀ। ਉਸਨੂੰ ਸੁਧਰੇ ਹੋਏ ਭਿਕਸ਼ੂਆਂ ਵਾਂਗ ਗੁਫਾਵਾਂ ਆਦਿ ਵਿੱਚ ਰਹਿਣ ਦਾ ਕੋਈ ਕਾਰਨ ਨਹੀਂ ਦਿਖਦਾ ਸੀ। ਬੁੱਧ ਨੇ ਬਰਸਾਤ ਦੇ ਮੌਸਮ ਵਿੱਚ ਤਿੰਨ ਮਹੀਨੇ ਸੁਰੱਖਿਅਤ ਜਗ੍ਹਾ ‘ਤੇ ਰਹਿਣ ਦਾ ਹੁਕਮ ਦਿੱਤਾ ਸੀ। ਇਸ ਲਈ ਉਨ੍ਹਾਂ ਨੂੰ ਗੁਫਾਵਾਂ ਦੀ ਲੋੜ ਸੀ। ਘਰ ਵਿੱਚ ਰਹਿਣ ਵਾਲੇ ਬ੍ਰਾਹਮਣ ਨੂੰ ਇਸਦੀ ਲੋੜ ਨਹੀਂ ਸੀ। ਪਰ ਉਪਾਸਕਾਂ ਦਾ ਇੱਕ ਵੱਡਾ ਸਮੂਹ ਬੋਧੀਆਂ ਦੀਆਂ ਗੁਫਾਵਾਂ ਵੱਲ ਆਕਰਸ਼ਿਤ ਹੁੰਦਾ ਹੈ, ਸਿਰਫ ਇਸ ਕਾਰਨ ਕਰਕੇ ਉਨ੍ਹਾਂ ਨੇ ਆਪਣੀਆਂ ਗੁਫਾਵਾਂ ਦੇ ਨੇੜੇ ਆਪਣੀਆਂ ਗੁਫਾਵਾਂ ਨੂੰ ਉੱਕਰਿਆ ਅਤੇ ਉਪਾਸਕਾਂ ਨੂੰ ਆਪਣੇ

“ਇਕੁਐਲਿਟੀ ਐਂਡ ਜਸਟਿਸ” "Equality and Justice" ਸ੍ਵਤੰਤ੍ਰਤਾ, ਸਮਾਨਤਾ, ਭਾਈਚਾਰਾ Rs- 100/month

ਧਰਮ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ। ਹਿੰਦੂ ਵਿਦਵਾਨਾਂ ਅਨੁਸਾਰ, ਬੁੱਧ ਧਰਮ ਦੇ ਪਤਨ ਦਾ ਮੁੱਖ ਕਾਰਨ ਇਹ ਨਹੀਂ ਸੀ ਕਿ ਬੁੱਧ ਧਰਮ ਕੁਮਾਰਿਲ, ਸ਼ੰਕਰਾਚਾਰੀਆ ਆਦਿ ਦੁਆਰਾ ਸ਼ਬਦੀ ਯੁੱਧ ਵਿੱਚ ਹਾਰ ਗਿਆ ਸੀ। ਕਿਉਂਕਿ ਦੋਵਾਂ ਨੇ ਬੁੱਧ ਦੀਆਂ ਸਿੱਖਿਆਵਾਂ ਦੇ ਕੇਂਦਰੀ ਸਿਧਾਂਤ - ਯਾਨੀ ਸਮਾਜਿਕ ਸਮਾਨਤਾ, ਦੁਨੀਆ ਦੇ ਦੁੱਖਾਂ ਤੋਂ ਬਚਣ ਲਈ ਹਰ ਵਿਅਕਤੀ ਦੇ ਮਨ ਵਿੱਚ ਤਬਦੀਲੀ, ਸਮਾਜਿਕ ਜੀਵਨ ਵਿੱਚ ਨੈਤਿਕ ਤੱਤਾਂ ਦੀ ਸਥਾਪਨਾ, ਤਰਕਸ਼ੀਲਤਾ ਆਦਿ ‘ਤੇ ਹਮਲਾ ਨਹੀਂ ਕੀਤਾ। ਇਨ੍ਹਾਂ ਦੋਵਾਂ ਵਿਦਵਾਨਾਂ ਤੋਂ ਬਾਅਦ, ਭਾਰਤ ਵਿੱਚ ਬੁੱਧ ਧਰਮ ਕਈ ਸਾਲਾਂ ਤੱਕ ਵਧਿਆ-ਫੁੱਲਿਆ। ਬੁੱਧ ਧਰਮ ਦੇ ਪਤਨ ਦਾ ਮੁੱਖ ਕਾਰਨ ਵੱਖ-ਵੱਖ ਸਭਿਆਚਾਰਾਂ ਅਤੇ ਵੱਖ-ਵੱਖ ਸੱਭਿਆਚਾਰਕ ਪੱਧਰਾਂ ਦੇ ਲੋਕਾਂ ਦੇ ਆਚਰਣ ਅਤੇ ਵਿਸ਼ਵਾਸਾਂ ਦੀ ਗਲਤ ਪ੍ਰਤੀਕ੍ਰਿਆ ਸੀ ਜਿਨ੍ਹਾਂ ਵਿੱਚ ਇਹ ਫੈਲਿਆ। ਭਾਰਤ ਵਿੱਚ ਬੁੱਧ ਧਰਮ ਨੂੰ ਸਭ ਤੋਂ ਵੱਡਾ ਝਟਕਾ ਇਸਲਾਮੀ ਹਮਲਾ ਸੀ। ਭਾਰਤ ਵੱਲ ਆਉਂਦੇ ਸਮੇਂ ਇਸਲਾਮੀ ਹਮਲਾਵਰਾਂ ਨੂੰ ਮਿਲੇ ਦੂਜੇ ਧਰਮਾਂ ਦੇ ਲੋਕ ਜ਼ਿਆਦਾਤਰ ਬੋਧੀ ਸਨ। ਉਨ੍ਹਾਂ ਦੀ ਭਾਸ਼ਾ ਵਿੱਚ ਮੂਰਤੀ ਨੂੰ ‘ਬੁੱਤ’ ਕਿਹਾ ਜਾਂਦਾ ਸੀ। ਬੁਤਸ਼ਿਕਨ ਦਾ ਅਰਥ ਹੈ ਮੂਰਤੀ ਤੋੜਨ ਵਾਲਾ। ਉਨ੍ਹਾਂ ਦੇ ਅਨੁਸਾਰ, ਇਹ ਗਾਜ਼ੀਪਾਨ ਦੀ ਨਿਸ਼ਾਨੀ ਸੀ। ਬੋਧੀਆਂ ‘ਤੇ ਉਨ੍ਹਾਂ ਦੇ ਹਮਲੇ ਹਿੰਦੂਆਂ ਨਾਲੋਂ ਜ਼ਿਆਦਾ ਹਿੰਸਕ ਅਤੇ ਵਿਨਾਸ਼ਕਾਰੀ ਸਨ। 11ਵੀਂ ਤੋਂ 13ਵੀਂ ਸਦੀ ਤੱਕ ਦੇ ਇਤਿਹਾਸ ਦੇ ਪੰਨੇ ਉਸ ਦੁਆਰਾ ਬੋਧੀ ਭਿਕਸ਼ੂਆਂ ਦੀਆਂ ਹੱਤਿਆਵਾਂ ਕਾਰਨ ਖੂਨ ਨਾਲ ਰੰਗੇ ਹੋਏ ਹਨ। ਉਸਨੇ ਨਾਲੰਦਾ ਵਰਗੀ ਵਿਸ਼ਵ ਪ੍ਰਸਿੱਧ ਬੋਧੀ ਯੂਨੀਵਰਸਿਟੀ ਨੂੰ ਤਬਾਹ ਕਰ ਦਿੱਤਾ। ਹਿੰਦੂਆਂ ਵਾਂਗ, ਬੋਧੀਆਂ ਕੋਲ ਵੀ ਬ੍ਰਾਹਮਣਾਂ ਵਰਗਾ ਵਰਗ ਨਹੀਂ ਸੀ ਜੋ ਪੀੜ੍ਹੀ ਦਰ ਪੀੜ੍ਹੀ ਧਰਮ ਦਾ ਪ੍ਰਚਾਰ ਕਰਨ ਦਾ ਕੰਮ ਕਰਦੇ ਸਨ, ਇਸ ਲਈ ਭਿਕਸ਼ੂਆਂ ਦੇ ਕਤਲ ਤੋਂ ਬਾਅਦ, ਬੁੱਧ ਧਰਮ ਬਹੁਤ ਤੇਜ਼ੀ ਨਾਲ ਅਲੋਪ ਹੋਣ ਲੱਗਾ। ਇਹ ਇਸ ਤੱਥ ਦੀ ਇੱਕ ਉਦਾਹਰਣ ਹੈ ਕਿ ਕਈ ਵਾਰ ਸੱਚ ਵੀ ਹਾਰ ਜਾਂਦਾ ਹੈ। ਪਰ ਅੱਜ, 600 ਸਾਲਾਂ ਬਾਅਦ, ਭਾਰਤ ਬੁੱਧ ਨੂੰ ਯਾਦ ਕਰ ਰਿਹਾ ਹੈ ਅਤੇ ਜੇਕਰ ਇਹ ਅੱਜ ਬੁੱਧ ਦੀਆਂ ਸਿੱਖਿਆਵਾਂ ਨੂੰ ਸਵੀਕਾਰ ਨਹੀਂ ਕਰਦਾ ਹੈ, ਤਾਂ ਇਸਦਾ ਭਵਿੱਖ ਉੱਜਵਲ ਨਹੀਂ ਹੋਵੇਗਾ।

ਭਾਸ਼ਣ ਤੋਂ ਬਾਅਦ, ਡਾ. ਬਾਬਾ ਸਾਹਿਬ ਅੰਬੇਡਕਰ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੁਆਰਾ ਪੁੱਛੇ ਗਏ ਸਾਰੇ ਸਵਾਲਾਂ ਦੇ ਜਵਾਬ ਦਿੱਤੇ। ਉਹ ਸਵਾਲ ਅਤੇ ਜਵਾਬ ਇੱਕ ਵੱਖਰੀ ਰਿਪੋਰਟ ਦਾ ਵਿਸ਼ਾ ਬਣ ਸਕਦੇ ਹਨ। ਇੱਕ ਇਤਿਹਾਸਕ ਵਿਸ਼ਾ ਹੋਣ ਦੇ ਬਾਵਜੂਦ, ਭਾਸ਼ਣ ਕਾਸ਼ੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਇੱਕ ਜਾਗਣ ਦੀ ਘੰਟੀ ਸੀ ਜਿਨ੍ਹਾਂ ਨੂੰ ਇਸਦੇ ਨਵੇਂ ਦ੍ਰਿਸ਼ਟੀਕੋਣ ਕਾਰਨ ਪਿਛਾਖੜੀ ਮੰਨਿਆ ਜਾਂਦਾ ਸੀ।

# ਗੁਜਰਾਤ ਦੇ 27 ਪਿੰਡਾਂ ਵਿੱਚ ਦਲਿਤ ਭਾਈਚਾਰੇ ਦੇ ਕਈ ਪਰਿਵਾਰ ਬਹੁਤ ਸਾਲਾਂ ਤੋਂ ਪੁਲਿਸ ਸੁਰੱਖਿਆ ਹੇਠ ਰਹਿਣ ਲਈ ਮਜਬੂਰ ਕਿਉਂ

## ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਨੇ ਘਟਨਾ ਨੂੰ ਚੁੱਕਿਆ ਸੀ, ਅੱਤਿਆਚਾਰਾਂ ਨੂੰ ਦੇਸ਼ ਭਰ ਵਿੱਚ ਚਰਚਾ ਦਾ ਵਿਸ਼ਾ ਬਣਾਇਆ ਸੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com





ਗੋਪਾਲ ਕਟੇਸੀਆ ਅਤੇ ਤੇਜਸ ਵੈਦਿਆ, ਰੋਲ,ਬੀਬੀਸੀ ਪੱਤਰਕਾਰ

11 ਜੁਲਾਈ 2016 ਨੂੰ, ਗੁਜਰਾਤ ਦੇ ਗਿਰ ਸੋਮਨਾਥ ਜ਼ਿਲ੍ਹੇ ਦੇ ਊਨਾ ਨੇੜੇ ਮੋਟਾ ਸਮਧਿਆਲਾ ਪਿੰਡ ਵਿੱਚ ਦਲਿਤ ਭਾਈਚਾਰੇ ਨਾਲ ਸਬੰਧਿਤ ਵਸ਼ਰਾਮ ਸਰਵਈਆ, ਉਨ੍ਹਾਂ ਦਾ ਛੋਟਾ ਭਰਾ ਰਮੇਸ਼ ਸਰਵਈਆ, ਚਚੇਰਾ ਭਰਾ ਅਸ਼ੋਕ ਸਰਵਈਆ ਅਤੇ ਬੇਚਰ ਸਰਵਈਆ ਇੱਕ ਮਰੀ ਹੋਈ ਗਾਂ ਦੀ ਖੱਲ ਉਤਾਰ ਰਹੇ ਸਨ। ਇਸ ਦੌਰਾਨ ਖੁਦ ਨੂੰ ਗਊ ਰੱਖਿਅਕ ਅਖਵਾਉਣ ਵਾਲਿਆਂ ਨੇ ਉਨ੍ਹਾਂ ‘ਤੇ ਗਊ ਹੱਤਿਆ ਦਾ ਇਲਜ਼ਾਮ ਲਗਾਉਂਦਿਆਂ ਕਥਿਤ ਤੌਰ ‘ਤੇ ਹਮਲਾ ਕੀਤਾ ਕੀਤਾ।

ਜਦੋਂ ਵਸ਼ਰਾਮ ਦੇ ਪਿਤਾ ਬਾਲੂਭਾਈ ਸਰਵਈਆ ਅਤੇ ਮਾਂ ਕੁੰਵਰਬੇਨ ਤੇ ਉਨ੍ਹਾਂ ਦੇ ਦੋ ਰਿਸ਼ਤੇਦਾਰਾਂ ਨੇ ਵਸ਼ਰਾਮ ਅਤੇ ਹੋਰਾਂ ਨੂੰ ਬਚਾਉਣ ਲਈ ਆਏ, ਤਾਂ ਖੁਦ ਨੂੰ ਗਊ ਰੱਖਿਅਕ ਅਖਵਾਉਣ ਵਾਲਿਆਂ ਨੇ ਕਥਿਤ ਤੌਰ ‘ਤੇ ਉਨ੍ਹਾਂ ‘ਤੇ ਵੀ ਹਮਲਾ ਕਰ ਦਿੱਤਾ।

ਇਨ੍ਹਾਂ ਕਥਿਤ ਗਊ ਰੱਖਿਅਕਾਂ ਨੇ ਫਿਰ ਵਸ਼ਰਾਮ, ਰਮੇਸ਼, ਅਸ਼ੋਕ ਅਤੇ ਬੇਚਰ ਨੂੰ ਇੱਕ ਕਾਰ ਵਿੱਚ ਅਗਵਾ ਕਰ ਲਿਆ ਅਤੇ ਉਨ੍ਹਾਂ ਨੂੰ ਊਨਾ ਲੈ ਗਏ, ਰੱਸੀਆਂ ਨਾਲ ਕਾਰ ਨਾਲ ਬੰਨ੍ਹ ਦਿੱਤਾ, ਉਨ੍ਹਾਂ ਨੂੰ ਕੁੱਟਿਆ ਅਤੇ ਊਨਾ ਪੁਲਿਸ ਸਟੇਸ਼ਨ ਦੇ ਨੇੜੇ ਛੱਡ ਦਿੱਤਾ।

ਪੰਜ ਦਿਨਾਂ ਬਾਅਦ, ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਨੇ ਸੰਸਦ ਵਿੱਚ ਇਸ ਘਟਨਾ ਨੂੰ ਚੁੱਕਿਆ, ਜਿਸ ਨਾਲ ਦਲਿਤਾਂ ‘ਤੇ ਹੋਏ ਕਥਿਤ ਅੱਤਿਆਚਾਰਾਂ ਨੂੰ ਦੇਸ਼ ਭਰ ਵਿੱਚ ਚਰਚਾ ਦਾ ਵਿਸ਼ਾ ਬਣਾਇਆ ਗਿਆ।

**ਲੋਕਾਂ ਨੇ ਬੀਬੀਸੀ ਗੁਜਰਾਤੀ ਨੂੰ ਦੱਸਿਆ ਕਿ ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ ਨੇ ਦਲਿਤ ਪਰਿਵਾਰਾਂ ਨੂੰ ਦਿੱਤੀ ਗਈ ਸੁਰੱਖਿਆ ਦੀ ਸਮੀਖਿਆ ਕੀਤੀ ਅਤੇ ਇਸ ਨੂੰ ਹੋਰ ਮਜ਼ਬੂਤ ਕਰਨ ਦਾ ਸੁਝਾਅ ਦਿੱਤਾ।**

ਇਸ ਘਟਨਾ ਨੇ ਗੁਜਰਾਤ ਵਿੱਚ ਦਲਿਤਾਂ ਵਿੱਚ ਗੁੱਸਾ ਪੈਦਾ ਕੀਤਾ, ਜਿਸ ਕਾਰਨ ਕੁਝ ਥਾਵਾਂ ‘ਤੇ ਵਿਰੋਧ ਪ੍ਰਦਰਸ਼ਨ ਅਤੇ ਦੰਗੇ ਹੋਏ, ਜਿਸ ਵਿੱਚ ਇੱਕ ਪੁਲਿਸ ਮੁਲਾਜ਼ਮ ਦੀ ਵੀ ਮੌਤ ਹੋ ਗਈ ਸੀ।

ਗੁਜਰਾਤ ਦੀ ਤਤਕਾਲੀ ਮੁੱਖ ਮੰਤਰੀ ਆਨੰਦੀਬੇਨ ਪਟੇਲ ਤੋਂ ਲੈ ਕੇ ਕਾਂਗਰਸ ਨੇਤਾ ਰਾਹੁਲ ਗਾਂਧੀ ਅਤੇ ਫਿਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਬਾਲੂਭਾਈ, ਵਸ਼ਰਾਮ ਅਤੇ ਹੋਰਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਬਾਰੇ ਗੱਲ ਕੀਤੀ।

ਇਸ ਘਟਨਾ ਨੂੰ ਨੌਂ ਸਾਲ ਹੋ ਗਏ ਹਨ। ਸਰਵਈਆ ਪਰਿਵਾਰ ਦੇ ਮੈਂਬਰ ਕੁਝ ਹੱਦ ਤੱਕ ਆਮ ਜੀਵਨ ਜਿਉਂ ਰਹੇ ਜਾਪਦੇ ਹਨ।

ਇਸ ਵੇਲੇ, ਬਾਲੂਭਾਈ ਆਪਣਾ ਜ਼ਿਆਦਾਤਰ ਸਮਾਂ ਆਪਣੇ ਖੇਤ ਵਿੱਚ ਰੱਖੀਆਂ ਦੋ ਗਾਵਾਂ, ਦੋ ਮੱਝਾਂ, ਦੋ ਗਧਿਆਂ ਅਤੇ ਇੱਕ ਘੋੜੀ ਦੀ ਦੇਖਭਾਲ ਵਿੱਚ ਬਿਤਾਉਂਦੇ ਹਨ।

ਖਬਰ ਦਾ ਬਾਕੀ ਭਾਗ ਸਫਾ 12 ਤੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

# 31 ਮਈ ਲਈ "ਵਿਸ਼ਵ ਤੰਬਾਕੂ ਰਹਿਤ ਦਿਵਸ" ਸਬੰਧੀ ਵਿਸ਼ੇਸ਼

ਕੁਲਦੀਪ ਚੰਦ ਦੋਬੇਟਾ, ਨੇੜੇ ਸਰਕਾਰੀ ਪ੍ਰਾਇਮਰੀ ਸਕੂਲ ਦੋਬੇਟਾ
ਤਹਿਸੀਲ ਨੰਗਲ ਜਿਲ੍ਹਾ ਰੂਪਨਗਰ (ਪੰਜਾਬ) 9417563054



ਵਿਸ਼ਵ ਸਿਹਤ ਸੰਸਥਾ ਵੱਲੋਂ ਹਰ ਸਾਲ 31 ਮਈ ਨੂੰ ਵਿਸ਼ਵ ਤੰਬਾਕੂ ਰਹਿਤ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਮਨਾਉਣ ਦਾ ਉਦੇਸ਼ ਤੰਬਾਕੂ ਦੀ ਵਰਤੋਂ ਦੇ ਵਿਆਪਕ ਪ੍ਰਸਾਰ ਅਤੇ ਇਸਦੇ ਸਿਹਤ ਤੇ ਪੈਣ ਵਾਲੇ ਨਾਕਾਰਾਤਮਕ ਪ੍ਰਭਾਵਾਂ ਵੱਲ ਆਮ ਲੋਕਾਂ ਦਾ ਧਿਆਨ ਆਕਰਸ਼ਿਤ ਕਰਨਾ ਹੈ ਜਿਸ ਕਾਰਨ ਮੋਜੂਦਾ ਸਮੇਂ ਦੁਨੀਆਂ ਵਿੱਚ ਹਰ ਸਾਲ ਲੱਖਾਂ ਵਿਅਕਤੀਆਂ ਦੀਆਂ ਮੋਤਾਂ ਹੁੰਦੀਆਂ ਹਨ ਅਤੇ ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਵਿੱਚ ਗੈਰ ਸਿਗਰਟਨੋਸ਼ੀ ਵਾਲੇ ਵਿਅਕਤੀਆਂ ਦੀ ਵੱਡੀ ਗਿਣਤੀ ਹੈ। ਇਹ ਦਿਨ ਇਹ ਸਮਝਣ ਵਿੱਚ ਮੱਦਦ ਕਰਦਾ ਹੈ ਕਿ ਤੰਬਾਕੂ ਸਿਹਤ ਲਈ ਕਿੰਨਾ ਨੁਕਸਾਨਦੇਹ ਹੈ। ਤੰਬਾਕੂ ਦਾ ਅਰਥ ਹੈ ਸਿਗਰਟ, ਬੀੜੀਆਂ, ਚਬਾਉਣ ਵਾਲਾ ਤੰਬਾਕੂ ਅਤੇ ਤੰਬਾਕੂ ਦੇ ਪੱਤਿਆਂ ਤੋਂ ਬਣੇ ਹੋਰ ਉਤਪਾਦਨ। ਇਸ ਦਿਨ ਨੂੰ ਤੰਬਾਕੂ ਵਿਰੋਧੀ ਦਿਵਸ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਲੋਕਾਂ ਨੂੰ ਤੰਬਾਕੂ ਦੀ ਵਰਤੋਂ ਬੰਦ ਕਰਨ ਅਤੇ ਸਿਹਤਮੰਦ ਜੀਵਨ ਜਿਉਣ ਲਈ ਉਤਸ਼ਾਹਿਤ ਕਰਦਾ ਹੈ। ਵਿਸ਼ਵ ਸਿਹਤ ਸੰਗਠਨ ਅਨੁਸਾਰ ਹਰ ਸਾਲ ਤੰਬਾਕੂ ਕਾਰਨ ਲਗਭਗ 8.7 ਮਿਲੀਅਨ ਲੋਕ ਮਰਦੇ ਹਨ। ਤੰਬਾਕੂ ਦੀ ਵਰਤੋਂ ਵਿਸ਼ਵ ਪੱਧਰ ਤੇ ਜਨਤਕ ਸਿਹਤ ਲਈ ਇੱਕ ਵੱਡਾ ਖਤਰਾ ਹੈ। ਧੂੰਆਂ ਰਹਿਤ ਤੰਬਾਕੂ ਵਰਤਣ ਵਾਲੇ ਸਭ ਤੋਂ ਪਹਿਲਾਂ ਘਾਤਕ ਬਿਮਾਰੀਆਂ ਅਤੇ ਜਲਦੀ ਮੌਤ ਦਾ ਸ਼ਿਕਾਰ ਹੁੰਦੇ ਹਨ, ਦੂਜਾ ਤੰਬਾਕੂ ਵਰਤਣ ਵਾਲੇ ਬਹੁਤੇ ਉਪਭੋਗਤਾਵਾਂ ਵਿੱਚ ਜਨਤਕ ਥਾਵਾਂ ਤੇ ਥੁੱਕਣ ਦੀ ਪ੍ਰਵਿਰਤੀ ਹੁੰਦੀ ਹੈ ਅਤੇ ਇਹ ਛੂਤ ਦੀਆਂ ਬਿਮਾਰੀਆਂ ਫੈਲਾਕੇ ਸਿਹਤ ਦੇ ਜੋਖਮਾਂ ਨੂੰ ਹੋਰ ਵਧਾਉਂਦਾ ਹੈ। ਜੇਕਰ ਭਾਰਤ ਵਿੱਚ ਤੰਬਾਕੂ ਦੀ ਵਰਤੋਂ ਦਾ ਪਿਛੋਕੜ ਵੇਖੀਏ ਤਾਂ ਮੁਗਲਕਾਲ ਦੇ ਸਮੇਂ 17ਵੀਂ ਸਦੀ ਵਿੱਚ ਪੱਛਮ ਤੋਂ ਆਏ ਤੰਬਾਕੂ ਨੇ ਭਾਰਤੀਆ ਨੂੰ ਅਜਿਹਾ ਜਕੜ੍ਹਿਆ ਕਿ ਅੱਜ ਬਹੁਤੀ ਆਬਾਦੀ ਕਿਸੇ ਨਾਂ ਕਿਸੇ ਰੂਪ ਵਿੱਚ ਤੰਬਾਕੂ ਦਾ ਸੇਵਨ ਕਰਦੀ ਹੈ। ਤੰਬਾਕੂ ਵਿੱਚ ਲਗਭੱਗ 4000 ਹਜ਼ਾਰ ਤੋਂ ਵੱਧ ਨਿਕੋਟੀਨ, ਅਮੋਨੀਆਂ, ਆਰਸੈਨਿਕ, ਕਾਰਬਨ ਮੋਨੋਆਕਸਾਈਡ, ਹਾਈਡਰੋਜਨ ਸਾਈਆਨਾਈਡ, ਨੈਪਥਾਲੀਨ, ਤਾਰਕੋਲ, ਰੇਡੀਓਐਕਟਿਵ ਤੱਤ ਆਦਿ ਜ਼ਹਿਰੀਲੇ ਤੱਤ ਹਨ ਜੋ ਕਈ ਗੰਭੀਰ ਬਿਮਾਰੀਆਂ ਦਾ ਕਾਰਨ ਬਣਦੇ ਹਨ। ਤੰਬਾਕੂ ਕਈ ਕਿਸਮਾਂ ਖੈਣੀ, ਜ਼ਰਦਾ, ਗੁਟਕਾ, ਪਾਨ ਮਸਾਲਾ, ਸਿਗਰਟ ਅਤੇ ਬੀੜੀ ਆਦਿ ਦੇ ਰੂਪ ਵਿੱਚ ਮਿਲਦਾ ਹੈ। ਸਿਗਰਟ ਜਾਂ ਬੀੜੀ ਪੀਣ ਵਾਲੇ ਲੋਕਾਂ ਵੱਲੋਂ ਛੱਡੇ ਗਏ ਧੂਏਂ ਦਾ ਜੋ ਕਿ ਸਿਗਰਟ ਜਾਂ ਬੀੜੀ ਨਹੀਂ ਪੀਂਦੇ ਉਹਨਾਂ ਦੀ ਸਿਹਤ ਤੇ ਵੀ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ। ਕੈਂਸਰ ਦੀਆਂ ਵੱਖ-ਵੱਖ ਕਿਸਮਾਂ ਵਿਚੋਂ ਬਹੁਤੀਆਂ ਦਾ ਕਾਰਨ ਤੰਬਾਕੂ ਹੀ ਹੈ। ਹਰ ਸਾਲ ਲਗਭੱਗ 3,00,000 ਲੋਕ ਤੰਬਾਕੂ ਕਾਰਨ ਇਹ ਅਲਾਮਤ ਸਹੇੜਦੇ ਹਨ ਜਦ ਕਿ ਛਾਤੀ ਦੇ ਕੈਂਸਰ ਦੇ ਕਰੀਬ 80,000 ਕੇਸ ਪ੍ਰਤੀ ਸਾਲ ਮਿਲ ਰਹੇ ਹਨ ਤੇ ਬੱਚੇਦਾਨੀ ਨਾਲ ਸਬੰਧਤ ਅਤੇ ਹੋਰ ਕਿਸਮਾਂ ਦੇ ਕੈਂਸਰ ਦੇ ਕਰੀਬ 1,00,000 ਕੇਸ ਸਾਲਾਨਾ ਹਨ। ਤੰਬਾਕੂ ਨਾਲ ਭਾਰਤ ਵਿੱਚ ਰੋਜ਼ਾਨਾ ਲੱਗਭੱਗ 3500 ਲੋਕਾਂ ਦੀ ਮੌਤ ਹੁੰਦੀ ਹੈ ਅਤੇ ਤੰਬਾਕੂ ਦੀ ਵਰਤੋਂ ਕਾਰਨ ਭਾਰਤ ਵਿੱਚ ਸਿਰ, ਗਲਾ ਅਤੇ ਫੇਫੜਿਆਂ ਦੇ ਸਭ ਤੋਂ ਵੱਧ ਕੈਂਸਰ ਕੇਸ ਹੁੰਦੇ ਹਨ। ਕੈਂਸਰ ਦੇ ਸਮੁੱਚੇ ਕੇਸਾਂ ਵਿੱਚੋਂ 40 ਫਿਸਦੀ ਤੰਬਾਕੂ ਕਾਰਨ ਹੁੰਦੇ ਹਨ। ਤੰਬਾਕੂ ਪੀਣ ਵਾਲੇ 89 ਫਿਸਦੀ ਵਿਅਕਤੀ 18 ਸਾਲ ਦੀ ਉਮਰ ਤੱਕ ਇਸ ਦੇ ਆਦੀ ਹੋ ਜਾਂਦੇ ਹਨ। ਤੰਬਾਕੂ ਪੀਣ ਵਾਲੇ 50 ਫਿਸਦੀ ਤੋਂ ਵੱਧ ਨੌਜੁਆਨ ਤੰਬਾਕੂ ਕਾਰਨ ਹੋਣ ਵਾਲੀਆਂ ਬੀਮਾਰੀਆਂ ਕਾਰਨ ਮਰਦੇ ਹਨ। ਤੰਬਾਕੂ ਦੀ ਵਰਤੋਂ ਨਾ ਕਰਨ ਵਾਲੇ ਦੇ ਮੁਕਾਬਲੇ ਵਰਤੋਂ ਕਰਨ ਵਾਲੇ ਦੀ ਜ਼ਿੰਦਗੀ 22 ਤੋਂ 26 ਸਾਲ ਤੱਕ ਘੱਟ ਜਾਂਦੀ ਹੈ। ਤੰਬਾਕੂ ਦੀ ਵਰਤੋਂ ਮੂੰਹ, ਗਲਾ, ਫੇਫੜਿਆਂ, ਘੰਡੀ ਭੋਜਨ-ਨਲੀ, ਪਿਸ਼ਾਬ ਦਾ ਬਲੈਡਰ, ਗੁਰਦਾ ਅਤੇ ਗਰਦਨ ਆਦਿ ਦੇ ਕੈਂਸਰ ਦਾ ਕਾਰਨ ਬਣਦੀ ਹੈ। ਤੰਬਾਕੂ ਕਾਰਨ ਸਾਹ ਨਲੀ ਦੀ ਸੋਜ ਅਤੇ ਪੇਟ ਗੈਸ ਹੁੰਦੀ ਹੈ ਜਿਸ ਨਾਲ ਸਾਹ ਲੈਣ ਵਿੱਚ ਰੁਕਾਵਟ ਪੈਦਾ ਹੁੰਦੀ ਹੈ। ਤੰਬਾਕੂ ਨਾਲ ਦਿਲ ਅਤੇ ਖੂਨ ਦੀਆਂ ਬੀਮਾਰੀਆਂ ਵਿੱਚ ਵਾਧਾ ਹੁੰਦਾ ਹੈ। ਤੰਬਾਕੂ ਕਾਰਨ ਹੋਣ ਵਾਲੀਆਂ ਜ਼ਿਆਦਾ ਮੌਤਾਂ ਦਿਲ ਦੇ ਦੌਰੇ ਨਾਲ ਹੁੰਦੀਆਂ ਹਨ। ਤੰਬਾਕੂ ਪੀਣ ਵਾਲੇ ਦੇ ਧੂੰਏ ਤੇ ਦੂਜੇ ਲੋਕਾਂ ਨੂੰ ਫੇਫੜਿਆਂ ਅਤੇ ਨੱਕ ਦੀ ਸਾਹ ਨਲੀ ਦਾ ਕੈਂਸਰ, ਦਿਲ ਦਾ ਦੋਰਾ, ਅੱਖਾਂ-ਨੱਕ ਤੇ ਗਲੇ ਵਿੱਚ ਜਲਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਤੰਬਾਕੂ ਦਾ ਧੂੰਆਂ ਬੱਚਿਆਂ ਲਈ ਬਹੁਤ ਹਾਨੀਕਾਰਕ ਹੈ। ਇਸ ਨਾਲ ਨਮੋਨੀਆ ਅਤੇ ਸਾਹ ਦੀ ਨਲੀ ਦੀ ਸੋਜ, ਦਮਾ, ਫੇਫੜਿਆਂ ਦੇ ਵਿਕਾਸ ਵਿੱਚ ਕਮੀ, ਜਨਮ ਵੇਲੇ ਬੱਚਿਆਂ ਦੇ ਵਜ਼ਨ ਦੀ ਕਮੀ, ਅਚਾਨਕ ਮੌਤ ਅਤੇ ਕਈ ਹੋਰ ਪੇਚੀਦਗੀਆ ਪੈਦਾ ਹੋ ਸਕਦੀਆਂ ਹਨ। ਇਸ ਗੰਭੀਰ ਸਮੱਸਿਆ ਨੂੰ ਵੇਖਦੇ ਹੋਏ ਵਿਸ਼ਵ ਸਿਹਤ ਸਗੰਠਨ ਦੀ ਅਸੈਂਬਲੀ ਨੇ ਮਤਾ ਨੰਬਰ 40.38 ਪਾਸ ਕੀਤਾ ਜਿਸ ਵਿੱਚ 07 ਅਪ੍ਰੈਲ 1988 ਨੂੰ ਸਿਗਰਟਨੋਸ਼ੀ ਨਾਂ ਕਰਨ ਵਾਲਾ ਇੱਕ ਸੰਸਾਰ ਕਿਹਾ ਗਿਆ। ਇਸ ਦਿਨ ਦਾ ਉਦੇਸ਼ ਤੰਬਾਕੂ ਦੀ ਵਰਤੋਂ ਕਰਨ ਵਾਲਿਆਂ ਨੂੰ 24 ਘੰਟੇ ਲਈ ਤੰਬਾਕੂ ਉਤਪਾਦਨਾ ਦੀ ਵਰਤੋਂ ਕਰਨ ਤੋਂ ਰੋਕਣ ਦੀ ਅਪੀਲ ਕਰਨਾ ਸੀ। 1988 ਵਿੱਚ ਵਿਸ਼ਵ ਸਿਹਤ ਅਸੈਂਬਲੀ ਵਲੋਂ ਮਤਾ ਨੰਬਰ 42.19 ਪਾਸ ਕੀਤਾ ਗਿਆ ਅਤੇ ਹਰ ਸਾਲ 31 ਮਈ ਦਾ ਦਿਹਾੜਾ "ਵਿਸ਼ਵ ਤੰਬਾਕੂ ਰਹਿਤ ਦਿਵਸ" ਵਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ। ਇਸ ਸਾਲ ਵਿਸ਼ਵ ਤੰਬਾਕੂ ਰਹਿਤ ਦਿਵਸ 31 ਮਈ ਨੂੰ "ਅਪੀਲ ਨੂੰ ਉਜਾਗਰ ਕਰਨਾ" ਥੀਮ ਨਾਲ ਮਨਾਇਆ




ਜਾਵੇਗਾ। ਇਹ ਥੀਮ ਇਸ ਗੱਲ ਤੇ ਕੇਂਦ੍ਰਿਤ ਹੈ ਕਿ ਤੰਬਾਕੂ ਕੰਪਨੀਆਂ ਨੌਜਵਾਨਾਂ ਨੂੰ ਕਿਵੇਂ ਭਰਮਾਉਂਦੀਆਂ ਹਨ। ਉਹ ਤੰਬਾਕੂ ਨੂੰ ਮਜ਼ੇਦਾਰ ਬਣਾਉਣ ਲਈ ਮਿੱਠੇ ਸੁਆਦਾਂ, ਰੰਗੀਨ ਪੈਕੇਜਿੰਗ ਅਤੇ ਝੂਠੇ ਇਸ਼ਤਿਹਾਰਾਂ ਦੀ ਵਰਤੋਂ ਕਰਦੀਆਂ ਹਨ। ਇਹ ਕੰਪਨੀਆਂ ਬੱਚਿਆਂ ਅਤੇ ਕਿਸ਼ੋਰਾਂ ਨੂੰ ਤੰਬਾਕੂ ਦੀ ਵਰਤੋਂ ਸ਼ੁਰੂ ਕਰਨ ਦੀ ਕੋਸ਼ਿਸ਼ ਕਰਦੀਆਂ ਹਨ ਤਾਂ ਜੋ ਉਹ ਜੀਵਨ ਭਰ ਗਾਹਕ ਬਣ ਸਕਣ। ਇਸ ਸਾਲ ਦਾ ਥੀਮ ਸਾਨੂੰ ਇਨ੍ਹਾਂ ਕੰਪਨੀਆਂ ਦੀਆਂ ਚਾਲਾਂ ਨੂੰ ਦੇਖਣਾ ਅਤੇ ਸ਼ੁਰੂ ਤੋਂ ਹੀ ਤੰਬਾਕੂ ਨੂੰ ਨਾਂਹ ਕਹਿਣਾ ਸਿਖਾਉਂਦਾ ਹੈ। ਦੁਨੀਆ ਭਰ ਵਿੱਚ ਹਰ ਸਾਲ ਲਗਭਗ 3.5 ਮਿਲੀਅਨ ਹੈਕਟੇਅਰ ਜ਼ਮੀਨ ਤੰਬਾਕੂ ਉਗਾਉਣ ਲਈ ਵਰਤੀ ਜਾਂਦੀ ਹੈ। ਵੱਧ ਰਹੀ ਤੰਬਾਕੂ ਦੀ ਮੰਗ ਦੀ ਪੂਰਤੀ ਲਈ ਹਰ ਸਾਲ ਲੱਗਭੱਗ 200000 ਹੈਕਟੇਅਰ ਜੰਗਲਾਂ ਦੀ ਕਟਾਈ ਕਰਨੀ ਪੈਂਦੀ ਹੈ। ਤੰਬਾਕੂ ਉਗਾਉਣ ਲਈ ਕੀਟਨਾਸ਼ਕਾਂ ਅਤੇ ਖਾਦਾਂ ਦੀ ਵਰਤੋਂ ਦੀ ਲੋੜ ਹੁੰਦੀ ਹੈ ਜੋ ਧਰਤੀ ਨੂੰ ਨੁਕਸਾਨ ਪਹੁੰਚਾਂਦੇ ਹਨ। ਤੰਬਾਕੂ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵੀ ਘਟਾਉਂਦਾ ਹੈ ਅਤੇ ਤੰਬਾਕੂ ਦੇ ਖੇਤਾਂ ਵਿੱਚ ਮਾਰੂਥਲੀਕਰਨ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ। ਤੰਬਾਕੂ ਦੇ 10 ਸਭ ਤੋਂ ਵੱਡੇ ਕਾਸ਼ਤਕਾਰਾਂ ਵਿੱਚੋਂ 9 ਘੱਟ ਅਤੇ ਮੱਧ-ਆਮਦਨ ਵਾਲੇ ਦੇਸ਼ ਹਨ ਅਤੇ ਇਹਨਾਂ ਵਿੱਚੋਂ 4 ਨੂੰ ਘੱਟ ਆਮਦਨੀ ਵਾਲੇ ਭੋਜਨ-ਘਾਟੇ ਵਾਲੇ ਦੇਸ਼ਾਂ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ। ਭਾਰਤ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਹੈ ਜਿੱਥੇ ਤੰਬਾਕੂ ਉਪਭੋਗਤਾਵਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਭਾਰਤ ਵਿੱਚ ਬਹੁਤ ਸਾਰੇ ਲੋਕ ਬੀੜੀਆਂ-ਸਿਗਰਟਾਂ ਪੀਂਦੇ ਹਨ, ਗੁਟਕਾ ਚਬਾਉਂਦੇ ਹਨ ਜਾਂ ਹੁੱਕਾ ਵਰਤਦੇ ਹਨ। ਭਾਰਤ ਵਿੱਚ ਹਰ ਸਾਲ ਤੰਬਾਕੂ ਕਾਰਨ 13 ਲੱਖ ਤੋਂ ਵੱਧ ਮੌਤਾਂ ਹੁੰਦੀਆਂ ਹਨ। ਇਸਦਾ ਮਤਲਬ ਹੈ ਕਿ ਤੰਬਾਕੂ ਨਾਲ ਸਬੰਧਤ ਬਿਮਾਰੀਆਂ ਕਾਰਨ ਹਰ ਰੋਜ਼ ਲਗਭਗ 3,500 ਲੋਕ ਮਰਦੇ ਹਨ। ਤੰਬਾਕੂ ਦੀ ਵਰਤੋਂ ਨਾ ਸਿਰਫ਼ ਲੋਕਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ ਬਲਕਿ ਦੇਸ਼ ਦੀ ਆਰਥਿਕਤਾ ਨੂੰ ਵੀ ਪ੍ਰਭਾਵਿਤ ਕਰਦੀ ਹੈ। ਵਿਸ਼ਵ ਸਿਹਤ ਸੰਗਠਨ ਦੇ ਇੱਕ ਅਧਿਐਨ ਅਨੁਸਾਰ ਭਾਰਤ ਵਿੱਚ ਤੰਬਾਕੂ ਦੀ ਵਰਤੋਂ ਨਾਲ ਹਰ ਸਾਲ ਲੱਗਭੱਗ 1.77 ਲੱਖ ਕਰੋੜ ਦਾ ਨੁਕਸਾਨ ਹੁੰਦਾ ਹੈ ਜੋਕਿ ਕੁੱਲ ਆਮਦਨ ਦੇ 1% ਦੇ ਬਰਾਬਰ ਹੈ। ਇਨ੍ਹਾਂ ਮਾਰੂ ਪ੍ਰਭਾਵਾਂ ਨੂੰ ਵੇਖਦਿਆਂ ਹੀ ਭਾਰਤ ਸਰਕਾਰ ਨੇ 2003 ਵਿੱਚ ਤੰਬਾਕੂ ਨਿਯੰਤਰਣ ਐਕਟ ਲਾਗੂ ਕੀਤਾ ਹੈ ਜਿਸ ਅਨੁਸਾਰ ਤੰਬਾਕੂ ਅਤੇ ਤੰਬਾਕੂ ਉਤਪਾਦਾਂ ਦੇ ਵਿਉਪਾਰ, ਪ੍ਰਚਾਰ ਆਦਿ ਤੇ ਨਿਯੰਤਰਣ ਕੀਤਾ ਗਿਆ ਹੈ। ਇਸ ਐਕਟ ਵਿੱਚ ਸਮੇਂ-ਸਮੇਂ ਤੇ ਸੋਧ ਕੀਤੀ ਗਈ ਹੈ। ਇਸ ਐਕਟ ਅਨੁਸਾਰ ਕਿਸੇ ਵੀ ਤੰਬਾਕੂ ਉਤਪਾਦਨ ਦਾ ਪ੍ਰਚਾਰ ਨਹੀਂ ਕੀਤਾ ਜਾਵੇਗਾ। ਵਿੱਦਿਅਕ ਅਦਾਰਿਆਂ ਦੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦਨ ਨਹੀਂ ਵੇਚੇ ਜਾ ਸਕਦੇ ਹਨ, ਨਾਬਾਲਗ ਬੱਚਿਆਂ ਨੂੰ ਤੰਬਾਕੂ ਉਤਪਾਦਨ ਵੇਚਣਾ ਕਾਨੂੰਨਨ ਜੁਰਮ ਕਰਾਰ ਦਿਤਾ ਗਿਆ ਹੈ, ਤੰਬਾਕੂ ਉਤਪਾਦਨਾ ਸਬੰਧੀ ਸੱਖਤ ਨਿਯਮ ਬਣਾਏ ਗਏ ਹਨ। ਭਾਰਤ ਸਰਕਾਰ ਨੇ 11ਵੀਂ ਪੰਜ ਸਾਲਾ ਯੋਜਨਾ ਦੌਰਾਨ ਸਾਲ 2007- 08 ਵਿੱਚ ਰਾਸ਼ਟਰੀ ਤੰਬਾਕੂ ਕੰਟਰੋਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਜਿਸਦਾ ਉਦੇਸ਼ ਤੰਬਾਕੂ ਦੇ ਸੇਵਨ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਤੰਬਾਕੂ ਉਤਪਾਦਨ ਨੂੰ ਘਟਾਉਣਾ ਹੈ। ਤੰਬਾਕੂ ਉਤਪਾਦਾਂ ਦੀ ਸਪਲਾਈ, ਸਿਗਰੇਟ ਅਤੇ ਹੋਰ ਤੰਬਾਕੂ ਉਤਪਾਦ (ਵਪਾਰ ਅਤੇ ਵਣਜ, ਉਤਪਾਦਨ, ਸਪਲਾਈ ਅਤੇ ਵੰਡ) ਐਕਟ 2003 ਅਧੀਨ ਉਪਬੰਧਾਂ ਦੇ ਪ੍ਰਭਾਵੀ ਅਮਲ ਨੂੰ ਯਕੀਨੀ ਬਣਾਉਣਾ ਹੈ। ਤੰਬਾਕੂ ਦੀ ਵਰਤੋਂ ਛੱਡਣ ਵਿੱਚ ਲੋਕਾਂ ਦੀ ਮੱਦਦ ਕਰਨਾ ਅਤੇ ਤੰਬਾਕੂ ਨਿਯੰਤਰਣ ਦੇ ਵਿਸ਼ਵ ਸਿਹਤ ਸੰਸਥਾ ਫਰੇਮਵਰਕ ਕਨਵੈਨਸ਼ਨ ਦੁਆਰਾ ਵਕਾਲਤ ਕੀਤੇ ਤੰਬਾਕੂ ਦੀ ਰੋਕਥਾਮ ਅਤੇ ਨਿਯੰਤਰਣ ਲਈ ਰਣਨੀਤੀਆਂ ਨੂੰ ਲਾਗੂ ਕਰਨ ਵਿੱਚ ਸਹਾਇਤਾ ਕਰਨਾ ਹੈ। 02 ਅਕਤੂਬਰ 2008 ਤੋਂ ਜਨਤਕ ਸਥਾਨਾਂ ਤੇ ਸਿਗਰਟਨੋਸ਼ੀ ਤੇ ਮੁਕੰਮਲ ਪਬੰਦੀ ਲਗਾਈ ਗਈ ਹੈ ਅਤੇ ਅਜਿਹਾ ਕਰਨ ਵਾਲ਼ਿਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਸਰਕਾਰ ਵਲੋਂ ਤੰਬਾਕੂ ਦੀ ਵਰਤੋਂ ਕਾਰਨ ਪੈਦਾ ਹੋ ਰਹੀਆਂ ਸਮੱਸਿਆਵਾਂ ਨਾਲ ਨਜਿੱਠਣ ਲਈ ਰਾਸ਼ਟਰ ਪੱਧਰ ਤੇ ਤੰਬਾਕੂ ਨਿਯੰਤਰਣ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ ਜੋਕਿ ਹੁਣ ਸਾਰੇ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਲਾਗੂ ਕੀਤਾ ਗਿਆ ਹੈ। ਤੰਬਾਕੂ ਉਤਪਾਦਾਂ ਦੇ ਪੈਕ ਦੇ ਮੁੱਖ ਡਿਸਪਲੇ ਖੇਤਰ ਦੇ ਦੋਵੇਂ ਪਾਸੇ 85% ਨੂੰ ਕਵਰ ਕਰਨ ਵਾਲੇ ਉਤਪਾਦਾਂ ਤੇ ਵੱਡੀਆਂ ਵਿਸ਼ੇਸ਼ ਸਿਹਤ ਚੇਤਾਵਨੀਆਂ ਅਤੇ ਤੰਬਾਕੂ ਉਪਭੋਗਤਾਵਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਵਿਸ਼ੇਸ਼ ਸਿਹਤ ਚੇਤਾਵਨੀਆਂ ਵਿੱਚ ਹੈਲਪਲਾਇਨ ਨੰਬਰ 1800112356 ਸ਼ਾਮਲ ਕਰਨਾ ਅਤੇ ਉਹਨਾਂ ਨੂੰ ਸਲਾਹ ਸੇਵਾਵਾਂ ਤੱਕ ਪਹੁੰਚ ਪ੍ਰਦਾਨ ਕਰਨਾ ਹੈ। ਰਾਸ਼ਟਰੀ ਤੰਬਾਕੂ ਟੈਸਟਿੰਗ ਲੈਬਾਰਟਰੀਆਂ ਦੀ ਸਥਾਪਨਾ ਕੀਤੀ ਗਈ ਹੈ। ਗਲੋਬਲ ਬਾਲਗ ਤੰਬਾਕੂ ਸਰਵੇਖਣ ਅਨੁਸਾਰ ਪੰਜਾਬ ਵਿੱਚ 13.6% ਮਰਦ, 0.4% ਔਰਤਾਂ ਅਤੇ ਸਾਰੇ ਬਾਲਗਾਂ ਵਿੱਚੋਂ 7.3% ਇਸ ਵੇਲੇ ਤੰਬਾਕੂ ਪੀਂਦੇ ਹਨ। 15.0% ਮਰਦ, 0.3% ਔਰਤਾਂ ਅਤੇ 8.0% ਸਾਰੇ ਬਾਲਗ ਇਸ ਵੇਲੇ ਧੂੰਆਂ ਰਹਿਤ ਤੰਬਾਕੂ ਦੀ ਵਰਤੋਂ ਕਰਦੇ ਹਨ। 25.3% ਮਰਦ, 0.5% ਔਰਤਾਂ ਅਤੇ ਸਾਰੇ ਬਾਲਗਾਂ ਵਿੱਚੋਂ 13.4% ਜਾਂ ਤਾਂ ਤੰਬਾਕੂ ਪੀਂਦੇ ਹਨ ਜਾਂ ਧੂੰਆਂ ਰਹਿਤ ਤੰਬਾਕੂ ਦੀ ਵਰਤੋਂ ਕਰਦੇ ਹਨ। ਪੰਜਾਬ ਸਰਕਾਰ ਵਲੋਂ ਰਾਜ ਪੱਧਰ ਅਤੇ ਜਿਲ੍ਹਾ ਪੱਧਰ ਤੇ ਤੰਬਾਕੂ ਨਿਯੰਤਰਣ ਸੈਲ ਬਣਾਏ ਗਏ ਹਨ। ਇਸ ਸਬੰਧੀ ਇੱਕ ਕਮੇਟੀ ਬਣਾਈ ਗਈ ਹੈ ਜਿਸ ਵਿੱਚ ਸਿਹਤ ਵਿਭਾਗ, ਵਿੱਤ ਵਿਭਾਗ, ਲੇਬਰ ਵਿਭਾਗ, ਕਾਮਰਸ, ਗ੍ਰਹਿ ਵਿਭਾਗ, ਲੋਕ ਸੰਪਰਕ ਵਿਭਾਗ, ਸਿਖਿਆ ਵਿਭਾਗ, ਕਾਨੂੰਨ ਅਤੇ ਖੇਤੀਬਾੜੀ ਵਿਭਾਗ ਤੋਂ ਇਲਾਵਾ ਗੈਰ ਸਰਕਾਰੀ ਸੰਸਥਾਵਾਂ ਦੇ ਨੁੰਮਾਇਦੇ ਨੌਜਵਾਨ ਆਦਿ ਸ਼ਾਮਿਲ ਕੀਤੇ ਗਏ ਹਨ। ਇਸ ਐਕਟ ਦੀ ਉਲੰਘਣਾ ਕਰਕੇ ਵਪਾਰ ਕਰਨ ਅਤੇ ਉਤਪਾਦਨ ਵੇਚਣ ਵਾਲੇ ਵਿਅਕਤੀ ਨੂੰ ਪਹਿਲੀ ਵਾਰ 2 ਸਾਲ ਤੱਕ ਦੀ ਸਜਾ ਅਤੇ 1000/- ਰੁਪਏ ਜੁਰਮਾਨਾ ਹੋ ਸਕਦਾ ਹੈ ਅਤੇ ਦੁਬਾਰਾ ਪਕੜੇ ਜਾਣ ਤੇ 5 ਸਾਲ ਤੱਕ ਦੀ ਕੈਦ ਅਤੇ 5000/- ਰੁਪਏ ਜੁਰਮਾਨਾ ਹੋ ਸਕਦਾ ਹੈ। ਇਸ ਕਾਨੂੰਨ ਅਨੁਸਾਰ ਜਨਤਕ ਥਾਵਾਂ ਤੇ ਸਿਗਰਟਨੋਸ਼ੀ ਕਰਨ ਵਾਲੇ ਵਿਅਕਤੀ ਨੂੰ 200/- ਰੁਪਏ ਜੁਰਮਾਨਾ ਹੋ ਸਕਦਾ ਹੈ। ਇਸ ਐਕਟ ਅਨੁਸਾਰ ਪੰਜਾਬ ਸਰਕਾਰ ਨੇ ਕਾਰਵਾਈ ਕਰਦੇ ਹੋਏ ਨੋਟੀਫਿਕੇਸ਼ਨ ਨੰਬਰ 21/51/95-5 ਐਚ ਬੀ ਵੀ /1022 ਮਿਤੀ 24 ਮਈ 2010 ਨੂੰ ਜਾਰੀ ਕੀਤੀ ਗਈ ਹੈ ਜਿਸ ਅਨੁਸਾਰ ਇਸ ਐਕਟ ਅਧੀਨ ਲੱਗਭੱਗ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਕਾਰਵਾਈ ਕਰਨ ਦੇ ਅਧਿਕਾਰ ਦਿਤੇ ਹਨ। ਇਸ ਅਨੁਸਾਰ ਰਾਜ ਦੇ ਸਮੂਹ ਡਿਪਟੀ ਕਮਿਸਨਰਾਂ ਅਤੇ ਸਿਵਲ ਸਰਜਨਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਕਿਸੇ ਵੀ ਵਿੱਦਿਅਕ ਅਦਾਰੇ ਦੇ 100 ਗਜ਼ ਦੇ ਘੇਰੇ ਵਿੱਚ ਆਂਦੇ ਤੰਬਾਕੂ ਉਤਪਾਦਨ ਵੇਚਣ ਵਾਲ਼ੀਆਂ ਦੁਕਾਨਾ ਹਟਾ ਦਿੱਤੀਆਂ ਗਈਆਂ ਹਨ ਅਤੇ ਉਹ ਤੰਬਾਕੂ ਉਤਪਾਦਾਂ ਦੀ ਵਿਕਰੀ ਸਬੰਧੀ ਮਨਾਹੀ ਬੌਰਡ ਲਗਾਉਣੇ ਯਕੀਨੀ ਬਣਾਉਣ। ਇਸ ਸਬੰਧੀ ਹੋਰ ਕਾਰਵਾਈ ਕਰਦਿਆਂ ਪੰਜਾਬ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੇ ਫੂਡ ਸੇਫਟੀ ਕਮਿਸ਼ਨਰ ਕਮ ਸਕੱਤਰ ਨੇ ਪੱਤਰ ਨੰਬਰ 11/10/12-3 ਐਚ ਬੀ 4/2524 ਮਿਤੀ 05.09.2012 ਰਾਹੀਂ ਨੋਟੀਫਿਕੇਸ਼ਨ ਜਾਰੀ ਕਰਕੇ ਤੰਬਾਕੂ, ਪਾਨ ਮਸਾਲਾ ਅਤੇ ਨਿਕੋਟੀਨ ਯੁਕਤ ਪਦਾਰਥਾਂ ਦੇ ਉਤਪਾਦਨ, ਸਟੋਰ ਕਰਨ ਅਤੇ ਵਿਕਰੀ ਕਰਨ ਤੇ ਪਾਬੰਦੀ ਲਗਾ ਦਿੱਤੀ ਹੈ। ਪੰਜਾਬ ਨੂੰ ਤੰਬਾਕੂ ਮੁਕਤ ਰਾਜ ਬਣਾਉਣ ਦੀ ਮੁਹਿੰਮ ਅਧੀਨ 31 ਮਈ 2011 ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ਨੂੰ ਪੰਜਾਬ ਦਾ ਪਹਿਲਾਂ ਮਾਡਲ ਸਮੋਕ ਫਰੀ ਜ਼ਿਲ੍ਹਾ ਐਲਾਨ ਕਰ ਦਿੱਤਾ ਗਿਆ ਸੀ ਅਤੇ ਮਿਤੀ 6 ਜੁਲਾਈ 2011 ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ਨੂੰ ਸਮੋਕ ਫਰੀ ਬਣਾਉਣ ਲਈ ਮੁਹਿੰਮ ਚਲਾਈ ਗਈ ਅਤੇ 23 ਫਰਵਰੀ 2012 ਨੂੰ ਰਾਜ ਦਾ ਪਹਿਲਾਂ ਮਾਡਲ ਸਮੋਕ ਫਰੀ ਜ਼ਿਲ੍ਹਾ ਐਲਾਨ ਕਰ ਦਿੱਤਾ ਗਿਆ ਹੈ ਅਤੇ ਹੁਣ ਸਾਰੇ ਜਿਲ੍ਹੇ ਤੰਬਾਕੂ ਮੁੱਕਤ ਘੋਸ਼ਿਤ ਕੀਤੇ ਗਏ ਹਨ। ਪੰਜਾਬ ਵਿੱਚ ਐਂਟੀ ਤੰਬਾਕੂ ਟਾਸਕ ਫੋਰਸ ਬਣਾਈ ਗਈ ਹੈ ਜੋ ਕਿ ਸਰਵਜਨਕ ਸਥਾਨਾਂ ਤੇ ਸਿਗਰਟਨੋਸ਼ੀ ਕਰਨ ਵਾਲਿਆਂ ਦੇ ਚਲਾਨ ਕੱਟਦੀ ਹੈ। ਪੰਜਾਬ ਵਿੱਚ ਵਿੱਚ ਹਰ ਸਾਲ ਇਸ ਐਕਟ ਦੀ ਉਲੰਘਣਾ ਸਬੰਧੀ ਹਜਾਰਾਂ ਚਲਾਨ ਜਾਂਦੇ ਹਨ। ਪੰਜਾਬ ਸਰਕਾਰ ਵਲੋਂ ਸੂਬੇ ਦੇ ਸੈਕੜ੍ਹੇ ਪਿੰਡਾਂ ਨੂੰ ਤੰਬਾਕੂ ਮੁੱਕਤ ਘੋਸ਼ਿਤ ਕੀਤਾ ਗਿਆ ਹੈ। ਪੰਜਾਬ ਸਰਕਾਰ ਵਲੋਂ ਇਸ ਸਬੰਧੀ ਕੀਤੇ ਗਏ ਕੰਮਾਂ ਕਾਰਨ ਹੀ ਵਿਸ਼ਵ ਸਿਹਤ ਸੰਗਠਨ ਵਲੋਂ 2015 ਵਿੱਚ ਵਿਸ਼ੇਸ ਤੋਰ ਤੇ ਸਨਮਾਨਿਤ ਕੀਤਾ ਗਿਆ ਹੈ। ਪੰਜਾਬ ਵਿੱਚ ਪਾਸ ਕੀਤੇ ਮਤਿਆਂ ਰਾਹੀਂ 729 ਪਿੰਡਾਂ ਨੂੰ ਤੰਬਾਕੂ ਮੁੱਕਤ ਘੋਸ਼ਿਤ ਕੀਤਾ ਹੈ ਜਿਸ ਵਿੱਚ 10.93 ਲੱਖ ਦੀ ਆਬਾਦੀ ਸ਼ਾਮਲ ਹੈ। ਪੰਜਾਬ ਸਰਕਾਰ ਵਲੋਂ ਸੂੱਬਾ ਪੱਧਰ ਤੇ 01 ਨਵੰਬਰ ਦਾ ਦਿਹਾੜਾ ਪੰਜਾਬ ਰਾਜ ਨੇ ਤੰਬਾਕੂ ਦਿਵਸ ਵਜੋਂ ਮਨਾਇਆ ਜਾਂਦਾ ਹੈ। ਸਾਰੇ ਜ਼ਿਲ੍ਹਿਆਂ ਵਿੱਚ ਤੰਬਾਕੂ ਮੁਕਤੀ ਕੇਂਦਰ ਸਥਾਪਿਤ ਕੀਤੇ ਗਏ ਹਨ। ਬੇਸ਼ੱਕ ਕੇਂਦਰ ਅਤੇ ਰਾਜ ਸਰਕਾਰਾਂ ਨੇ ਦਫ਼ਤਰਾਂ, ਬੱਸਾਂ ਅਤੇ ਹੋਰ ਸਰਵਜਨਕ ਥਾਵਾਂ ਤੇ ਸਿਗਰਟ, ਬੀੜੀ ਪੀਣ ਉੱਤੇ ਪਾਬੰਦੀ ਲਗਾਈ ਹੈ ਪਰ ਇਸ ਉਤੇ ਬਹੁਤ ਘੱਟ ਅਮਲ ਹੋ ਰਿਹਾ ਹੈ। ਤੰਬਾਕੂ ਦੀ ਵਰਤੋਂ ਕਾਰਨ ਹੋ ਰਹੇ ਨੁਕਸਾਨਾਂ ਨੂੰ ਵੇਖਦੇ ਹੋਏ ਸਰਕਾਰ ਨੂੰ ਇਸ ਸਬੰਧੀ ਜਾਗਰੁਕਤਾ ਫੈਲਾਉਣ ਲਈ ਅਤੇ ਤੰਬਾਕੂ ਦੀ ਵਰਤੋਂ ਤੇ ਮੁਕੰਮਲ ਪਾਬੰਦੀ ਲਗਾਉਣ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ।

# ਮਨਰੇਗਾ ਮਜ਼ਦੂਰਾਂ ਨੇ ਸੀਟੂ ਦਾ ਸਥਾਪਨਾ ਦਿਵਸ ਮਨਾਇਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਲੌਂਗੋਵਾਲ,30 ਮਈ (ਜਗਸੀਰ ਸਿੰਘ) - ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨਜ (ਸੀਟੂ) ਨਾਲ ਸਬੰਧਤ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਰਜਿ: ਦੇ ਮਨਰੇਗਾ ਕਿਰਤੀਆਂ ਵੱਲੋਂ ਸ: ਜਸਵਿੰਦਰ ਕੌਰ ਸਰਪੰਚ ਪਤੀ ਜਸਵਿੰਦਰ ਸਿੰਘ ਪਿੰਡ ਕੋਟਲਾ ਭੜੀ, ਬੇਅੰਤ ਸਿੰਘ ਪੰਚ, ਮਨਪ੍ਰੀਤ ਸਿੰਘ ਪੰਚ, ਫਤਿਹ ਸਿੰਘ ਪੰਚ, ਹਰਪ੍ਰੀਤ ਸਿੰਘ ਪੰਚ, ਕਮਲਜੀਤ ਸਿੰਘ ਪੰਚ,ਸੰਤ ਸਿੰਘ ਪੰਚ ਬੀਬੀ ਸੁਖਦੀਪ ਕੌਰ ਸਮਸ਼ਪੁਰ, ਕਿਰਨਦੀਪ ਕੌਰ ਹਰਬੰਸਪੁਰਾ, ਬਲਜੀਤ ਕੌਰ ਸਰਵਰਪੁਰ ਜਗਵੀਰ ਸਿੰਘ ਇਕੋਲਾਹੀ, ਦਰਬਾਰਾ ਸਿੰਘ ਬੌਂਦਲੀ ਦੀ ਅਗਵਾਈ



ਵਿੱਚ ਸੀਟੂ ਦਾ ਸਥਾਪਨਾ ਦਿਵਸ ਮਨਾਇਆ ਗਿਆ। ਇਹਨਾਂ ਇਕੱਠਾਂ ਨੂੰ ਸੰਬੋਧਨ ਕਰਦਿਆਂ ਸੀਟੂ ਪੰਜਾਬ ਦੇ ਸੂਬਾ ਸਕੱਤਰ ਅਤੇ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਸਾਥੀ ਅਮਰਨਾਥ ਕੂੰਮਕਲਾਂ ਨੇ ਕਿਹਾ ਕਿ ਇਸ ਵਾਰ ਸੀਟੂ ਦਾ ਸਥਾਪਨਾ ਦਿਵਸ ਵਿਸ਼ੇਸ਼ ਹਾਲਤਾਂ ਵਿੱਚ ਮਨਾਇਆ ਜਾ ਰਿਹਾ ਹੈ। ਕਿਉਂਕਿ ਕੇਂਦਰ ਦੀ ਮੋਦੀ ਸਰਕਾਰ ਵਲੋਂ ਮਜ਼ਦੂਰਾਂ, ਮੁਲਾਜ਼ਮਾਂ, ਕਿਸਾਨਾਂ ਅਤੇ ਸਮੁੱਚੇ ਮੇਹਨਤਕਸ਼ ਲੋਕਾਂ ਦੇ ਖਿਲਾਫ ਨਵੀਆਂ ਚਣੌਤੀਆਂ ਪੇਸ਼ ਕੀਤੀਆਂ ਜਾ ਰਹੀਆਂ ਹਨ। ਮੋਦੀ ਸਰਕਾਰ ਵਲੋਂ ਅਮਰੀਕਾ ਨਾਲ ਗੁਪਤ ਸਮਝੌਤੇ ਕਰਕੇ ਲੋਕਾਂ ਨੂੰ ਗੁਲਾਮੀ ਵੱਲ ਧੱਕਿਆ ਜਾ ਰਿਹਾ ਹੈ।ਕਿਸਾਨਾਂ ਨਾਲ ਵਾਅਦੇ ਕਰਕੇ ਐਮ.ਐਸ.ਪੀ.ਨਹੀਂ ਦਿੱਤੀ ਜਾ ਰਹੀ, ਟਰੇਡ ਯੂਨੀਅਨਜ ਅਧਿਕਾਰਾਂ ਦਾ ਖਾਤਮਾ ਕੀਤਾ ਜਾ ਰਿਹਾ ਹੈ। ਮਜ਼ਦੂਰ ਪੱਖੀ 29 ਕਾਨੂੰਨ ਤੋੜ ਕੇ ਸਿਰਫ 4 ਲੇਬਰ ਜ਼ਾਬਤੇ ਲਾਗੂ ਕਰਨ ਲਈ,ਹਿੱਟ ਐਂਡ ਰਨ ਵਰਗੇ ਕਾਲੇ ਕਾਨੂੰਨਾਂ ਨੂੰ ਲਾਗੂ ਕਰਨ ਲਈ ਸਰਕਾਰ ਤਰਲੋ ਮੱਛੀ ਹੋ ਰਹੀ ਹੈ, ਅਤੇ ਵੋਟਾਂ ਹਾਸਲ ਕਰਨ ਲਈ ਫਿਰਕਾਪ੍ਰਸਤੀ ਫੈਲਾਉਣ ਵਿੱਚ ਕੋਈ ਵੀ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾ ਰਹੀ। ਦੂਜੇ ਪਾਸੇ ਮੋਦੀ ਸਰਕਾਰ ਦੀ ਪੈੜ ਚ ' ਪੈਰ ਧਰ ਕੇ ਭਗਵੰਤ ਮਾਨ ਵੱਲੋਂ ਮਨਰੇਗਾ ਕਾਨੂੰਨ ਨੂੰ ਤੋੜਨ ਦੀਆਂ ਗੋਂਦਾਂ ਗੁੰਦ ਰਿਹਾ ਹੈ। ਉਨ੍ਹਾਂ ਮਨਰੇਗਾ ਮਜ਼ਦੂਰਾਂ ਅਤੇ ਨਿਰਮਾਣ ਮਜ਼ਦੂਰਾਂ ਨੂੰ ਜੱਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਅਪੀਲ ਕਰਦਿਆਂ ਕਿਹਾ ਕਿ " ਕੱਲੇ ਕੱਲੇ ਮਾਰ ਨਾਂ ਖਾਉ, ਇਕੱਠੇ ਹੋ ਕੇ ਅੱਗੇ ਆਉ" ਸੀਟੂ ਦੇ ਬੁਨਿਆਦੀ ਨਾਅਰੇ ਦੀ ਪੂਰਤੀ ਲਈ ਅਜੋਕੇ "ਸਮੇਂ ਦੀ ਇਤਿਹਾਸਕ ਲੋੜ, ਵਿਸ਼ਾਲ ਏਕਤਾ ਤਿੱਖੇ ਘੋਲ"ਦੇ ਨਾਅਰੇ ਨੂੰ ਬੁਲੰਦ ਕੀਤਾ ਜਾਵੇ।ਇਸ ਮੌਕੇ ਮੰਗ ਕੀਤੀ ਕਿ ਮਨਰੇਗਾ ਮਜ਼ਦੂਰਾਂ ਨੂੰ 200 ਦਿਨ ਕੰਮ ਦਿੱਤਾ ਜਾਵੇ, ਕਾਨੂੰਨ ਅਨੁਸਾਰ ਕੰਮ ਨਾਂ ਦੇਣ ਦੀ ਸੂਰਤ ਵਿੱਚ ਬੇ-ਰੁਜਗਾਰੀ ਭੱਤਾ ਦਿੱਤਾ ਜਾਵੇ, ਮਨਰੇਗਾ ਮਜ਼ਦੂਰਾਂ ਵੱਲੋਂ ਕੀਤੇ ਗਏ ਕੰਮਾਂ ਦੀ ਬਕਾਇਆ ਪੇਮੈਂਟ ਫੌਰੀ ਕੀਤੀ ਜਾਵੇ, ਮਨਰੇਗਾ ਮਜ਼ਦੂਰਾਂ ਦੀ ਹਾਜ਼ਰੀ ਕੰਮ ਵਾਲੀ ਥਾਂ ਤੇ ਹੀ ਲਗਾਈ ਜਾਵੇ, ਕੰਮ ਕਰਨ ਵਾਲੇ ਔਜ਼ਾਰ, ਪੀਣ ਵਾਲੇ ਪਾਣੀ, ਫਸਟਏਡ ਬਾਕਸ ਛਾਂ ਦਾ ਪ੍ਰਬੰਧ ਕੀਤਾ ਜਾਵੇ। ਸਾਥੀ ਅਮਰਨਾਥ ਕੂੰਮਕਲਾਂ ਨੇ 9 ਜੁਲਾਈ 2025 ਨੂੰ 10 ਕੇਂਦਰੀ ਟਰੇਡ ਯੂਨੀਅਨਾਂ ਅਤੇ 60 ਮੁਲਾਜ਼ਮ ਫੈਡਰੇਸ਼ਨਾਂ ਦੇ ਸੱਦੇ ਉੱਤੇ ਦੇਸ਼ ਵਿਆਪੀ ਹੜਤਾਲ ਵਿੱਚ ਸ਼ਾਮਲ ਹੋਣ ਲਈ ਯਕੀਨੀ ਬਣਾਉਣ ਉੱਤੇ ਜ਼ੋਰ ਦਿੱਤਾ ਅਤੇ ਕੱਟੜਵਾਦੀ ਸ਼ਕਤੀਆਂ ਨੂੰ ਲੋਕਾਂ ਵਿੱਚੋਂ ਨਿਖੇੜਨ ਲਈ ਲਗਾਤਾਰ ਯਤਨ ਜਾਰੀ ਰੱਖੇ ਜਾਣ ਦੀ ਅਪੀਲ ਕੀਤੀ ।

# ਡੇਂਗੂ ਤੋ ਬਚਣਾ ਅਤੇ ਰੋਕਣਾ ਸਾਡੀ ਸਭ ਦੀ ਜਿੰਮੇਵਾਰੀ ਹੈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ INTERNATIONAL PAPER, 94636 01616 hardipchumber57@gmail.com

ਲੁਧਿਆਣਾ (ਗੁਰਦੀਪ ਸਿੰਘ)

ਡੇਂਗੂ ਬੁਖਾਰ ਏਡੀਜ਼ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਸਾਫ ਖੜੇ ਪਾਣੀ ਦੇ ਸੋਮਿਆਂ ਵਿੱਚ ਪੈਦਾ ਹੁੰਦਾ ਹੈ।ਇੱਕ ਹਫਤੇ ਤੋਂ ਵੱਧ ਖੜੇ ਪਾਣੀ ਵਿੱਚ ਡੇਂਗੂ ਦਾ ਮੱਛਰ ਪੈਦਾ ਹੁੰਦਾ ਹੈ।ਕੇਵਲ ਇੱਕ ਚਮਚ ਪਾਣੀ ਇਕ ਹਫਤਾ ਖੜ੍ਹਾ ਰਹੇ, ਡੇਂਗੂ ਦਾ ਮੱਛਰ ਪੈਦਾ ਹੋ ਜਾਂਦਾ ਹੈ। ਇਹ ਮੱਛਰ ਦਿਨ ਵੇਲੇ ਕਟਦਾ ਹੈ।

## ਡੇਂਗੂ ਤੋਂ ਬਚਾਓ :

ਕੂਲਰਾਂ ਅਤੇ ਗਮਲਿਆਂ ਦੀਆਂ ਟਰੇਆਂ ਵਿੱਚ ਖੜੇ ਪਾਣੀ ਨੂੰ ਹਫਤੇ ਵਿੱਚ ਇੱਕ ਵਾਰ ਜਰੂਰ ਸਾਫ ਕਰੋ। ਛੱਤਾਂ ਤੇ ਰੱਖੀਆਂ ਪਾਣੀ ਦੀਆਂ ਟੈਂਕੀਆਂ ਦੇ ਢੱਕਣਾ ਨੂੰ ਚੰਗੀ ਤਰਾਂ ਬੰਦ ਕਰੋ। ਟੁੱਟੇ ਬਰਤਨਾ , ਡਰੰਮਾ ਅਤੇ ਟਾਇਰਾਂ ਆਦਿ ਨੂੰ ਖੁੱਲੇ ਵਿੱਚ ਨਾ ਰੱਖੋ।ਨਿੱਕਰ ਦੀ ਜਗਾ ਪਜਾਮਾ ਜਾਂ ਫੁਲ ਪੈਂਟ ਦੀ ਵਰਤੋਂ ਕਰੋ। ਪੂਰੀਆਂ ਬਾਹਾਂ ਵਾਲੇ ਕੱਪੜੇ ਪਾਓ।

## ਡੇਂਗੂ ਦੇ ਆਮ ਲੱਛਣ:-

ਅੱਖਾਂ ਵਿੱਚ ਦਰਦ, ਸਿਰ ਦਰਦ ,ਮਾਸਪੇਸ਼ੀਆਂ ਦਾ ਦਰਦ , ਧੱਫੜ , ਉਲਟੀ ਆਉਣਾ , ਤੇਜ਼ ਬੁਖਾਰ ਆਦਿ।

ਇਸ ਤੋਂ ਇਲਾਵਾ ਬਹੁਤ ਜ਼ਿਆਦਾ ਪੇਟ ਦਰਦ, ਉਲਟੀਆਂ 24 ਘੰਟੇ ਵਿੱਚ ਤਿੰਨ ਵਾਰ, ਉਲਟੀ ਵਿੱਚ ਖੂਨ , ਥਕਾਵਟ/ ਬੇਚੈਨੀ, ਗਰਮੀ ,ਘਬਰਾਹਟ , ਘੱਟ ਪਲੇਟਲੈਟ ਦੀ ਗਿਣਤੀ ਦੇ ਨਾਲ ਵਧੇ ਹੋਏ ਹਿਮੈਟੋਕਰੇਟ।



ਇਸ ਤੋਂ ਇਲਾਵਾ ਡੇਂਗੂ ਦੇ ਗੂੜੇ ਨੀਲੇ ਕਾਲੇ ਹਿਮੋਰੈਜਿਕ ਧੱਫੜ।

ਜੇਕਰ ਤੁਹਾਨੂੰ ਡੇਂਗੂ ਬੁਖਾਰ ਦੇ ਕੋਈ ਵੀ ਲੱਛਣ ਹਨ , ਤੁਸੀਂ ਤੁਰੰਤ ਆਪਣੇ ਡਾਕਟਰ ਨੂੰ ਸੰਪਰਕ ਕਰੋ।

# ਪਸ਼ੂ ਮੰਡੀਆਂ ਦੀ ਬੋਲੀ ਸਮੇਂ ਕੁਰੱਪਸ਼ਨ ਕਰਨ ਵਾਲੇ 'ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ'ਦੇ ਡਾਇਰੈਕਟਰ ਓਮਾ ਸ਼ੰਕਰ ਗੁਪਤਾ 'ਤੇ ਕਾਨੂੰਨੀ ਕਾਰਵਾਈ ਮੰਗੀ- ਪੰਜਾਬ ਕਿਸਾਨ ਯੂਨੀਅਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ INTERNATIONAL PAPER, 94636 01616 hardipchumber57@gmail.com

ਮਾਨਸਾ 30 ਮਈ ( ਆਤਮਾ ਸਿੰਘ ਪਮਾਰ )- ਪੰਜਾਬ ਕਿਸਾਨ ਯੂਨੀਅਨ ਵੱਲੋਂ 'ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ' ਦੇ ਦਫ਼ਤਰ ਦਾ ਘਿਰਾਓ ਕਰਨ ਲਈ ਮਾਨਸਾ,ਸੰਗਰੂਰ ਅਤੇ ਫਰੀਦਕੋਟ ਜ਼ਿਲ੍ਹਿਆਂ ਦੇ ਸੂਬਾ ਆਗੂਆਂ ਦੀ ਅਗਵਾਈ ਹੇਠ ਮੁਹਾਲੀ ਵੱਲ ਰਵਾਨਗੀ ਹੋਈ I ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਰੁਲਦੂ ਸਿੰਘ ਮਾਨਸਾ,ਸਵਰਨ ਸਿੰਘ ਸੰਗਰੂਰ, ਗੁਰਜੀਤ ਸਿੰਘ ਫਰੀਦਕੋਟ ਨੇ ਦੱਸਿਆ ਕਿ ਪਿਛਲੇ ਦਿਨੀਂ ਜੱਥੇਬੰਦੀ ਦਾ ਵਫਦ ਉਕਤ ਵਿਭਾਗ ਨੂੰ ਪਸ਼ੂ ਮੰਡੀਆਂ ਦੀ ਖੁੱਲ੍ਹੀ ਬੋਲੀ ਲਗਾਉਣ ਦੀ ਗੁਜ਼ਾਰਿਸ਼ ਕਰਨ ਲਈ ਮੁੱਖ ਦਫ਼ਤਰ ਪਹੁੰਚਿਆ ਸੀ,ਤਾਂ ਡਾਇਰੈਕਟਰ ਵੱਲੋਂ ਬੋਲੀ ਸੰਬੰਧੀ ਕੋਈ ਢੁਕਵਾਂ ਜੁਆਬ ਦੇਣ ਦੀ ਬਜਾਏ ਕਿਹਾ ਗਿਆ ਕਿ 'ਤੁਸੀਂ ਕੌਣ ਹੁੰਦੇ ਓਂ ਪੁੱਛਣ ਵਾਲੇ'ਪਾ ਕੇ ਪਰਨੈ ਆ ਜਾਂਦੇ ਨੇ,ਇਹਨਾਂ ਸ਼ਬਦਾਂ ਨੂੰ ਲੈ ਕੇ ਦੋਹਾਂ ਧਿਰਾਂ 'ਚ ਤਕਰਾਰਬਾਜ਼ੀ ਵਧੀ ਤੇ ਮੰਡੀਆਂ ਦੀ ਖੁੱਲੀ ਬੋਲੀ ਦੀ ਗੱਲ ਡਾਇਰੈਕਟਰ ਵੱਲੋਂ ਜਾਣ ਬੁੱਝ ਕੇ ਰੋਲਣ ਦਾ ਯਤਨ ਕੀਤਾ ਗਿਆ I ਸੂਬਾ ਆਗੂ ਗੁਰਨਾਮ ਸਿੰਘ ਭੀਖੀ,ਗੁਰਜੰਟ ਸਿੰਘ ਮਾਨਸਾ,ਗੋਰਾ ਸਿੰਘ ਭੈਣੀਬਾਘਾ,ਨਰਿੰਦਰ ਕੌਰ ਬੁਰਜ ਹਮੀਰਾ ਨੇ ਸਪੱਸ਼ਟ ਕੀਤਾ ਕਿ ਜੱਥੇਬੰਦੀ ਠੇਕੇਦਾਰੀ ਸਿਸਟਮ ਦੇ ਖਿਲਾਫ਼ ਹੈ Iਓਨਾਂ ਕਿਹਾ ਕਿ ਅਸੀਂ ਪੰਜਾਬ ਦੇ ਵਸਨੀਕ ਹਾਂ,ਖੇਤੀ ਕਰਕੇ ਪੰਜਾਬ ਦੀ ਅਰਥ ਵਿਵਸਥਾ ਵਿੱਚ ਬਣਦਾ ਯੋਗਦਾਨ ਪਾ ਰਹੇ ਹਾਂ।,ਅਰਥਵਿਵਸਥਾ ਵਿੱਚ ਹੁੰਦਾ ਫੇਰ ਬਦਲ ਆਮ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ। I ਸਾਡਾ ਸੁਆਲ ਐ ਜੇਕਰ ਪੰਜਾਬ ਸਰਕਾਰ ਪੰਜਾਬ ਦੇ ਲੋਕਾਂ ਨੂੰ ਇਸ ਸਿਸਟਮ ਰਾਹੀਂ ਹੀ ਰੁਜ਼ਗਾਰ ਦੇਣਾ ਸਹੀ ਹੈ ਮੰਨਦੀ ਹੈ,ਤਾਂ ਪੰਜਾਬ ਦੇ ਵਸਨੀਕ ਜੋ ਵਪਾਰ ਕਰਕੇ ਅੱਗੇ ਵਧਣਾ ਚਾਹੁੰਦੇ ਹਨ,ਉਨ੍ਹਾਂ ਨੂੰ ਖੁੱਲੀ ਬੋਲੀ ਵਿੱਚ ਸ਼ਾਮਲ ਕਿਉਂ ਨਹੀਂ ਕੀਤਾ ਜਾਂਦਾ ? ਵਿਭਾਗ ਦੇ ਮੁਲਾਜ਼ਮਾਂ ਵੱਲੋਂ ਮਨਮਾਨੀਆਂ ਕਰਕੇ ਕੁੱਝ ਚਹੇਤਿਆਂ ਨੂੰ ਹੀ ਕਿਉਂ ਪਸ਼ੂ ਮੰਡੀਆਂ ਦਾ ਠੇਕਾ ਦਿੱਤਾ ਜਾ ਰਿਹਾ ? ਕੀ ਭਿਰਸ਼ਟਾਚਾਰ ਮੁਕਤ ਪੰਜਾਬ' ਦਾ ਨਾਅਰਾ ਦੇਣ ਵਾਲੀ ਮਾਨ ਸਰਕਾਰ ਇਸ ਕਰੱਪਸ਼ਨ ਤੋਂ ਜਾਣੂ ਨਹੀਂ? ਸੂਬਾ ਆਗੂ ਭੋਲਾ ਸਿੰਘ ਸਮਾਓਂ,ਰਾਮਫਲ ਚੱਕ ਅਲੀਸ਼ੇਰ ਨੇ ਕਿਹਾ ਕਿ ਪਿਛਲੇ ਸਾਲ 94 ਕਰੋੜ ਅਤੇ ਇਸ ਵਾਰ 72 ਕਰੋੜ ਰੁਪੈ ਦੀ ਬੋਲੀ ਕਰਕੇ ਠੇਕੇਦਾਰਾਂ ਰਾਹੀਂ ਪਾਇਆ 22 ਕਰੋੜ ਰੁਪੈ ਦਾ ਘਾਟਾ ਪੰਜਾਬ ਦੇ ਲੋਕਾਂ ਸਿਰ ਨਹੀਂ ਪਾਇਆ ਜਾ ਰਿਹਾ ਹੈ।, ਇਸ ਤਰ੍ਹਾਂ ਦੇ ਸਵਾਲ ਕਰਨ ਵਾਲੀ ਜੱਥੇਬੰਦੀ ਨਾਲ ਵਿਭਾਗਵੱਲੋਂ ਗ਼ੈਰਜਿੰਮੇਵਾਰੀ ਵਾਲਾ ਵਿਵਹਾਰ ਕਰੇਗਾ ਤਾਂ ਇਸਨੂੰ ਟੈਕਸ ਅਦਾ ਕਰਨ ਵਾਲੇ ਲੋਕ ਹਰਗਿਜ਼ ਬਰਦਾਸਿਤ ਨਹੀਂ ਕਰਨਗੇ I ਆਗੂਆਂ ਕਿਹਾ ਕਿ ਮਾਨਸਾ ਤੋਂ ਮੋਹਾਲੀ ਰਵਾਨਾ ਹੋਏ ਆਗੂਆਂ ਨੂੰ ਪਟਿਆਲਾ ਵਿਖੇ ਭਾਰੀ ਪੁਲਿਸ ਬਲ ਨਾਲ ਰੋਕ ਲਿਆ ਗਿਆ ਅਤੇ ਗੱਲਬਾਤ ਤੋਂ ਬਾਅਦ ਉੱਥੇ ਸਥਿਤ ਦਾਣਾ ਮੰਡੀ ਵਿੱਚ ਆਗੂ ਇਕੱਤਰਤਾ ਨੂੰ ਸੰਬੋਧਨ ਕਰਨ ਲੱਗੇ। ਦਾਣਾ ਮੰਡੀ ਵਿੱਚ ਹੀ ਏ.ਡੀ.ਸੀ ਅਮਰਿੰਦਰ ਸਿੰਘ ਟਿਵਾਣਾ,ਜਤਿੰਦਰ ਸਿੰਘ ਬਰਾੜ ਐਡੀਸ਼ਨਲ ਡਾਇਰੈਕਟਰ ਪੰਚਾਇਤ,ਐਸ. ਪੀ ਸਿਟੀ ਪਰਵਿੰਦਰ ਸਿੰਘ,ਡੀ. ਐਸ.ਪੀ ਸਮਾਣਾ ਗੁਰਇਕਬਾਲ ਸਿੰਘ ਸਿਕੰਦ,ਐਸ.ਐਚ.ਓ ਅਜੈ ਪਰੋਚਾ ਦੀ ਹਾਜਰੀ ਵਿੱਚ ਅਧਿਕਾਰੀਆਂ ਵੱਲੋਂ ਜੱਥੇਬੰਦੀ ਦਾ ਮੰਗ ਪੱਤਰ ਲੈ ਕੇ ਸਰਕਾਰ ਤੱਕ ਪਹੁੰਚਾਣ ਦਾ ਵਿਸਵਾਸ ਦਿਵਾਇਆ ਗਿਆ। ਮੁੱਖ ਮੰਗਾਂ 'ਚ 'ਪੇਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ' ਦੇ ਡਾਇਰੈਕਟਰ ਓਮਾ ਸੰਕਰ ਗੁਪਤਾ ਤੇ ਕਾਨੂੰਨੀ ਕਾਰਵਾਈ ਕਰਨਾ, ਪੰਜਾਬ ਅੰਦਰ ਠੇਕੇਦਾਰੀ ਸਿਸਟਮ ਖ਼ਤਮ ਕਰਨ,ਪਸ਼ੂ ਮੇਲਿਆਂ ਵਿੱਚ ਨਿਲਾਮੀ ਦੀ ਧਾਂਦਲੀ ਬੰਦ ਕਰਨਾ,ਲਿਖਾਈ 2/-ਕਰਨ,ਖੁੱਲੀ ਬੋਲੀ ਕਰਨ,ਮੰਡੀਆਂ ਵਿੱਚ ਪਾਣੀ,ਛਾਂ,ਵੈਟਨਰੀ ਡਾਕਟਰਾਂ ਦੇ ਪ੍ਰਬੰਧ ਕਰਨ ਅਤੇ 1948 ਤੋਂ ਬੇਆਬਾਦ ਜ਼ਮੀਨਾਂ ਜੋ ਕਿਸਾਨਾਂ ਵੱਲੋਂ ਆਬਾਦ ਕੀਤੀਆਂ ਗਈਆਂ ਉਨਾਂ ਦੇ ਮਾਲਕੀ ਹੱਕ ਬਹਾਲ ਕਰਨਾ ਆਦਿ ਸ਼ਾਮਲ ਹਨ।



# ਪ੍ਰਵੀਨ ਬੰਗਾ ਨੂੰ ਬਸਪਾ ਦੇ ਜਨਰਲ ਸਕੱਤਰ ਤੇ ਜੋਨ ਇੰਚਾਰਜ ਲਾਇਆ ਗਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ INTERNATIONAL PAPER, 94636 01616 hardipchumber57@gmail.com

ਜਲੰਧਰ( ਚਰਨਜੀਤ ਸੱਲ੍ਹਾਂ )ਬਹੁਜਨ ਸਮਾਜ ਪਾਰਟੀ, ਪੰਜਾਬ ਵਲੋਂ ਸੂਬੇ ਦੇ ਪ੍ਰਧਾਨ ਡਾ ਸ ਅਵਤਾਰ ਸਿੰਘ ਕਰੀਮਪੁਰੀ ਜੀ ਵਲੋਂ ਸਨਮਾਨਯੋਗ ਰਣਧੀਰ ਸਿੰਘ ਬੈਨੀਵਾਲ, ਰਾਸ਼ਟਰੀ ਕੋਆਰਡੀਨੇਟਰ ਅਤੇ ਵਿਪੁਲ ਕੁਮਾਰ, ਕੇਂਦਰੀ ਇੰਚਾਰਜ ਜੀ ਦੀ ਪ੍ਰਵਾਨਗੀ ਨਾਲ ਪੰਜਾਬ ਸੂਬੇ ਦੀ ਕਮੇਟੀ ਦਾ ਵਿਸਥਾਰ ਕਰਦਿਆਂ, ਤੁਹਾਡੀਆਂ ਪਾਰਟੀ ਪ੍ਰਤੀ ਸੇਵਾਵਾਂ ਨੂੰ ਬਕਾਇਦਾ ਵਿਚਾਰ ਕਰਦੇ ਹੋਏ, ਆਪ ਜੀ ਨੂੰ ਸੂਬਾ ਕਮੇਟੀ ਦੇ ਬਤੌਰ ਜਨਰਲ ਸਕੱਤਰ ਤੇ ਲੁਧਿਆਣਾ ਜੋਨ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ ਜੀ।

(ਇੰਜ ਜਸਵੰਤ ਰਾਏ) ਸੂਬਾ ਦਫਤਰ ਸਕੱਤਰ ਬਹੁਜਨ ਸਮਾਜ ਪਾਰਟੀ, ਪੰਜਾਬ।



# ਵਿਸ਼ਵ ਤਬਾਕੂ ਰਹਿਤ ਦਿਵਸ ਦੇ ਮੌਕੇ ਤੇ ਦਿਆਨੰਦ ਹਸਪਤਾਲ ਵਿਖੇ ਸਮਾਗ਼ਮ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ INTERNATIONAL PAPER, 94636 01616 hardipchumber57@gmail.com

ਲੁ ਧਿ ਆ ਣਾ (ਗੁਰਦੀਪ ਸਿੰਘ) ਵਿਸ਼ਵ ਤੰਬਾਕੂ ਰਹਿਤ ਦਿਵਸ ਦੇ ਮੌਕੇ 'ਤੇ, ਦਿਆਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਕਮਿਊਨਿਟੀ ਮੈਡੀਸਨ ਵਿਭਾਗ ਨੇ ਅੱਜ ਇੱਕ ਸਮਾਗਮ ਦਾ ਆਯੋਜਨ ਕੀਤਾ । ਇਹ ਸਮਾਗਮ ਨੈਸ਼ਨਲ ਮੈਡੀਕਲ ਕਮਿਸ਼ਨ ਦੇ ਨਿਰਦੇਸ਼ਾਂ ਹੇਠ ਕਰਵਾਇਆ ਗਿਆ, ਜਿਸ ਵਿੱਚ ਡੀ ਐਮ ਸੀ ਅਤੇ ਐਚ 'ਤੰਬਾਕੂ-ਮੁਕਤ ਭਾਰਤ ਲਈ ਮੈਡੀਕਲ ਕਾਲਜਾਂ ਦੇ ਕਨਸੋਰਟੀਅਮ' ਦਾ ਹਿੱਸਾ ਸੀ - ਇਹ ਪਹਿਲਕਦਮੀ ਰਿਸੋਰਸ ਸੈਂਟਰ ਫਾਰ ਤੰਬਾਕੂ ਕੰਟਰੋਲ , ਪੀ ਜੀ ਆਈ ਐਮ ਈ ਆਰ, ਚੰਡੀਗੜ੍ਹ, ਪੰਜਾਬ ਦੀ ਅਗਵਾਈ ਵਿੱਚ ਕੀਤੀ ਗਈ ਸੀ। ਡੀਐਮਸੀ ਐਂਡ ਐਚ ਮੈਨੇਜਿੰਗ ਸੋਸਾਇਟੀ ਦੇ ਸਕੱਤਰ ਸ਼੍ਰੀ ਬਿਪਿਨ ਗੁਪਤਾ ਨੇ ਇਸ ਜਾਗਰੂਕਤਾ ਸੈਸ਼ਨ ਨੂੰ ਕਰਵਾਉਣ ਲਈ ਕਮਿਊਨਿਟੀ ਮੈਡੀਸਨ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕੀਤੀ। ਡਾ. ਜੀ.ਐਸ. ਵਾਂਡਰ, ਪ੍ਰਿੰਸੀਪਲ ਡੀ ਐਮ ਸੀ ਅਤੇ ਐਚ ਨੇ ਵਿਦਿਆਰਥੀਆਂ ਨੂੰ ਤੰਬਾਕੂ ਮੁਕਤ ਕੈਂਪਸ ਅਤੇ ਹਸਪਤਾਲ ਲਈ ਕੰਮ ਕਰਨ ਲਈ ਆਪਣੇ ਆਪ ਨੂੰ ਵਚਨਬੱਧ ਕਰਨ ਦਾ ਸੰਦੇਸ਼ ਦਿੱਤਾ। ਡਾ. ਸੰਦੀਪ ਕੌਸ਼ਲ, ਡੀਨ ਅਕਾਦਮਿਕ ਨੇ ਮੈਡੀਕਲ ਵਿਦਿਆਰਥੀਆਂ ਨੂੰ ਸਿਗਰਟ, ਧੂੰਆਂ ਰਹਿਤ ਤੰਬਾਕੂ, ਗਰਮ ਤੰਬਾਕੂ ਉਤਪਾਦ, ਈ-ਸਿਗਰੇਟ ਅਤੇ ਸ਼ੀਸ਼ਾ ਸਮੇਤ ਹਰ ਤਰ੍ਹਾਂ ਦੇ ਤੰਬਾਕੂ ਅਤੇ ਨਿਕੋਟੀਨ ਉਤਪਾਦਾਂ ਤੋਂ ਪਰਹੇਜ਼ ਕਰਨ ਅਤੇ ਦੂਜਿਆਂ ਨੂੰ ਛੱਡਣ ਵਾਲੀ ਧੂੰਏਂ ਤੋਂ ਦੂਰ ਰਹਿਣ ਲਈ ਉਤਸ਼ਾਹਿਤ ਕਰਨ ਦਾ ਪ੍ਰਣ ਦਿਵਾਇਆ। ਇਸ ਮੌਕੇ 'ਤੇ, ਡਾ. ਅਨੁਰਾਗ ਚੌਧਰੀ, ਪ੍ਰੋਫੈਸਰ ਅਤੇ ਮੁਖੀ, ਕਮਿਊਨਿਟੀ ਮੈਡੀਸਨ ਵਿਭਾਗ, ਨੇ ਇਸ ਸਾਲ ਦੇ ਵਿਸ਼ਵ ਤੰਬਾਕੂ ਰਹਿਤ ਦਿਵਸ ਦੇ ਥੀਮ "ਅਪੀਲ ਨੂੰ ਉਜਾਗਰ ਕਰਨਾ: ਤੰਬਾਕੂ ਅਤੇ ਨਿਕੋਟੀਨ ਉਤਪਾਦਾਂ 'ਤੇ ਉਦਯੋਗਿਕ ਰਣਨੀਤੀਆਂ ਦਾ ਪਰਦਾਫਾਸ਼ ਕਰਨਾ" ਬਾਰੇ ਵਿਸਥਾਰ ਨਾਲ ਦੱਸਿਆ।ਬੈਚ - 2022 ਦੇ ਵਿਦਿਆਰਥੀਆਂ ਨੇ ਸਕੂਲਾਂ ਅਤੇ ਕਾਲਜਾਂ ਦੇ ਨੌਜਵਾਨ ਵਿਦਿਆਰਥੀਆਂ ਵਿੱਚ ਵੈਪਿੰਗ ਦੇ ਵਧ ਰਹੇ ਰੁਝਾਨ ਨੂੰ ਰੋਕਣ 'ਤੇ ਜ਼ੋਰ ਦਿੰਦੇ ਹੋਏ ਇੱਕ ਸਕਿੱਟ ਪੇਸ਼ ਕਰਕੇ ਹਸਪਤਾਲ ਦੇ ਗੈਰ-ਅਧਿਆਪਨ ਸਟਾਫ਼ ਅਤੇ ਸਫਾਈ ਕਰਮਚਾਰੀਆਂ ਨੂੰ ਇੱਕ ਸ਼ਕਤੀਸ਼ਾਲੀ ਸੰਦੇਸ਼ ਦਿੱਤਾ।




# ਜਿਸ ਦਿਨ ਇਸ ਦੇਸ਼ ਦੇ ਅੰਦਰ ਨੀਲੇ ਝੰਡੇ ਵਾਲਿਆਂ ਦਾ ਰਾਜ ਆਵੇਗਾ ਉਸ ਦਿਨ ਸਾਡੇ ਬਹੁਜਨ ਸਮਾਜ ਦੀ ਕਦਰ ਕੀਮਤ ਹੋਵੇਗੀ - KWS

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ INTERNATIONAL PAPER, 94636 01616 hardipchumber57@gmail.com

ਬੰਗਾ (ਚਰਨਜੀਤ ਸੱਲਾ) ਪਿੰਡ ਕੁਲਥਮ ਵਿੱਚ ਸਮਾਜਿਕ ਭਲਾਈ ਦੇ ਕਾਰਜ ਕਰ ਰਹੀ ਸੰਸਥਾ KWS ਰਾਜਨੀਤਕ ਤੌਰ ਤੇ ਬਹੁਜਨ ਸਮਾਜ ਪਾਰਟੀ ਦਾ ਵੀ ਪਰਚਾਰ ਕਰ ਰਹੀ ਹੈ

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ KWS ਦੇ ਸਮੂਹ ਅਹੁਦੇਦਾਰਾਂ ਨੇ ਸਾਂਝੇ ਤੌਰ ਤੇ ਕਰਦੇ ਕਿਹਾ ਕਿ ਸਮਾਜਿਕ ਕੰਮਾਂ ਦੇ ਨਾਲ ਨਾਲ ਸਾਹਿਬ ਕਾਂਸ਼ੀ ਰਾਮ ਦੇ ਮਿਸ਼ਨ ਦਾ ਪਰਚਾਰ ਵੀ ਜ਼ਰੂਰੀ ਹੈ

ਕਿਉਂਕਿ ਰਾਜਭਾਗ ਤੋਂ ਬਿਨਾਂ ਇੱਥੇ ਸਾਡੇ ਸਮਾਜ ਦੀ ਕੋਈ ਕਦਰ ਕੀਮਤ ਨਹੀਂ ਹੈ ਜਿਸ ਦਿਨ ਇਸ ਦੇਸ਼ ਦੇ ਅੰਦਰ ਨੀਲੇ ਝੰਡੇ ਦਾ ਰਾਜ ਆਵੇਗਾ ਉਸ ਦਿਨ ਸਾਡੀ ਕਦਰ ਕੀਮਤ ਹੋਵੇਗੀ

ਇਸ ਮੌਕੇ ਰਾਕੇਸ਼ ਕੁਮਾਰ ਕੁਲਥਮ (ਸੰਸਥਾਪਕ), ਡਾ ਸੋਨੂੰ ਨਰ (ਪ੍ਰਧਾਨ), ਸਤਨਾਮ ਸਿੰਘ ਅਟਵਾਲ (ਉਪ ਪ੍ਰਧਾਨ), ਦੀਪਕ ਅਟਵਾਲ (ਉਪ ਖਜਾਨਚੀ), ਕੋਮਲ ਕੁਮਾਰ (ਖਜਾਨਚੀ), ਮੁਕੇਸ਼ ਕੁਮਾਰ (ਸਕੱਤਰ), ਕੁਲਦੀਪ ਕੁਮਾਰ (ਜਨਰਲ ਸਕੱਤਰ), ਕੁਲਵੰਤ ਕੁਮਾਰ (ਜਨਰਲ ਸਕੱਤਰ), ਰੋਹਿਤ ਕੁਮਾਰ (ਸਕੱਤਰ), ਲਵਪ੍ਰੀਤ (ਸਕੱਤਰ), ਹੈਰੀ (ਸਲਾਹਕਾਰ), ਗੌਰਵ ਕੁਮਾਰ (ਪ੍ਰੋਜੈਕਟ ਕੋਆਰਡੀਨੇਟਰ), ਸੋਨੂੰ ਚੁੰਬਰ (ਮੀਡੀਆ ਅਧਿਕਾਰੀ), ਹਰਜੋਤ, ਗਗਨ ਕੁਲਥਮ, ਲੇਖ ਰਾਜ ਕੁਲਥਮ ਹਾਜ਼ਿਰ ਸਨ



# 'ਯੁੱਧ ਨਸ਼ੇ ਵਿਰੁੱਧ' ਮੁਹਿਮ ਨੂੰ ਸਫਲ ਬਨਾਉਣ 'ਚ ਸਹਿਯੋਗ ਦੇਣ ਸਮਾਜ ਸੇਵੀ ਜੱਥੇਬੰਦੀਆਂ - ਐਸ.ਐਚ.ਓ.

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ INTERNATIONAL PAPER, 94636 01616 hardipchumber57@gmail.com

ਫਗਵਾੜਾ 30 ਮਈ (ਸ਼ਿਵ ਕੌੜਾ) ਐਸ.ਐਚ.ਓ. ਸਿਟੀ ਊਸ਼ਾ ਰਾਣੀ ਦਾ ਹਿਊਮਨ ਰਾਈਟਸ ਕੌਂਸਲ (ਇੰਡੀਆ) ਦੇ ਸੂਬਾ ਸਕੱਤਰ ਗੁਰਦੀਪ ਸਿੰਘ ਕੰਗ ਦੇ ਦਫਤਰ ਸੈਂਟਰਲ ਟਾਊਨ ਫਗਵਾੜਾ ਪੁੱਜਣ 'ਤੇ ਕੌਂਸਲ ਦੇ ਅਹੁਦੇਦਾਰਾਂ ਵਲੋਂ ਗੁਲਦਸਤਾ ਅਤੇ ਸ਼ਾਲ ਭੇਂਟ ਕਰਕੇ ਸਨਮਾਨ ਕੀਤਾ ਗਿਆ। ਐਸ.ਐਚ.ਓ. ਸਿਟੀ ਨੇ ਗੁਰਦੀਪ ਸਿੰਘ ਕੰਗ ਨੂੰ ਨਵੇਂ ਦਫ਼ਤਰ ਦੀਆਂ ਸ਼ੁੱਭ ਇੱਛਾਵਾਂ ਦਿੱਤੀਆਂ। ਇਸ ਮੌਕੇ ਉਹਨਾਂ ਕਿਹਾ ਕਿ ਮਨੁੱਖੀ ਅਧਿਕਾਰਾਂ ਪ੍ਰਤੀ ਆਮ ਲੋਕਾਂ ਨੂੰ ਜਾਗਰੁਕ ਕਰਨਾ ਵਧੀਆ ਉਪਰਾਲਾ ਹੈ। ਉਹਨਾਂ ਕਿਹਾ ਕਿ ਤੰਦਰੁਸਤ ਅਤੇ ਸਿਹਤਮੰਦ ਜਿੰਦਗੀ ਵਤੀਤ ਕਰਨਾ ਵੀ ਹਰੇਕ ਮਨੁੱਖ ਦਾ ਅਧਿਕਾਰ ਹੈ। ਪਰ ਪੰਜਾਬ 'ਚ ਪਿਛਲੇ ਸਮੇਂ ਦੌਰਾਨ ਸਰਗਰ ਰਹੇ ਡਰੱਗ ਮਾਫੀਆ ਨੇ ਬਹੁਤ ਸਾਰੇ ਲੋਕਾਂ ਤੇ ਖਾਸ ਤੌਰ ਤੇ ਨੌਜਵਾਨਾਂ ਨੂੰ ਨਸ਼ਿਆਂ ਦੇ ਲੜ ਲਗਾ ਦਿੱਤਾ ਹੈ। ਇਸ ਲਈ ਸਮਾਜ ਸੇਵੀ ਜੱਥੇਬੰਦੀਆਂ ਦਾ ਫਰਜ਼ ਹੈ ਕਿ ਪੁਲਿਸ ਦੀ 'ਯੁੱਧ ਨਸ਼ਿਆਂ ਵਿਰੁੱਧ ਮੁਹਿਮ ਨੂੰ ਸਫਲ ਬਨਾਉਣ 'ਚ ਸਹਿਯੋਗ ਕਰਨ। ਜੇਕਰ ਕੋਈ ਵਿਅਕਤੀ ਨਸ਼ਾ ਕਰਨ ਦਾ ਆਦੀ ਹੈ ਤਾਂ ਉਸਦੇ ਪਰਿਵਾਰ ਦੀ ਕਾਊਂਸਲਿੰਗ ਕਰਕੇ ਨਸ਼ੇੜੀ ਵਿਅਕਤੀ ਨੂੰ ਨਸ਼ਾ ਛੁਡਾਉ ਕੇਂਦਰ 'ਚ ਦਾਖਲ ਕਰਵਾਇਆ ਜਾਵੇ। ਸਰਕਾਰੀ ਕੇਂਦਰਾਂ 'ਚ ਨਸ਼ੇ ਦੀ ਲੱਤ ਦਾ ਇਲਾਜ ਬਿਲਕੁਲ ਫਰੀ ਕੀਤਾ ਜਾਂਦਾ ਹੈ। ਗੁਰਦੀਪ ਸਿੰਘ ਕੰਗ ਅਤੇ ਉਹਨਾਂ ਦੇ ਸਾਥੀਆਂ ਨੇ ਭਰੋਸਾ ਦਿੱਤਾ ਕਿ ਉਹ ਪੁਲਿਸ ਦਾ ਇਸ ਮੁਹਿਮ 'ਚ ਹਰ ਸੰਭਵ ਸਹਿਯੋਗ ਕਰਨਗੇ। ਇਸ ਮੌਕੇ ਕੌਂਸਲ ਦੇ ਕ੍ਰਾਇਮ ਸੈਲ ਦੇ ਸੂਬਾ ਪ੍ਰਧਾਨ ਸੰਜੀਵ ਸੂਰੀ, ਲਾਇਨ ਅਜੇ ਕੁਮਾਰ, ਵਿਨੇ ਕੁਮਾਰ ਬਿੱਟੂ, ਲਾਇਨ ਦਿਨੇਸ਼ ਖਰਬੰਦਾ, ਵਾਸੂ ਗੁਪਤਾ ਅਤੇ ਏ.ਐਸ.ਆਈ. ਨਛੱਤਰ ਸਿੰਘ ਆਦਿ ਹਾਜਰ ਸਨ।



# ਹਲਕਾ ਚੱਬੇਵਾਲ ਦੇ ਪਿੰਡਾਂ ਦੀ ਬਿਜਲੀ ਬਹਾਲੀ ਸੰਬੰਧੀ ਐਮ ਐਲ ਏ ਡਾ. ਇਸ਼ਾਂਕ ਵੱਲੋ ਪਾਵਰ-ਕਾਮ ਅਫ਼ਸਰਾਂ ਨਾਲ ਹੰਗਾਮੀ ਮੀਟਿੰਗ

## ਜ਼ਰੂਰਤ ਪਈ ਤਾਂ ਆਪਣੀ ਤਨਖਾਹ 'ਚੋ ਪੈਸੇ ਖਰਚ ਕਰਕੇ ਵੀ ਕਰਾਗਾਂ ਹਲਕੇ ਦੀਆਂ ਸਮੱਸਿਆਵਾਂ ਦਾ ਹੱਲ : ਡਾ. ਇਸ਼ਾਂਕ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 30 ਮਈ ( ਤਰਸੇਮ ਦੀਵਾਨਾ ) ਹਲਕਾ ਚੱਬੇਵਾਲ ਦੇ ਸਮੂਹ ਪਾਵਰ ਕਮ ਅਫ਼ਸਰਾਂ ਅਤੇ ਕਰਮੀਆਂ ਨਾਲ ਵੱਖ-ਵੱਖ ਪਿੰਡਾਂ ਦੇ ਸਰਪੰਚਾਂ, ਬਲਾਕ ਪ੍ਰਧਾਨਾ ਅਤੇ ਜਿੰਮੀਦਾਰਾਂ ਦੀ ਮੌਜੂਦਗੀ ਵਿੱਚ ਹਲਕਾ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਮੀਟਿੰਗ ਕੀਤੀ ਜਿਸ ਵਿੱਚ ਬੀਤੇ ਸਮੇਂ ਵਿੱਚ ਖਰਾਬ ਮੌਸਮ ਅਤੇ ਹਨੇਰੀ-ਤੂਫ਼ਾਨ ਕਰਕੇ ਬਿਜਲੀ ਦੀ ਬਹਾਲੀ ਵਿੱਚ ਆਈਆਂ ਦਿੱਕਤਾਂ ਸਬੰਧੀ ਚਰਚਾ ਕੀਤੀ ਗਈ।ਇਸ ਮੌਕੇ 'ਤੇ ਐਕਸੀਅਨ ਪਾਵਰ-ਕਾਮ ਵਿਨੈਦੀਪ ਸਿੰਘ ਐਕਸੀਅਨ ਮਾਹਿਲਪੁਰ , ਸੁਖਜਿੰਦਰ ਸਿੰਘ ਐਸ ਡੀ ਉ ਬਸੀ ਕਲਾਂ, ਅਮਰਜੀਤ ਸਿੰਘ ਐਸ ਡੀ ਉ ਸੈਲਾ ਖੁਰਦ,



ਸੁਖਵਿੰਦਰ ਸਿੰਘ ਐਸ ਡੀ ਉ ਪਾਲਦੀ, ਰਵਿੰਦਰ ਸਿੰਘ ਐਸ ਡੀ ਉ ਮਾਹਿਲਪੁਰ, ਸਮੇਤ ਪਿੰਡਾਂ ਦੇ ਸਰਪੰਚ ਅਤੇ ਸਮੂਹ ਜਿੰਮੀਦਾਰਾਂ ਨੇ ਆਪਣੇ ਪਿੰਡਾਂ ਦੀਆਂ ਸਮੱਸਿਆਵਾਂ ਸੰਬੰਧੀ ਵਿਧਾਇਕ ਅਤੇ ਪਾਵ-ਕਾਮ ਅਫ਼ਸਰਾਂ ਨੂੰ ਅਵਗਤ ਕਰਵਾਇਆ।ਇਸ ਮੌਕੇ 'ਤੇ ਵਿਧਾਇਕ ਡਾ. ਇਸ਼ਾਂਕ ਨੇ ਦੱਸਿਆ ਕਿ ਮੈਂ ਬੀਤੇ ਕਈ ਦਿਨਾਂ ਤੋਂ ਪਿੰਡਾਂ ਦੀਆਂ ਇਹਨਾਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਯਤਨ ਕਰ ਰਿਹਾ ਹਾਂ ਅਤੇ ਇਸ ਸੰਬੰਧੀ ਕਾਫ਼ੀ ਮੁਸ਼ਕਿਲਾਂ ਦੂਰ ਕੀਤੀਆਂ ਜਾ ਚੁੱਕੀਆਂ ਹਨ।ਪ੍ਰੰਤੂ ਪਾਵਰ-ਕਾਮ ਦੇ ਠੇਕਾ ਕਰਮਚਾਰੀਆਂ ਵੱਲੋਂ ਚੱਲ ਰਹੀ ਹੜਤਾਲ ਸਦਕਾ ਬਹਾਲੀ ਵਿੱਚ ਕੁਝ ਮੁਸ਼ਕਿਲਾਂ ਆ ਰਹੀਆਂ ਹਨ, ਜਿਨ੍ਹਾਂ ਦਾ ਹੱਲ ਕਰਨ ਲਈ ਜੇ ਕਰ ਜ਼ਰੂਰਤ ਪਈ ਤਾਂ ਆਪਣੇ ਐਮ ਐਲ ਏ ਭੱਤੇ ਵਿੱਚੋਂ ਪੈਸੇ ਖਰਚ ਕਰਕੇ ਇਹਨਾਂ ਸਾਰੀਆਂ ਸਮੱਸਿਆਵਾਂ ਦਾ ਜਲਦ ਤੋਂ ਜਲਦ ਹੱਲ ਕਰਵਾਗਾਂ ।ਇਸ ਮੌਕੇ ਤੇ ਵਿਧਾਇਕ ਡਾ. ਇਸ਼ਾਂਕ ਨੇ ਦੱਸਿਆ ਕਿ ਸਾਡੇ ਪਿੰਡਾਂ ਦੇ ਜਿੰਮੀਦਾਰ ਅਤੇ ਕਿਸਾਨ ਭਰਾ ਸਾਡੇ ਸਿਸਟਮ ਦੀ ਰੀੜ ਦੀ ਹੱਡੀ ਹਨ ਅਤੇ ਇਹਨਾਂ ਨੂੰ ਆਉਣ ਵਾਲੀਆਂ ਸਾਰੀਆਂ ਔਕੜਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨਾ ਮੇਰੀ ਪ੍ਰਾਥਮਿਕਤਾ ਹੈ। ਇਸ ਲਈ ਮੈ ਹਰ ਕੀਮਤ 'ਤੇ ਜੋ ਵੀ ਸੰਭਵ ਯਤਨ ਹਨ ਕਰਾਗਾਂ।ਇਸ ਮੌਕੇ ਤੇ ਅਨਿਲ ਕੁਮਾਰ, ਜਸਪਾਲ ਸਿੰਘ, ਸੋਨੀ ਜੇਜੋਂ, ਭੁਪਿੰਦਰ ਸਿੰਘ ਬਲਾਕ ਪ੍ਰਧਾਨ, ਬੰਟੀ ਮੈਲੀ, ਗਗਣਦੀਪ ਚਾਣਥੂ, ਗੁਰਜੀਤ ਸਰਪੰਚ ਮਹਿਮਦੋਵਾਲ ਕਲਾਂ, ਰਾਮਪੁਰ ਚੰਨੀ, ਸਰਪੰਚ ਫਤਿਹਪੁਰ ਸੁਖਵਿੰਦਰ ਸਿੰਘ, ਰੇਸ਼ਮ ਸਿੰਘ ਸਰਪੰਚ ਚੱਕ ਨਰਿਆਲ, ਦੇਬੀ ਕੈਂਡੋਵਾਲ, ਜੈਲਾ ਲਲਵਾਣ, ਨਿਸ਼ਾ ਲਲਵਾਣ, ਵਿੱਕੀ ਕਹਾਰਪੁਰ, ਹਰਦੀਪ ਸਿੰਘ ਸਰਪੰਚ ਬਾਹੋਵਾਲ, ਹੈਪੀ ਡਾਡੀਆਂ, ਨਰਿੰਦਰ ਬਢੇਲ, ਆਦਿ ਮੌਜੂਦ ਸਨ।

# ਲੈਕਚਰਾਰ ਅਮਰਜੀਤ ਸਿੰਘ ਝਲੂਰ ਅਤੇ ਰਿਟਾ. ਡਿਪਟੀ ਡਾਇਰੈਕਟਰ ਡਾ. ਮੱਖਣ ਸਿੰਘ ਨੂੰ ਸਟੇਟ ਜਨਰਲ ਸਕੱਤਰ ਦਾ ਔਹਦਾ ਦੇ ਬਸਪਾ ਨੇ ਦਿੱਤੀ ਵੱਡੀ ਜਿੰਮੇਵਾਰੀ

## ਕਿਹਾ, ਪਾਰਟੀ ਨੂੰ ਵਿਸਵਾਸ ਦਿਵਾਉਂਦੇ ਹਾਂ ਪਾਰਟੀ ਦਾ ਤਨਦੇਹੀ ਨਾਲ ਕੰਮ ਕਰਨਗੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਬਰਨਾਲਾ-(ਅਮਰਜੀਤ ਸਿੰਘ ਝਲੂਰ)

ਬਹੁਜਨ ਸਮਾਜ ਪਾਰਟੀ ਦੇ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਜੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ , ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ, ਸ੍ਰੀ ਰਣਧੀਰ ਸਿੰਘ ਜੀ ਬੈਣੀਵਾਲ ਰਾਸ਼ਟਰੀ ਕੋਆਰਡੀਨੇਟਰ, ਸ੍ਰੀ ਵਿਪਲ ਕੁਮਾਰ ਜੀ ,ਕੇਂਦਰੀ ਕੋਆਰਡੀਨੇਟਰ, ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਪ੍ਰਧਾਨ ਬਸਪਾ ਪੰਜਾਬ, Ex





M LA, Ex M P , ਸ੍ਰੀ ਅਜੀਤ ਸਿੰਘ ਭੈਣੀ ਜੀ ਪ੍ਰਜਾਪਤੀ ,ਸਟੇਟ ਇੰਚਾਰਜ ਪੰਜਾਬ ,ਜੋਨ ਇੰਚਾਰਜ ਪਟਿਆਲਾ, ਡਾਕਟਰ ਨਛੱਤਰ ਪਾਲ ਜੀ ਐਮ ਐਲ ਏ ਨਵਾਂ ਸ਼ਹਿਰ, ਸਟੇਟ ਇੰਚਾਰਜ ਪੰਜਾਬ ਤੇ ਸ ਕੁਲਦੀਪ ਸਿੰਘ ਜੀ ਸਰਦੂਲਗੜ੍ਹ ਸਟੇਟ ਇੰਚਾਰਜ ਪੰਜਾਬ, ਸਮੁੱਚੀ ਬਸਪਾ ਪੰਜਾਬ ਟੀਮ ਵੱਲੋਂ, ਲੈਕਚਰਾਰ ਅਮਰਜੀਤ ਸਿੰਘ ਝਲੂਰ ਜੋਨ ਇੰਚਾਰਜ ਪਟਿਆਲਾ ਨੂੰ ਅਤੇ ਲੋਕ ਸਭਾ ਸੰਗਰੂਰ ਇਨਚਾਰਜ ਰਿਟਾ ਡਿਪਟੀ ਡਾਇਰੈਕਟਰ ਡਾ. ਮੱਖਣ ਸਿੰਘ ਨੂੰ ਸਟੇਟ ਜਨਰਲ ਸਕੱਤਰ ਦਾ ਔਹਦਾ ਦੇ ਕੇ ਵੱਡੀ ਜਿੰਮੇਵਾਰੀ ਦਿੱਤੀ ਗਈ ਹੈ।

ਉਹਨਾ ਨੇ ਸਮੁੱਚੀ ਸਟੇਟ ਲੀਡਰਸ਼ਿਪ ਦਾ ਦਿਲ ਦੀਆਂ ਗਹਿਰਾਈਆਂ ਵਿਚੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਉਹਨਾਂ ਕਿਹਾ ਪਾਰਟੀ ਨੂੰ ਵਿਸਵਾਸ ਦਿਵਾਉਂਦੇ ਹਨ ਕਿ ਮਿਹਨਤ ਤੇ ਤਨਦੇਹੀ ਦੇ ਨਾਲ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ, ਬਾਮਸੇਫ , ਡੀ ਐਸ ਫ਼ੋਰ ਤੇ ਬਸਪਾ ਦੇ ਬਾਨੀ ਜੀ ਦੇ ਅਧੂਰੇ ਪਏ ਸੁਪਨੇ ਨੂੰ ਪੂਰਾ ਕਰਨ ਦੇ ਲਈ ਦਿਨ ਰਾਤ ਮਿਹਨਤ ਕਰਨਗੇ।

ਵੱਲੋਂ : ਲੈਕਚਰਾਰ ਅਮਰਜੀਤ ਸਿੰਘ ਝਲੂਰ ਜੋਨ ਇੰਚਾਰਜ ਪਟਿਆਲਾ, ਜਨਰਲ ਸਕੱਤਰ ਪੰਜਾਬ।

# ਅਕਾਲ ਅਕੈਡਮੀ ਉੱਭਿਆਂ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਆਯੋਜਿਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਸੰਗਰੂਰ,30 ਮਈ (ਜਗਸੀਰ ਲੌਂਗੋਵਾਲ)-

"ਸ਼ਹੀਦਾਂ ਦੇ ਸਰਤਾਜ" ਅਤੇ ਸ਼ਾਂਤੀ ਦੇ ਪੁੰਜ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹੀਦੀ ਨੂੰ ਸਮਰਪਿਤ ਕਲਗੀਧਰ ਟਰੱਸਟ ਬੜੂ ਸਾਹਿਬ ਵਿਦਿਅਕ ਸੰਸਥਾ ਦੇ ਅਧੀਨ ਚੱਲ ਰਹੀ ਅਕਾਲ ਅਕੈਡਮੀ ਉੱਭਿਆਂ ਵਿਖੇ ਇੱਕ ਵਿਸ਼ੇਸ਼ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ। ਸਮਾਗਮ ਦੌਰਾਨ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਸੁਖਮਨੀ



ਸਾਹਿਬ ਦੇ ਪਾਠ ਕੀਤੇ ਗਏ। ਉਪਰੰਤ ਵਾਹਿਗੁਰੂ ਜਾਪ, ਸ਼ਬਦ ਕੀਰਤਨ, ਕਵਿਤਾਵਾਂ ਅਤੇ ਕਵੀਸ਼ਰੀਆਂ ਰਾਹੀਂ ਆਪਣੀ ਸ਼ਰਧਾ ਭਾਵਨਾ ਪ੍ਰਗਟ ਕੀਤੀ। ਇਸ ਤੋਂ ਇਲਾਵਾ ਵਿਦਿਆਰਥੀਆਂ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ 'ਤੇ ਅਧਾਰਿਤ ਆਪਣੀ ਕਵਿਤਾ, ਕਵੀਸ਼ਰੀ ਅਤੇ ਸ਼ਬਦ ਪੇਸ਼ ਕਰਕੇ ਸਭ ਦੇ ਮਨ ਮੋਹ ਲਏ। ਇਸ ਸਮਾਗਮ ਵਿੱਚ ਅਕੈਡਮੀ ਦੇ ਸਾਰੇ ਸਟਾਫ ਅਤੇ ਵਿਦਿਆਰਥੀਆਂ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਅਤੇ ਉਪਰੰਤ ਕੜਾਹ ਪ੍ਰਸ਼ਾਦ ਦੇ ਖੁੱਲੇ ਗੱਫੇ ਵਰਤਾਏ ਗਏ। ਅੰਤ ਵਿੱਚ ਪ੍ਰਿੰਸੀਪਲ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਗੁਰੂ ਸਾਹਿਬਾਨਾਂ ਨੇ ਕਲਯੁਗ ਵਿੱਚ ਤਪਦੀ ਹੋਈ ਮਨੁੱਖਤਾ ਨੂੰ ਠੰਡ ਪਾਉਣ, ਸੱਚਾਈ ਦਾ ਰਾਹ ਵਿਖਾਉਣ ਅਤੇ ਨਿਮਰਤਾ, ਸੇਵਾ ਤੇ ਸ਼ਾਂਤੀ ਦੀ ਸਿਖਿਆ ਦੇਣ ਲਈ ਅਵਤਾਰ ਧਾਰਨ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਗੁਰੂ ਸਾਹਿਬਾਨਾਂ ਦੇ ਉਪਦੇਸ਼ਾਂ 'ਤੇ ਚੱਲਦਿਆਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਆਪਣੇ ਜੀਵਨ ਨੂੰ ਅਰਥਪੂਰਨ ਬਣਾਉਣਾ ਚਾਹੀਦਾ ਹੈ। ਇਹ ਸਮਾਗਮ ਅਕੈਡਮੀ ਵੱਲੋਂ ਧਾਰਮਿਕ ਅਤੇ ਆਧਿਆਤਮਿਕ ਮੁੱਲਾਂ ਦੀ ਸਥਾਪਨਾ ਵੱਲ ਇਕ ਹੋਰ ਕਦਮ ਸੀ, ਜਿਸ ਰਾਹੀਂ ਵਿਦਿਆਰਥੀਆਂ ਦੇ ਮਨ ਵਿੱਚ ਗੁਰੂ ਸਾਹਿਬਾਨਾਂ ਪ੍ਰਤੀ ਪਿਆਰ, ਸਤਿਕਾਰ ਅਤੇ ਨਿਮਰਤਾ ਦਾ ਬੀਜ ਬੀਜਿਆ ਗਿਆ।

# ਸਹਾਰਾ ਫਾਊਂਡੇਸ਼ਨ ਨੇ ਵਿਸ਼ਵ ਤੰਬਾਕੂ ਵਿਰੋਧੀ ਦਿਵਸ ਸਬੰਧੀ ਲੇਬਰ ਚੌਂਕ ਵਿਖੇ ਕਿਰਤੀਆਂ ਨੂੰ ਕੀਤਾ ਜਾਗਰੂਕ

## ਨਸ਼ੇ ਛੱਡੋ ਕੋਹੜ ਵੱਢੋ ਦੇ ਨਾਹਰੇ ਨਾਲ ਕਿਰਤੀਆਂ ਨੇ ਤੰਬਾਕੂ ਸੇਵਨ ਨਾ ਕਰਨ ਦਾ ਲਿਆ ਸੰਕਲਪ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਸੰਗਰੂਰ,30 ਮਈ (ਜਗਸੀਰ ਲੌਂਗੋਵਾਲ)-

ਵਿਸ਼ਵ ਤੰਬਾਕੂ ਰਹਿਤ ਦਿਵਸ ਸਬੰਧੀ ਸਥਾਨਕ ਲੇਬਰ ਚੌਂਕ ਵਿਖੇ ਸਹਾਰਾ ਫਾਊਂਡੇਸ਼ਨ ਦੇ ਵਲੰਟੀਅਰਾਂ ਵੱਲੋਂ ਸਰਬਜੀਤ ਸਿੰਘ ਚੇਅਰਮੈਨ ਅਤੇ ਡਾ ਦਿਨੇਸ਼ ਗਰੋਵਰ ਡਾਇਰੈਕਟਰ ਮੈਡੀਕਲ ਵਿੰਗ ਦੀ ਅਗਵਾਈ ਹੇਠ ਕਿਰਤੀਆਂ ਨੂੰ ਤੰਬਾਕੂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕੀਤਾ ਗਿਆ। ਉੱਥੇ ਉਹਨਾਂ ਵੱਲੋਂ ਸਿਗਰਟ ਸੰਬਾਲਿਕ ਰੂਪ ਵਿੱਚ ਬਣਾ ਕੇ ਉਸ ਨੂੰ ਅਗਨੀ ਭੇਂਟ ਕੀਤਾ ਗਿਆ। ਇਸ ਮੌਕੇ ਸੁਰਿੰਦਰ ਪਾਲ ਸਿੰਘ ਸਿਦਕੀ ਕੋਆਰਡੀਨੇਟਰ ਨੇ ਵਿਸ਼ਵ ਤੰਬਾਕੂ ਵਿਰੋਧੀ ਦਿਵਸ ਦੇ ਬਾਰੇ ਜਾਣਕਾਰੀ ਦਿੱਤੀ ਅਤੇ ਤੰਬਾਕੂ ਦੀ ਵਰਤੋਂ ਨਾਲ ਫੇਫੜਿਆਂ ਦੇ ਕੈਂਸਰ



ਅਤੇ ਹੋਰ ਸਿਹਤ ਤੇ ਹੁੰਦੇ ਮਾਰੂ ਪ੍ਰਭਾਵਾਂ ਬਾਰੇ ਦੱਸਿਆ। ਜਾਗਰੂਕ ਹੋਏ ਮਜ਼ਦੂਰ ਕਿਰਤੀਆਂ ਵੱਲੋਂ ਨਸ਼ੇ ਛੱਡੋ ਕੋਹੜ ਵੱਢੋ, ਤੰਬਾਕੂ ਜ਼ਹਿਰ ਜੋ ਪੀਂਦੇ ਨੇ - ਉਹ ਮੁਰਦਾ ਜੀਵਨ ਜਿੰਦੇ ਨੇ ਨਾਹਰਿਆਂ ਦੀ ਗੂੰਜ ਵਿੱਚ ਤੰਬਾਕੂ ਛੱਡਣ ਦਾ ਪ੍ਰਣ ਕਰਦੇ ਹੋਏ ਤੰਬਾਕੂ ਪਦਾਰਥਾਂ ਨੂੰ ਅੱਗ ਦੇ ਅੱਗੇ ਸੁੱਟ ਕੇ ਨਸ਼ਟ ਕੀਤਾ ਗਿਆ। ਅਤੇ ਉਹਨਾਂ ਵੱਲੋਂ ਭਵਿੱਖ ਵਿੱਚ ਇਸ ਦੇ ਸੇਵਨ ਨਾ ਕਰਨ ਦਾ ਸੰਕਲਪ ਲਿਆ। ਇਸ ਮੌਕੇ ਸਹਾਰਾ ਮੈਡੀਕਲ ਵਿੰਗ ਦੇ ਡਾਇਰੈਕਟਰ ਦਿਨੇਸ਼ ਗਰੋਵਰ, ਜਨਰਲ ਸਕੱਤਰ ਅਸ਼ੋਕ ਕੁਮਾਰ ਸ਼ਰਮਾ ਨੇ ਕਿਹਾ ਕਿ ਸਹਾਰਾ ਵਲੋਂ ਲੰਬੇ ਸਮੇਂ ਤੋਂ ਵੱਖ-ਵੱਖ ਜਗ੍ਹਾ ਤੇ ਜਾ ਕੇ ਤੰਬਾਕੂ ਨਾਲ ਹੋ ਰਹੇ ਸਰੀਰ ਤੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕੀਤਾ ਜਾ ਰਿਹਾ ਹੈ ਉਹਨਾਂ ਕਿਹਾ ਕਿ ਲੋਕ ਜਾਗਰੂਕ ਹੋ ਕੇ ਇਸ ਦੇ ਸੇਵਨ ਕਰਨ ਤੋਂ ਨਾ ਕਰ ਰਹੇ ਹਨ। ਇਸ ਮੌਕੇ ਸਕੱਤਰ ਵਰਿੰਦਰਜੀਤ ਸਿੰਘ ਬਜਾਜ, ਸੁਭਾਸ਼ ਕਰਾੜੀਆ ਅਤੇ ਡਾ. ਸੁਮਿੰਦਰ ਸਿੰਘ ਨੇ ਕਿਹਾ ਕਿ ਤੰਬਾਕੂ ਦਾ ਸੇਵਨ ਕਰਨ ਨਾਲ ਲੋਕ ਕੈਂਸਰ ਵਰਗੀਆਂ ਭਿਆਨਕ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਉਥੇ ਇਨਸਾਨ ਸਰੀਰਕ ਅਤੇ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਤੇ ਕਿਹਾ ਕਿ ਅੱਜ ਕੱਲ ਦੀ ਨੌਜਵਾਨ ਪੀੜ੍ਹੀ ਤੰਬਾਕੂ ਦਾ ਵੱਖ-ਵੱਖ ਤਰੀਕਿਆਂ ਨਾਲ ਸੇਵਨ ਕਰ ਰਹੇ ਹਨ। ਜਿਵੇਂ ਕਿ ਹੁੱਕਾ, ਖੇਨੀ, ਪਾਨ ਮਸਾਲਾ, ਤੰਬਾਕੂਨੋਸ਼ੀ ਕਰਨ ਵਾਸਤੇ ਜਦਕਿ ਤੰਬਾਕੂ ਪਦਾਰਥਾਂ ਤੇ ਲਿਖਿਆ ਹੁੰਦਾ ਹੈ ਕਿ ਇਹਦਾ ਸੇਵਨ ਤੁਹਾਡੇ ਸਰੀਰ ਵਾਸਤੇ ਹਾਨੀਕਾਰਕ ਹੈ ਪਰ ਫਿਰ ਵੀ ਲੋਕ ਇਸ ਨੂੰ ਅਨਦੇਖਾ ਕਰਕੇ ਇਸ ਦਾ ਸੇਵਨ ਕਰ ਰਹੇ ਹਨ ਜਿਸਦਾ ਸਮਾਜ ਉੱਤੇ ਹਰ ਪੱਖੋਂ ਮਾੜਾ ਪ੍ਰਭਾਵ ਪੈ ਰਿਹਾ ਹੈ। ਇਸ ਮੌਕੇ ਲਵਪ੍ਰੀਤ ਸਿੰਘ, ਅਭਿਨੰਦਨ ਚੌਹਾਨ, ਗੁਰਤੇਜ ਸਿੰਘ ਖੇਤਲਾ, ਕਰਨ ਕਥੂਰੀਆ, ਓਮ ਪ੍ਰਕਾਸ਼, ਲੇਬਰ ਚੌਂਕ ਪ੍ਰਧਾਨ ਭੁਪਿੰਦਰ ਸਿੰਘ, ਭੋਲਾ ਸਿੰਘ,ਮਿੱਠੂ ਰਾਮ,ਕਾਲਾ ਉੱਪਲੀ,ਰਣਜੀਤ ਸਿੰਘ, ਜੀਵਨ ਸਿੰਘ,ਨਾਜ਼ਰ ਸਿੰਘ,ਦਰਸ਼ਨ ਸਿੰਘ,ਗੁਰਮੇਲ ਸਿੰਘ ਆਦਿ ਮੌਜੂਦ ਸਨ।

# ਸੋਸਾਇਟੀ ਵਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਤੇ ਧਾਰਮਿਕ ਸਮਾਗਮ ਕਰਵਾਇਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਮੋਰਿੰਡਾ 30 ਮਈ ( ਪਤਰ ਪ੍ਰੇਰਕ ) ਸੁਖਮਨੀ ਸਾਹਿਬ ਸੇਵਾ ਸੁਸਾਇਟੀ ਵਲੋਂ ਡੇਰਾ ਕਾਰ ਸੇਵਾ ਮੋਰਿੰਡਾ ਦੇ ਸਹਿਯੋਗ ਨਾਲ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਵਿਖੇ ਕੀਰਤਨ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਇਲਾਕਾ ਨਿਵਾਸੀਆਂ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਬੀਬੀ ਜਸਵੰਤ ਕੌਰ ਨੇ ਦੱਸਿਆ ਕਿ ਇਸ ਸਮੇਂ ਹੈਡ ਗ੍ਰੰਥੀ ਗਿਆਨੀ ਹਰਵਿੰਦਰ ਸਿੰਘ ਮਨੈਲੀ , ਹਜ਼ੂਰੀ ਰਾਗੀ ਭਾਈ ਸੇਵਕ ਸਿੰਘ ਕਮਲ ਅਤੇ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਆਦਿ ਨੇ ਅਪਣੇ ਜਥਿਆਂ ਸਮੇਤ ਕਥਾ ਅਤੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਦੇ ਅੰਤ ਵਿੱਚ ਪ੍ਰਬੰਧਕਾਂ ਵੱਲੋਂ ਸਮਾਗਮ ਵਿੱਚ ਹਾਜ਼ਰੀ ਭਰਨ ਵਾਲੇ ਜਥਿਆਂ ਅਤੇ ਪਤਵੰਤੇ ਸਜਣਾਂ ਨੂੰ ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਸਭਾ ਵਲੋਂ ਸੰਗਤਾਂ ਦੀ ਸਹੂਲਤ ਲਈ ਇਕ ਹਫਤਾ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਬਾ ਸੁਰਿੰਦਰ ਸਿੰਘ ਕਾਰ ਸੇਵਾ ਦਿੱਲੀ ਵਾਲੇ, ਸੀਨੀਅਰ ਅਕਾਲੀ ਨੇਤਾ ਜੁਝਾਰ ਸਿੰਘ ਮਾਵੀ ਸਾਬਕਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਰੂਪਨਗਰ, ਸੀਨੀਅਰ ਆਗੂ ਹਰਮਿੰਦਰ ਸਿੰਘ ਲੱਕੀ,ਸਾਬਕਾ ਮੈਂਬਰ ਬਲਾਕ ਸੰਮਤੀ ਜੋਗਿੰਦਰ ਸਿੰਘ ਬੰਗੀਆਂ, ਸਾਬਕਾ ਬਲਾਕ ਸੰਮਤੀ ਮੈਂਬਰ ਜੋਗਿੰਦਰ ਸਿੰਘ ਬੰਗੀਆਂ,ਸਾਬਕਾ ਸਰਪੰਚ ਭੁਪਿੰਦਰ ਸਿੰਘ ਰੌਣੀ, ਬਾਰਾ ਸਿੰਘ ਰੌਣੀ, ਭਾਰਤੀ ਕਿਸਾਨ ਯੂਨੀਅਨ ਦੇ ਆਗੂ ਪ੍ਰਗਟ ਸਿੰਘ ਰੌਲੂ ਮਾਜਰਾ, ਹਰਚੰਦ ਸਿੰਘ ਰਤਨਗੜ੍ਹ, ਸੰਤੋਖ ਸਿੰਘ ਕਲਹੇੜੀ, ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਦੇ ਕਮੇਟੀ ਮੈਂਬਰ ਸ਼ੇਰ ਸਿੰਘ ਡੂਮਛੇੜੀ, ਗੁਰਮੁੱਖ ਸਿੰਘ ਸੰਤ ਨਗਰ, ਰਾਵਿੰਦਰ ਸਿੰਘ ਰਾਜੂ, ਹਰਦੀਪ ਸਿੰਘ ਅਨੰਦ, ਸੁਖਵਿੰਦਰ ਸਿੰਘ ਮੁੰਡੀਆਂ ਪ੍ਰਧਾਨ ਟਰੱਕ ਯੂਨੀਅਨ ਮੋਰਿੰਡਾ,ਪਰਮਿੰਦਰ ਸਿੰਘ ਢੋਲਣ ਮਾਜਰਾ, ਚਰਨਜੀਤ ਸਿੰਘ ਚੰਨਾ ਢੋਲਣ ਮਾਜਰਾ, ਗੁਰਪ੍ਰੀਤ ਸਿੰਘ ਬਾਲ ਸੰਡਾ, ਨਵਤੇਜ ਸਿੰਘ ਤੇ ਭੇਜੀ, ਜਗਨੰਦਨ ਸਿੰਘ ਅਨੰਦ, ਮੈਨੇਜਰ ਦਵਿੰਦਰ ਸਿੰਘ, ਮਾਂ ਹਾਕਮ ਸਿੰਘ, ਸੁਪਰਡੈਂਟ ਭਾਗ ਸਿੰਘ ਮਕੜੌਨਾ, ਭਾਗ ਸਿੰਘ ਘੜੂੰਆਂ, ਭੁਪਿੰਦਰ ਸਿੰਘ ਗੀਹਲ, ਤੇਜਿੰਦਰ ਸਿੰਘ ਸੋਨੂੰ, ਗੁਰਜੀਤ ਸਿੰਘ ਜੀਤੀ ਮੰਡਾਂ, ਸਤਵੰਤ ਸਿੰਘ ਦਾਤਾਰਪੁਰ ਆਦਿ ਪਤਵੰਤੇ ਸੱਜਣ ਹਾਜ਼ਰ ਸਨ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

# ਵਿਸ਼ਵ ਤੰਬਾਕੂ ਰਹਿਤ ਦਿਵਸ 31 ਮਈ 2025- ਜਾਗਰੂਕਤਾ ਫੈਲਾਉਣ ਦੇ ਨਾਲ-ਨਾਲ ਕਾਨੂੰਨੀ ਸਖ਼ਤੀ ਹੁਣ ਜ਼ਰੂਰੀ ਹੈ



**ਬੱਚਿਆਂ, ਭਵਿੱਖ ਦੇ ਆਗੂਆਂ ਨੂੰ ਤੰਬਾਕੂ ਉਦਯੋਗ ਦੇ ਦਖਲਅੰਦਾਜ਼ੀ ਤੋਂ ਬਚਾਉਣਾ ਸਮੇਂ ਦੀ ਲੋੜ ਹੈ, ਤੰਬਾਕੂ ਮਨਾਹੀ ਬਾਰੇ ਜਨਤਕ ਜਾਗਰੂਕਤਾ ਦੇ ਦਿਨ ਹੁਣ ਖਤਮ ਹੋ ਗਏ ਹਨ, ਹੁਣ ਰਾਸ਼ਟਰੀ ਸੁਰੱਖਿਆ ਕਾਨੂੰਨ ਤਹਿਤ ਤੰਬਾਕੂ ਵੇਚਣ ਵਾਲਿਆਂ ਅਤੇ ਖਪਤਕਾਰਾਂ ਦੋਵਾਂ ਵਿਰੁੱਧ ਕਾਰਵਾਈ ਕਰਨ ਬਾਰੇ ਵਿਚਾਰ ਕਰਨਾ ਸਮੇਂ ਦੀ ਲੋੜ ਹੈ - ਐਡਵੋਕੇਟ ਕਿਸ਼ਨ ਸਨਮੁਖਦਾਸ ਭਵਾਨੀ ਗੋਂਡੀਆ ਮਹਾਰਾਸ਼ਟਰ**

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਗੋਂਡੀਆ- ਵਿਸ਼ਵ ਪੱਧਰ 'ਤੇ ਬਹੁਤ ਸਾਰੀਆਂ ਅਜਿਹੀਆਂ ਬੁਰਾਈਆਂ ਜਾਂ ਬੁਰੀਆਂ ਆਦਤਾਂ, ਸ਼ੌਂਕ ਜਾਂ ਗਤੀਵਿਧੀਆਂ ਹਨ, ਜਿਨ੍ਹਾਂ ਨੂੰ ਰੋਕਣ ਲਈ 195 ਤੋਂ ਵੱਧ ਦੇਸ਼ਾਂ ਦੀ ਮੈਂਬਰਸ਼ਿਪ ਨਾਲ ਬਣਿਆ ਸੰਯੁਕਤ ਰਾਸ਼ਟਰ, ਉਸ ਆਦਤ, ਚੀਜ਼ ਨੂੰ ਰੋਕਣ ਲਈ ਮਨਾਹੀ ਦਿਵਸ ਮਨਾਉਂਦਾ ਹੈ, ਜਿਸ ਲਈ ਜਨਤਕ ਜਾਗਰੂਕਤਾ ਜਾਂ ਮਨਾਹੀ ਦਿਵਸ ਮਨਾਇਆ ਜਾਂਦਾ ਹੈ, ਜੋ ਕਿ ਸ਼ਲਾਘਾਯੋਗ ਹੈ। ਇਸੇ ਕ੍ਰਮ ਵਿੱਚ, 31 ਮਈ 2025 ਨੂੰ ਵਿਸ਼ਵ ਤੰਬਾਕੂ ਰਹਿਤ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ, ਜੋ ਕਿ ਹਰ ਸਾਲ ਮਨਾਇਆ ਜਾਂਦਾ ਹੈ। ਪਰ ਮੇਰਾ ਮੰਨਣਾ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਦੁਨੀਆ ਦੇ ਹਰ ਦੇਸ਼ ਅਤੇ ਰਾਜ ਇਸ ਨਾਲ ਸਬੰਧਤ ਕਾਨੂੰਨਾਂ ਵਿੱਚ ਸੋਧ ਕਰੇ। ਹੁਣ ਤੰਬਾਕੂ ਅਤੇ ਇਸ ਦੇ ਉਤਪਾਦਾਂ 'ਤੇ ਪੂਰੀ ਤਰ੍ਹਾਂ ਪਾਬੰਦੀ ਹੋਣੀ ਚਾਹੀਦੀ ਹੈ ਅਤੇ ਰਾਸ਼ਟਰੀ ਸੁਰੱਖਿਆ ਕਾਨੂੰਨ ਤਹਿਤ ਇਸਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਭਾਵੇਂ ਭਾਰਤ ਦੇ ਕਈ ਰਾਜਾਂ ਵਿੱਚ ਤੰਬਾਕੂ ਅਤੇ ਇਸ ਦੇ ਉਤਪਾਦਾਂ 'ਤੇ ਪਾਬੰਦੀ ਹੈ, ਪਰ ਇਸ 'ਤੇ ਸਖ਼ਤੀ ਦੀ ਬਹੁਤ ਘਾਟ ਹੈ। ਇਸ ਸਬੰਧ ਵਿੱਚ, ਮੈਂ ਖੁਦ ਇਸ ਲੇਖ ਨੂੰ ਲਿਖਣ ਤੋਂ ਇੱਕ ਹਫ਼ਤੇ ਪਹਿਲਾਂ ਖੋਜ ਅਤੇ ਜ਼ਮੀਨੀ ਰਿਪੋਰਟਿੰਗ ਕਰ ਰਿਹਾ ਸੀ, ਜਿਸ ਬਾਰੇ ਅਸੀਂ ਹੇਠਾਂ ਦਿੱਤੇ ਪੈਰੇ ਵਿੱਚ ਚਰਚਾ ਕਰਾਂਗੇ, ਫਿਰ ਮੈਂ ਦੇਖਿਆ ਕਿ ਤੰਬਾਕੂ ਵੇਚਣ ਵਾਲਿਆਂ ਵਿਰੁੱਧ ਕਾਰਵਾਈ ਬਹੁਤ ਹੌਲੀ ਹੌਲੀ ਕੀਤੀ ਜਾਂਦੀ ਹੈ, ਬਾਜ਼ਾਰ ਵਿੱਚ ਤੰਬਾਕੂ ਖੁੱਲ੍ਹੇਆਮ ਵੇਚਿਆ ਜਾਂਦਾ ਦੇਖਿਆ ਗਿਆ, ਬਹੁਤ ਸਾਰੇ ਗੋਦਾਮ ਭਰੇ ਹੋਏ ਸਨ, ਵੇਚਣ ਵਾਲੇ ਇੱਕ ਚੰਗੀ ਜ਼ਿੰਦਗੀ ਵਿੱਚ ਖੁਸ਼ ਦਿਖਾਈ ਦਿੱਤੇ, ਕਰੀਮ ਨਾਲ ਭਰੇ ਹੋਏ ਸਨ। ਅਸਲ ਵਿੱਚ ਕੀ ਹੁੰਦਾ ਹੈ ਕਿ ਜਬਰਦਸਤੀ ਕਾਰਨ ਹੋਣ ਵਾਲੇ ਛਾਪੇਮਾਰੀ ਦੀ ਜਾਣਕਾਰੀ ਸਬੰਧਤ ਮਾਲਕ ਨੂੰ ਉਸ ਵਿਭਾਗ ਦੇ ਮੁਖਬਰਾਂ ਤੋਂ ਮਿਲਦੀ ਹੈ ਅਤੇ ਸਾਮਾਨ ਦਾ ਨਿਪਟਾਰਾ ਕੀਤਾ ਜਾਂਦਾ ਹੈ ਜਾਂ ਸੈਟਿੰਗ ਤੋਂ ਘੱਟ ਦਿਖਾਇਆ ਜਾਂਦਾ ਹੈ, ਕੇਸ ਢਿੱਲਾ ਹੋ ਜਾਂਦਾ ਹੈ, ਦੋਸ਼ੀ ਨੂੰ ਜਲਦੀ ਜ਼ਮਾਨਤ ਮਿਲ ਜਾਂਦੀ ਹੈ, ਫਿਰ ਕਾਰੋਬਾਰ ਦਾ ਚੱਕਰ ਉਸੇ ਤਰ੍ਹਾਂ ਜਾਰੀ ਰਹਿੰਦਾ ਹੈ, ਛਾਪਾ ਰਿਕਾਰਡ ਵਿੱਚ ਦਿਖਾਇਆ ਜਾਂਦਾ ਹੈ ਪਰ ਕੁਝ ਨਹੀਂ ਹੁੰਦਾ, ਮੇਰਾ ਮੰਨਣਾ ਹੈ ਕਿ ਇਹ ਕਹਾਣੀ ਸ਼ਾਇਦ ਹਰ ਜ਼ਿਲ੍ਹਾ ਪ੍ਰਸ਼ਾਸਨ ਵਿੱਚ ਹੋ ਸਕਦੀ ਹੈ। ਮੈਂ ਅਜੇ ਤੱਕ ਇਸ ਕਿਸਮ ਦੇ ਸ਼ਰਾਬ ਦੇ ਕਾਰੋਬਾਰ ਵਿੱਚ ਅਦਾਲਤ ਤੋਂ ਕੋਈ ਸਜ਼ਾ ਨਹੀਂ ਦੇਖੀ ਜਾਂ ਸੁਣੀ ਹੈ। ਦੋਸ਼ੀ ਨੂੰ ਰਿਹਾਅ ਕਰ ਦਿੱਤਾ ਜਾਂਦਾ ਹੈ, ਮਾਮਲਾ ਸ਼ਾਂਤਕਰ ਦਿੱਤਾ ਜਾਂਦਾ ਹੈ ਅਤੇ ਅਸੀਂ ਸਿਰਫ਼ ਅਤੇ ਸਿਰਫ਼ ਜਾਗਰੂਕਤਾ ਦਿਵਸ, ਮਨਾਹੀ ਦਿਵਸ ਮਨਾਉਂਦੇ ਰਹਿੰਦੇ ਹਾਂ, ਜਿਸ ਬਾਰੇ ਸ਼ਾਇਦ ਸਰਕਾਰੀ ਪ੍ਰਸ਼ਾਸਨ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ।ਕਿਉਂਕਿ ਅਸੀਂ 31 ਮਈ 2025 ਨੂੰ ਤੰਬਾਕੂ ਮਨਾਹੀ ਦਿਵਸ ਮਨਾ ਰਹੇ ਹਾਂ, ਜਦੋਂ ਕਿ ਜਾਗਰੂਕਤਾ ਦਿਵਸ ਦੇ ਨਾਲ- ਨਾਲ,ਬਹੁਤ ਜ਼ਿਆਦਾ ਕਾਨੂੰਨੀ ਸਖ਼ਤੀ ਵੀ ਬਹੁਤ ਜ਼ਰੂਰੀ ਹੈ,ਇਸ ਲਈ ਅੱਜ ਅਸੀਂ ਮੀਡੀਅਮ 'ਤੇ ਉਪਲਬਧ ਜਾਣਕਾਰੀ ਦੀ ਮਦਦ ਨਾਲ ਇਸ ਲੇਖ ਰਾਹੀਂ ਚਰਚਾ ਕਰਾਂਗੇ, ਤੰਬਾਕੂ ਮਨਾਹੀ ਬਾਰੇ ਜਨਤਕ ਜਾਗਰੂਕਤਾ ਦੇ ਦਿਨ ਖਤਮ ਹੋ ਗਏ ਹਨ, ਹੁਣ ਸਮੇਂ ਦੀ ਲੋੜ ਹੈ ਕਿ ਤੰਬਾਕੂ ਵੇਚਣ ਵਾਲੇ ਅਤੇ ਖਪਤਕਾਰ ਦੋਵਾਂ 'ਤੇ ਰਾਸ਼ਟ ਰੀ ਸੁਰੱਖਿਆ ਐਕਟ ਤਹਿਤ ਕਾਰਵਾਈ ਕਰਨ 'ਤੇ ਵਿਚਾਰ ਕੀਤਾ ਜਾਵੇ।

ਦੋਸਤੋ, ਜੇਕਰ ਅਸੀਂ 23 ਤੋਂ 29 ਮਈ 2025 ਤੱਕ ਤੰਬਾਕੂ ਉਪਭੋਗਤਾਵਾਂ ਨਾਲ ਮੇਰੀ ਜ਼ਮੀਨੀ ਰਿਪੋਰਟਿੰਗ ਬਾਰੇ ਗੱਲ ਕਰੀਏ, ਤਾਂ ਜਦੋਂ ਮੈਂ ਆਪਣੇ ਰੋਜ਼ਾਨਾ ਦੇ ਕੰਮ ਵਿੱਚ ਸਬਜ਼ੀ ਮੰਡੀ, ਮਾਲ, ਸਿਨੇਮਾ ਹਾਲ, ਪੈਟਰੋਲ ਪੰਪ, ਕਰਿਆਨੇ ਦੀ ਮੰਡੀ ਸਮੇਤ ਕਈ ਥਾਵਾਂ ਦਾ ਦੌਰਾ ਕੀਤਾ, ਤਾਂ ਮੈਂ ਬਹੁਤ ਸਾਰੇ ਲੋਕਾਂ ਦੇ ਹੱਥਾਂ ਵਿੱਚ ਗੁਟਕਾ ਤੰਬਾਕੂ ਨੂੰ ਝਿੱਲੀ ਵਿੱਚ ਲਪੇਟਿਆ ਜਾਂ ਥੈਲੀ ਵਿੱਚ ਪਾਇਆ ਦੇਖਿਆ। ਜਦੋਂ ਮੈਂ ਉਨ੍ਹਾਂ ਨਾਲ ਗੱਲ ਕੀਤੀ, ਤਾਂ ਉਨ੍ਹਾਂ ਨੇ ਕਿਹਾ ਕਿ ਅਸੀਂ ਜਾਣਦੇ ਹਾਂ ਕਿ ਥੈਲੀ 'ਤੇ ਲਿਖਿਆ ਹੈ ਕਿ ਤੰਬਾਕੂ ਦਾ ਸੇਵਨ ਕੈਂਸਰ ਵਰਗੀਆਂ ਘਾਤਕ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ, ਪਰ ਫਿਰ ਵੀ ਅਸੀਂ ਇਸਦਾ ਸੇਵਨ ਕਰ ਰਹੇ ਹਾਂ। ਭਾਵੇਂ ਇੱਥੇ ਤੰਬਾਕੂ 'ਤੇ ਪਾਬੰਦੀ ਹੈ, ਫਿਰ ਵੀ ਉਪਭੋਗਤਾ ਵਿਕਰੇਤਾਵਾਂ ਵਿਚਕਾਰ ਇਸਦਾ ਖੁੱਲ੍ਹ ਕੇ ਸੇਵਨ ਕਰ ਰਹੇ ਹਨ। ਜਦੋਂ ਮੈਂ ਉਨ੍ਹਾਂ ਨਾਲ ਦੰਦਾਂ ਦੇ ਸੜਨ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਤੰਬਾਕੂ ਕਾਰਨ ਸਭ ਕੁਝ ਖਤਮ ਹੋ ਗਿਆ ਹੈ। ਜਦੋਂ ਮੈਂ ਕੈਂਸਰ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਸਾਨੂੰ ਭਵਿੱਖ ਵਿੱਚ ਕੈਂਸਰ ਹੋ ਸਕਦਾ ਹੈ, ਫਿਰ ਵੀ ਜਦੋਂ ਲੋਕਾਂ ਨੂੰ ਬਿਨਾਂ ਕਿਸੇ ਚਿੰਤਾ ਦੇ ਤੰਬਾਕੂ ਖਾਂਦੇ ਦੇਖਿਆ ਗਿਆ, ਤਾਂ ਮੈਨੂੰ ਲੱਗਾ ਕਿ ਹੁਣ ਜਾਗਰੂਕਤਾ ਫੈਲਾਉਣ ਦੇ ਨਾਲ-ਨਾਲ ਬਹੁਤ ਸਖ਼ਤ ਕਾਰਵਾਈ ਕਰਨੀ ਜ਼ਰੂਰੀ ਹੈ ਅਤੇ ਉੱਪਰੋਂ ਸਬੰਧਤ ਵਿਭਾਗ 'ਤੇ ਦਬਾਅ ਪਾਉਣਾ ਜ਼ਰੂਰੀ ਹੋ ਗਿਆ ਹੈ ਕਿ ਉਹ ਨਿਸ਼ਾਨਾਬੱਧ ਕਾਰਵਾਈ ਦੇ ਕੇਸ ਦੇਣ, ਪਰ ਜਾਂ ਅਯੋਗ ਅਧਿਕਾਰੀਆਂ ਨੂੰ ਮੁਅੱਤਲ ਕਰਨਾ ਸਮੇਂ ਦੀ ਲੋੜ ਹੈ, ਕਿਉਂਕਿ ਇਹ ਸੰਭਵ ਨਹੀਂ ਹੈ ਕਿ ਤੰਬਾਕੂ ਦੀ ਖਪਤ ਜਾਂ ਵਿਕਰੀ ਦੇ ਕੋਈ ਕੇਸ ਨਾ ਹੋਣ, ਜੇਕਰ ਕੋਈ ਅਧਿਕਾਰੀ ਇੱਕ ਦੀ ਭਾਲ ਕਰਦਾ ਹੈ, ਤਾਂ ਉਸਨੂੰ ਹਜ਼ਾਰਾਂ ਕੇਸ ਮਿਲਣਗੇ, ਮੰਤਰਾਲੇ ਦੇ ਪੱਧਰ 'ਤੇ ਇਸ ਦਾ ਖੁਦ ਨੋਟਿਸ ਲੈਣਾ ਜ਼ਰੂਰੀ ਹੈ।







ਦੋਸਤੋ, ਜੇਕਰ ਅਸੀਂ 31 ਮਈ 2025 ਨੂੰ ਤੰਬਾਕੂ ਰੋਕੂ ਦਿਵਸ ਮਨਾਉਣ ਦੀ ਗੱਲ ਕਰੀਏ, ਤਾਂ ਹਰ ਸਾਲ 31 ਮਈ ਨੂੰ ਪੂਰੀ ਦੁਨੀਆ ਵਿੱਚ ਵਿਸ਼ਵ ਤੰਬਾਕੂ ਰਹਿਤ ਦਿਵਸ ਜਾਂ ਤੰਬਾਕੂ ਵਿਰੋਧੀ ਦਿਵਸ ਮਨਾਇਆ ਜਾਂਦਾ ਹੈ। ਹਿੰਦੀ ਵਿੱਚ ਇਸਨੂੰ ਵਿਸ਼ਵ ਤੰਬਾਕੂ ਰਹਿਤ ਦਿਵਸ ਜਾਂ ਤੰਬਾਕੂ ਵਿਰੋਧੀ ਦਿਵਸ ਕਿਹਾ ਜਾਂਦਾ ਹੈ। ਹਰ ਕੋਈ ਜਾਣਦਾ ਹੈ ਕਿ ਤੰਬਾਕੂ ਖਾਣ ਨਾਲ ਉਨ੍ਹਾਂ ਦੀ ਸਿਹਤ ਨੂੰ ਕਿੰਨਾ ਨੁਕਸਾਨ ਹੋ ਸਕਦਾ ਹੈ, ਪਰ ਇਸ ਦੇ ਬਾਵਜੂਦ ਲੋਕ ਇਸਦਾ ਸੇਵਨ ਕਰਨ ਤੋਂ ਕਦੇ ਵੀ ਗੁਰੇਜ਼ ਨਹੀਂ ਕਰਦੇ। ਇਸ ਲਈ, ਤੰਬਾਕੂ ਰਹਿਤ ਦਿਵਸ 'ਤੇ, ਲੋਕਾਂ ਨੂੰ ਤੰਬਾਕੂ ਛੱਡਣ ਅਤੇ ਇਸਨੂੰ ਕਦੇ ਵੀ ਛੂਹਣ ਲਈ ਜਾਗਰੂਕ ਕੀਤਾ ਜਾਂਦਾ ਹੈ। ਵਿਸ਼ਵ ਤੰਬਾਕੂ ਰਹਿਤ ਦਿਵਸ 2025 ਦਾ ਵਿਸ਼ਾ ਜਾਂ ਥੀਮ ਬੱਚਿਆਂ ਨੂੰ ਤੰਬਾਕੂ ਉਦਯੋਗ ਦੇ ਦਖਲਅੰਦਾਜ਼ੀ ਤੋਂ ਬਚਾਉਣਾ ਹੈ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੁਰੱਖਿਅਤ ਰੱਖਿਆ ਜਾ ਸਕੇ ਅਤੇ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੰਬਾਕੂ ਦੀ ਵਰਤੋਂ ਘਟਦੀ ਰਹੇ। ਇਸ ਸਾਲ, ਨੌਜਵਾਨਾਂ ਨੂੰ ਨਿਸ਼ਾਨਾ ਬਣਾ ਕੇ ਤੰਬਾਕੂ ਉਦਯੋਗ ਦੇ ਮਾਰਕੀਟਿੰਗ ਤਰੀਕਿਆਂ ਦੇ ਚਿੰਤਾਜਨਕ ਰੁਝਾਨ ਵੱਲ ਧਿਆਨ ਦਿੱਤਾ ਗਿਆ ਹੈ। ਵਿਸ਼ਵ ਤੰਬਾਕੂ ਰਹਿਤ ਦਿਵਸ ਦੀ ਮਹੱਤਤਾ ਦਿਨੋ-ਦਿਨ ਵੱਧ ਰਹੀ ਹੈ। ਕਿਉਂਕਿ ਸੋਸ਼ਲ ਮੀਡੀਆ ਅਤੇ ਲਾਈਵ ਸਟ੍ਰੀਮਿੰਗ ਪਲੇਟਫਾਰਮ ਆਦਿ ਰਾਹੀਂ, ਦੁਨੀਆ ਭਰ ਦੇ ਨੌਜਵਾਨ ਤੰਬਾਕੂ ਉਤਪਾਦਾਂ ਵੱਲ ਆਕਰਸ਼ਿਤ ਅਤੇ ਸੰਪਰਕ ਵਿੱਚ ਆ ਰਹੇ ਹਨ। ਇਹ ਉਨ੍ਹਾਂ ਦੀ ਸਿਹਤ ਅਤੇ ਸਮਾਜ ਦੀ ਭਲਾਈ ਲਈ ਇੱਕ ਵੱਡਾ ਖ਼ਤਰਾ ਹੈ। ਦੁਨੀਆ ਭਰ ਦੇ ਸਰਵੇਖਣ ਲਗਾਤਾਰ ਦਰਸਾਉਂਦੇ ਹਨ ਕਿ ਜ਼ਿਆਦਾਤਰ ਦੇਸ਼ਾਂ ਵਿੱਚ 13-15 ਸਾਲ ਦੀ ਉਮਰ ਦੇ ਬੱਚੇ ਤੰਬਾਕੂ ਅਤੇ ਨਿਕੋਟੀਨ ਉਤਪਾਦਾਂ ਦੀ ਵਰਤੋਂ ਕਰ ਰਹੇ ਹਨ। 13 ਤੋਂ 15 ਸਾਲ ਦੀ ਉਮਰ ਦੇ ਬੱਚਿਆਂ ਲਈ ਵਧਦਾ ਖ਼ਤਰਾ ਨੌਜਵਾਨਾਂ ਵਿੱਚ ਸਿਗਰਟਨੋਸ਼ੀ ਪ੍ਰਚਲਿਤ ਹੈ ਅਤੇ ਕਈ ਦੇਸ਼ਾਂ ਵਿੱਚ ਵੱਧ ਰਿਹਾ ਹੈ। 13 ਤੋਂ 15 ਸਾਲ ਦੀ ਉਮਰ ਦੇ 38 ਮਿਲੀਅਨ ਤੋਂ ਵੱਧ ਬੱਚੇ ਕਿਸੇ ਨਾ ਕਿਸੇ ਰੂਪ ਵਿੱਚ ਤੰਬਾਕੂ ਦੀ ਵਰਤੋਂ ਕਰ ਰਹੇ ਹਨ। 2022 ਵਿੱਚ, 15 ਤੋਂ 24 ਸਾਲ ਦੀ ਉਮਰ ਦੇ ਲੋਕਾਂ ਵਿੱਚ ਪ੍ਰਸਿੱਧ ਟੀਵੀ ਅਤੇ ਵੈੱਬ ਸ਼ੋਅ ਵਿੱਚ ਤੰਬਾਕੂ ਦੇ ਵਿਜ਼ੂਅਲ ਵਿੱਚ 110 ਪ੍ਰਤੀਸ਼ਤ ਵਾਧਾ ਹੋਇਆ ਸੀ, ਜੋ ਅਕਸਰ ਸਿਗਰਟਨੋਸ਼ੀ ਨੂੰ ਗਲੈਮਰਸ ਅਤੇ ਕੂਲ ਵਜੋਂ ਦਰਸਾਉਂਦੇ ਹਨ। ਟਰੂਥ ਇਨੀਸ਼ੀਏਟਿਵ ਦੇ ਅਨੁਸਾਰ, ਜਦੋਂ ਨੌਜਵਾਨ ਸਕ੍ਰੀਨ 'ਤੇ ਸਿਗਰਟਨੋਸ਼ੀ ਦੀਆਂ ਤਸਵੀਰਾਂ ਦੇਖਦੇ ਹਨ ਤਾਂ ਉਨ੍ਹਾਂ ਦੇ ਸਿਗਰਟਨੋਸ਼ੀ ਸ਼ੁਰੂ ਕਰਨ ਦੀ ਸੰਭਾਵਨਾ ਤਿੰਨ ਗੁਣਾ ਵੱਧ ਹੁੰਦੀ ਹੈ। ਦੋਸਤੋ, ਜੇਕਰ ਅਸੀਂ ਤੰਬਾਕੂ ਦੇ ਸੇਵਨ ਨੂੰ ਕਈ ਕਿਸਮਾਂ ਦੇ ਕੈਂਸਰ ਦਾ ਮੁੱਖ ਕਾਰਨ ਮੰਨਦੇ ਹਾਂ, ਤਾਂ ਤੰਬਾਕੂ ਕਈ ਕਿਸਮਾਂ ਦੇ ਕੈਂਸਰ ਦਾ ਮੁੱਖ ਕਾਰਨ ਹੈ, ਅਤੇ ਫੇਫੜਿਆਂ ਦੇ ਕੈਂਸਰ ਕਾਰਨ ਹੋਣ ਵਾਲੀਆਂ 90 ਪ੍ਰਤੀਸ਼ਤ ਮੌਤਾਂ ਲਈ ਸਿਰਫ਼ ਸਿਗਰਟਨੋਸ਼ੀ ਜ਼ਿੰਮੇਵਾਰ ਹੈ। ਤੰਬਾਕੂ ਉਪਭੋਗਤਾਵਾਂ ਦੀ ਗਿਣਤੀ 1.25 ਬਿਲੀਅਨ ਤੱਕ ਘਟਣ ਦੇ ਬਾਵਜੂਦ, ਤੰਬਾਕੂ ਦੀ ਵਰਤੋਂ, ਖਾਸ ਕਰਕੇ 13 ਤੋਂ 15 ਸਾਲ ਦੀ ਉਮਰ ਦੇ ਬੱਚਿਆਂ ਵਿੱਚ, ਇੱਕ ਵੱਡੀ ਚੁਣੌਤੀ ਪੇਸ਼ ਕਰਦੀ ਹੈ। ਨੌਜਵਾਨਾਂ ਪ੍ਰਤੀ ਤੰਬਾਕੂ ਉਦਯੋਗ ਦੀ ਨਿਸ਼ਾਨਾਬੱਧ ਰਣਨੀਤੀ ਵਿੱਚ ਈ-ਸਿਗਰੇਟ, ਧੂੰਆਂ ਰਹਿਤ ਤੰਬਾਕੂ, ਸਨਸ, ਪਾਊਚ ਵਰਗੇ ਨਵੇਂ ਉਤਪਾਦਾਂ ਦੀ ਮਾਰਕੀਟਿੰਗ ਅਤੇ ਰਵਾਇਤੀ ਇਸ਼ਤਿਹਾਰਬਾਜ਼ੀ ਪਾਬੰਦੀਆਂ ਨੂੰ ਰੋਕਣ ਲਈ ਡਿਜੀਟਲ ਪਲੇਟਫਾਰਮਾਂ ਦੀ ਵਰਤੋਂ ਸ਼ਾਮਲ ਹੈ। 31 ਮਈ ਨੂੰ ਮਨਾਏ ਜਾਣ ਵਾਲੇ ਵਿਸ਼ਵ ਤੰਬਾਕੂ ਰਹਿਤ ਦਿਵਸ ਤੋਂ ਪਹਿਲਾਂ ਨੌਜਵਾਨ ਖਪਤਕਾਰਾਂ ਨੂੰ ਨਿਸ਼ਾਨਾ ਬਣਾਉਣ ਲਈ ਟੈਕਸਾਂ ਵਿੱਚ ਵਾਧਾ, ਹੋਰ ਧੂੰਆਂ ਰਹਿਤ ਜ਼ੋਨ, ਤੰਬਾਕੂ ਉਤਪਾਦਾਂ ਦੀ ਵਿਕਰੀ ਅਤੇ ਮਾਰਕੀਟਿੰਗ 'ਤੇ ਸਖ਼ਤ ਨਿਯਮ ਅਤੇ ਡਿਜੀਟਲ ਪਲੇਟਫਾਰ ਮਾਂ ਦੇ ਸ਼ੋਸ਼ਣ ਦੀ ਵਕਾਲਤ ਕੀਤੀ ਜਾ ਰਹੀ ਹੈ, ਜੋ ਕਿ ਨੌਜਵਾਨਾਂ ਦੀ ਸੁਰੱਖਿਆ ਦੇ ਵਿਸ਼ੇ 'ਤੇ 31 ਮਈ ਨੂੰ ਮਨਾਏ ਜਾਣ ਵਾਲੇ ਵਿਸ਼ਵ ਤੰਬਾਕੂ ਰਹਿਤ ਦਿਵਸ ਤੋਂ ਪਹਿਲਾਂ ਨੌਜਵਾਨ ਖਪਤਕਾਰਾਂ ਨੂੰ ਨਿਸ਼ਾਨਾ ਬਣਾਉਣ ਲਈ ਹੈ। ਨੌਜਵਾਨਾਂ ਵਿੱਚ ਤੰਬਾਕੂ ਦੀ ਵਰਤੋਂ ਚਿੰਤਾਜਨਕ ਤੌਰ 'ਤੇ ਵੱਧ ਰਹੀ ਹੈ, ਜੋ ਉਨ੍ਹਾਂ ਨੂੰ ਸਿੱਧੇ ਤੌਰ 'ਤੇ ਕੈਂਸਰ ਦੇ ਵਧੇ ਹੋਏ ਜੋਖਮ ਦਾ ਸਾਹਮਣਾ ਕਰਦੀ ਹੈ। ਇਹ ਕੈਂਸਰ ਤੋਂ ਪੀੜਤ ਅਤੇ ਮਰਨ ਵਾਲੇ ਲੋਕਾਂ ਦੀ ਗਿਣਤੀ ਨੂੰ ਘਟਾਉਣ ਦੇ ਯਤਨਾਂ ਨੂੰ ਕਮਜ਼ੋਰ ਕਰਦੀ ਹੈ। ਅਗਲੀ ਪੀੜ੍ਹੀ ਨੂੰ ਤੰਬਾਕੂ ਉਤਪਾਦਾਂ ਅਤੇ ਗੁੰਮਰਾਹਕੁੰਨ ਔਨਲਾਈਨ ਇਸ਼ਤਿਹਾਰ ਬਾਜ਼ੀ ਤੋਂ ਬਚਾਉਣਾ ਅਤੇ ਗਾਹਕ ਅਧਾਰ ਨੂੰ ਨਵਿਆਉਣ ਦੇ ਉਦੇਸ਼ ਨਾਲ ਉਦਯੋਗ ਦੀ ਹਮਲਾਵਰ ਰਣਨੀਤੀ ਦਾ ਮੁਕਾਬਲਾ ਕਰਨਾ ਸਾਡਾ ਫਰਜ਼ ਹੈ। ਅਸੀਂ ਨੌਜਵਾਨਾਂ ਨੂੰ ਆਕਰਸ਼ਿਤ ਕਰਨ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਗਏ ਨਵੇਂ ਉਤਪਾਦਾਂ - ਜਿਵੇਂ ਕਿ ਈ-ਸਿਗਰੇਟ, ਖਾਸ ਤੌਰ 'ਤੇ ਸੁਆਦ ਵਾਲੇ ਉਤਪਾਦ, ਧੂੰਆਂ ਰਹਿਤ ਤੰਬਾਕੂ, ਸਨਸ ਅਤੇ ਪਾਊਚ - ਲਈ ਮਾਰਕੀਟਿੰਗ ਰਣਨੀਤੀਆਂ 'ਤੇ ਸਖ਼ਤ ਨਿਯੰਤਰਣ ਦੀ ਵਕਾਲਤ ਕੀਤੀ ਹੈ - ਜਿਨ੍ਹਾਂ ਨੂੰ ਸੋਸ਼ਲ ਮੀਡੀਆ ਰਾਹੀਂ ਹਮਲਾਵਰ ਢੰਗ ਨਾਲ ਪ੍ਰਚਾਰਿਆ ਜਾਂਦਾ ਹੈ। ਤੰਬਾਕੂ ਦੀ ਵਰਤੋਂ ਅਤੇ ਸੇਵਨ ਕਈ ਤਰ੍ਹਾਂ ਦੇ ਕੈਂਸਰਾਂ ਜਿਵੇਂ ਕਿ ਫੇਫੜੇ, ਗਲੇ, ਮੂੰਹ, ਠੋਡੀ, ਗਲਾ, ਬਲੈਡਰ, ਗੁਰਦੇ, ਜਿਗਰ, ਪੇਟ, ਪੈਨਕ੍ਰੀਅਸ, ਕੋਲਨ ਅਤੇ ਸਰਵਿਕਸ ਦੇ ਨਾਲ-ਨਾਲ ਐਕਿਊਟ ਮਾਈਲੋਇਡ ਲਿਊਕੇਮੀਆ ਦੇ ਪ੍ਰਮੁੱਖ ਕਾਰਨਾਂ ਵਿੱਚੋਂ ਇੱਕ ਹੈ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਹਰ ਸਾਲ 1 ਕਰੋੜ ਤੋਂ ਵੱਧ ਲੋਕ ਤੰਬਾਕੂ ਦੇ ਸੇਵਨ ਕਾਰਨ ਮਰਦੇ ਹਨ। ਤੰਬਾਕੂ ਨਾ ਸਿਰਫ਼ ਸਿਹਤ ਨੂੰ ਪ੍ਰਭਾਵਿਤ ਕਰਦਾ ਹੈ ਬਲਕਿ ਕਈ ਤਰੀਕਿਆਂ ਨਾਲ ਵਾਤਾਵਰਣ 'ਤੇ ਵੀ ਮਾੜਾ ਪ੍ਰਭਾਵ ਪਾਉਂਦਾ ਹੈ।

ਦੋਸਤੋ, ਜੇਕਰ ਅਸੀਂ ਤੰਬਾਕੂ ਦੇ ਸੇਵਨ ਨਾਲ ਹੋਣ ਵਾਲੀਆਂ ਕਈ ਕਿਸਮਾਂ ਦੀਆਂ ਬਿਮਾਰੀਆਂ ਬਾਰੇ ਗੱਲ ਕਰੀਏ,ਤਾਂ ਸਿਗਰਟਨੋਸ਼ੀ ਅਤੇ ਤੰਬਾਕੂ ਦਾ ਸੇਵਨ ਸਿਹਤ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ? ਤੰਬਾਕੂ ਦਾ ਸੇਵਨ ਅਤੇ ਤੰਬਾਕੂ ਸਾਡੀ ਸਿਹਤ ਨੂੰ ਕਈ ਤਰੀਕਿਆਂ ਨਾਲ ਪ੍ਰਭਾਵਿਤ ਕਰਦਾ ਹੈ, ਇਹ ਹੇਠ ਲਿਖੀਆਂ ਘਾਤਕ ਬਿਮਾਰੀ ਆਂ ਦਾ ਕਾਰਨ ਹੋ ਸਕਦਾ ਹੈ: ਪਾਚਨ ਪ੍ਰਣਾਲੀ ਦਾ ਕੈਂਸਰ ਜਿਵੇਂ ਕਿ GERD, Achalasia cardia (ਪੈਨਕ੍ਰੀਆ, ਪੇਟ, ਮੂੰਹ, ਜਿਗਰ, ਗੁਦਾ, ਕੋਲਨ ਅਤੇ ਅਨਾੜੀ) ਨਿਊਰੋਵੈਸਕੁਲਰ ਪੇਚੀਦ ਗੀਆਂ ਅਤੇ ਨਿਊਰੋਲੌਜੀਕਲ ਵਿਕਾਰ ਦੇ ਨਾਲ-ਨਾਲ ਹੋਰ ਨਿਊਰੋ-ਸਬੰਧਤ ਬਿਮਾਰੀਆਂ ਜਿਵੇਂ ਕਿ ਸਟ੍ਰੋਕ, ਦਿਮਾਗ ਦੀ ਛੋਟੀ ਨਾੜੀ ਇਸਕੇਮਿਕ ਬਿਮਾਰੀ (SVID) ਅਤੇ ਨਾੜੀ ਡਿਮੈਂਸ਼ੀਆ ਦਿਲ ਦੀ ਬਿਮਾਰੀ ਫੇਫੜਿਆਂ ਦੀ ਬਿਮਾਰੀ ਸ਼ੂਗਰ ਕ੍ਰੋਨਿਕ ਅਬਸਟਰਕਟਿਵ ਪਲਮਨਰੀ ਬਿਮਾਰੀ (COPD) ਟੀਬੀ ਕੁਝ ਅੱਖਾਂ ਦੀਆਂ ਬਿਮਾਰੀਆਂ ਤੰਬਾਕੂ ਵਾਤਾਵਰਣ ਨੂੰ ਕਿਵੇਂ ਪ੍ਰਭਾਵਿਤ ਕਰ ਰਿਹਾ ਹੈ? ਹਰ ਸਾਲ ਦੁਨੀਆ ਭਰ ਵਿੱਚ ਤੰਬਾਕੂ ਉਗਾਉਣ ਲਈ ਲਗਭਗ 35 ਲੱਖ ਹੈਕਟੇਅਰ ਜ਼ਮੀਨ ਤਬਾਹ ਕਰ ਦਿੱਤੀ ਜਾਂਦੀ ਹੈ। ਹਰ ਸਾਲ 2, ਲੱਖ ਹੈਕਟੇਅਰ ਜੰਗਲਾਂ ਦੀ ਕਟਾਈ ਕੀਤੀ ਜਾਂਦੀ ਹੈ ਅਤੇ ਤੰਬਾਕੂ ਦੀ ਕਾਸ਼ਤ ਕਾਰਨ ਮਿੱਟੀ ਮਿਟ ਜਾਂਦੀ ਹੈ। ਹਰ ਸਾਲ ਦੁਨੀਆ ਭਰ ਵਿੱਚ ਲਗਭਗ 4.5 ਲੱਖ ਕਰੋੜ ਸਿਗਰਟ ਦੇ ਬੱਟ ਸੁੱਟੇ ਜਾਂਦੇ ਹਨ। ਸਹੀ ਢੰਗ ਨਾਲ ਨਿਪਟਾਰਾ ਨਾ ਕਰਨ ਨਾਲ ਹਰ ਸਾਲ 800 ਮਿਲੀਅਨ ਕਿਲੋਗ੍ਰਾਮ ਜ਼ਹਿਰੀਲਾ ਕੂੜਾ ਪੈਦਾ ਹੁੰਦਾ ਹੈ ਅਤੇ ਹਜ਼ਾਰਾਂ ਰਸਾਇਣ ਹਵਾ, ਪਾਣੀ ਅਤੇ ਮਿੱਟੀ ਵਿੱਚ ਛੱਡੇ ਜਾਂਦੇ ਹਨ, ਜਿਸ ਨਾਲ ਤੰਬਾਕੂ ਦੀ ਕਾਸ਼ਤ ਲਈ ਵੱਡੀ ਮਾਤਰਾ ਵਿੱਚ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਨਾਲ ਧਰਤੀ ਤੋਂ ਪਾਣੀ ਦੀ ਕਮੀ ਹੋ ਜਾਂਦੀ ਹੈ।

ਇਸ ਲਈ, ਜੇਕਰ ਅਸੀਂ ਉਪਰੋਕਤ ਪੂਰੇ ਵਰਣਨ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਵਿਸ਼ਵ ਤੰਬਾਕੂ ਰਹਿਤ ਦਿਵਸ 31 ਮਈ 2025- ਜਾਗਰੂਕਤਾ ਫੈਲਾਉਣ ਦੇ ਨਾਲ-ਨਾਲ ਕਾਨੂੰਨੀ ਸਖ਼ਤੀ ਹੁਣ ਜ਼ਰੂਰੀ ਹੈ। ਸਮੇਂ ਦੀ ਲੋੜ ਬੱਚਿਆਂ, ਭਵਿੱਖ ਦੇ ਆਗੂਆਂ, ਨੂੰ ਤੰਬਾਕੂ ਉਦਯੋਗ ਦੇ ਦਖਲਅੰਦਾਜ਼ੀ ਤੋਂ ਬਚਾਉਣ ਦੀ ਹੈ। ਤੰਬਾਕੂ ਮਨਾਹੀ ਬਾਰੇ ਜਨਤਕ ਜਾਗਰੂਕਤਾ ਦੇ ਦਿਨ ਖਤਮ ਹੋ ਗਏ ਹਨ, ਹੁਣ ਰਾਸ਼ਟਰੀ ਸੁਰੱਖਿਆ ਕਾਨੂੰਨ ਤਹਿਤ ਤੰਬਾਕੂ ਵੇਚਣ ਵਾਲਿਆਂ ਅਤੇ ਉਪਭੋਗਤਾਵਾਂ ਦੋਵਾਂ ਵਿਰੁੱਧ ਕਾਰਵਾਈ 'ਤੇ ਵਿਚਾਰ ਕਰਨਾ ਸਮੇਂ ਦੀ ਲੋੜ ਹੈ।

-ਕੰਪਾਈਲਰ ਲੇਖਕ - ਟੈਕਸ ਮਾਹਰ ਕਾਲਮਨਵੀਸ ਸਾਹਿਤਕਾਰ ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮਾਧਿਅਮ CA(ATC) ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ 9359653465

# ਭਾਰਤ ਵਿਕਾਸ ਪ੍ਰੀਸਦ ਭੀਖੀ ਦੇ ਮਹਿਲਾ ਵਿੰਗ ਨੇ ਬੱਚਿਆ ਲਈ 3 ਦਿਨ ਦੇ ਕੈਂਪ ਦੀ ਕੀਤੀ ਸੁਰੂਆਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਭੀਖੀ,30 ਮਈ (ਕਮਲ ਜਿੰਦਲ)

ਭਾਰਤ ਵਿਕਾਸ ਪ੍ਰੀਸਦ ਭੀਖੀ ਦੇ ਮਹਿਲਾ ਵਿੰਗ ਨੇ ਬਰਨਾਲਾ ਰੋਡ ਸਨੀਦੇਵ ਮੰਦਿਰ ਵਿਖੇ ਬੱਚਿਆ ਦਾ ਤਿੰਨ ਦਿਨ ਲਈ ਸਮਰ ਕੈਂਪ ਲਾਇਆ ਗਿਆ ਜਿਸ ਦੀ ਸੁਰੂਆਤ ਸੰਸਥਾ ਦੇ ਪ੍ਰਧਾਨ ਡਾ ਗੁਰਤੇਜ ਸਿੰਘ ਚਹਿਲ ਅਤੇ ਸੈਕਟਰੀ ਰਾਜ ਕੁਮਾਰ ਅਤੇ ਕੈਸ਼ੀਅਰ ਰੋਹਤਾਸ ਕੁਮਾਰ ਸਿੰਗਲਾ ਨੇ ਪਹੁੰਚ ਕੇ ਕੈਂਪ ਦੀ ਸ਼ੁਰੂਆਤ ਕੀਤੀ। ਮਹਿਲਾ ਵਿੰਗ ਦੀ ਪ੍ਰਧਾਨ ਮੈਵਿੱਤਾ ਸਿੰਗਲਾ, ਅੰਜੂ ਸਿੰਗਲਾ, ਸੋਨੀਆ ਰਾਣੀ, ਰਵੀਨਾ ਰਾਣੀ ਅਤੇ ਇੰਦਰਜੀਤ ਕੋਰ ਚਹਿਲ ਨੇ ਆਏ ਹੋਏ ਬੱਚਿਆ ਨੂੰ ਯੋਗਾ ਕਰਨ ਬਾਰੇ ਅਤੇ ਸਿਹਤ ਲਈ ਯੋਗਾ ਦੇ ਫਾਇਦੇ ਅਤੇ




ਬੱਚਿਆ ਛੁੱਟੀਆ ਵਿੱਚ ਰੋਜ਼ਾਨਾ ਮੋਬਾਇਲ ਵਰਤੋ ਨਾ ਕਰਨ ਅਤੇ ਫਾਸਟ ਫੂਡ ਦੀ ਵਰਤੋ ਨਾ ਕਰਨ ਬਾਰੇ ਸਮਝਾਇਆ ਗਿਆ। ਸੋਨੀਆ ਰਾਣੀ ਵੱਲੋ ਆਏ ਹੋਏ ਮਾਪਿਆ ਨੂੰ ਆਪਣੇ ਬੱਚਿਆ ਨੂੰ ਤਿੰਨ ਦਿਨ ਸੰਸਥਾ ਵੱਲੋ ਲਾਏ ਗਏ ਸਮਰ ਕੈਂਪ ਵਿੱਚ ਜਰੂਰ ਲੈ ਕੇ ਆਉਣ ਕਿਹਾ ਗਿਆ।ਇਸ ਮੌਕੇ ਚਿੰਕੂ ਸਿੰਗਲਾ ਅਤੇ ਮੰਦਿਰ ਪ੍ਰਬੰਧਕਾਂ ਨੇ ਆਏ ਬੱਚਿਆ ਨੂੰ ਚਾਹ ਪਾਣੀ ਅਤੇ ਪ੍ਰਸਾਦ ਦਿੱਤਾ।

# ਐਸ.ਸੀ./ਬੀ.ਸੀ ਅਧਿਆਪਕ ਯੂਨੀਅਨ ਨੇ ਪ੍ਰਿੰਸੀਪਲ ਸ਼੍ਰੀਮਤੀ ਆਸ਼ਾ ਰਾਣੀ ਨੂੰ ਸਨਮਾਨ ਚਿੰਨ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com



ਐ ਸ . ਸੀ . / ਬੀ . ਸੀ ਅਧਿਆਪਕ ਯੂਨੀਅਨ ਇਕਾਈ ਕਪੂਰਥਲਾ ਦੇ ਅਹੁਦੇਦਾਰਾਂ ਵੱਲੋਂ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਡਡਵਿੰਡੀ ਦੇ ਪ੍ਰਿੰਸੀਪਲ ਸ਼੍ਰੀਮਤੀ ਆਸ਼ਾ ਰਾਣੀ ਨੂੰ ਉਹਨਾਂ ਦੀ ਅਣਥੱਕ ਮਿਹਨਤ ਕੀਤੇ ਗਏ ਕਾਰਜ਼ਾਂ ਅਤੇ ਪਿਛਲੇ ਦਿਨੀ ਪੰਜਾਬ ਸਰਕਾਰ ਦੁਆਰਾ ਸਿੰਗਾਪੁਰ ਟ੍ਰੇਨਿੰਗ ਲਈ ਭੇਜੇ ਗਏ ਪ੍ਰਿੰਸੀਪਲਾਂ ਦੇ ਗਰੁੱਪ ਵਿੱਚ ਕਪੂਰਥਲਾ ਜਿਲ੍ਹੇ ਦੀ ਅਗਵਾਈ ਕਰਨ ਅਤੇ ਸਿੰਗਾਪੁਰ ਵਿੱਚ ਬੈਸਟ ਸੇਵਾਵਾਂ ਦੇਣ ਲਈ ਸਨਮਾਨ ਚਿੰਨ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ। ਜਥੇਬੰਦਕ ਆਗੂਆਂ ਵੱਲੋਂ ਪ੍ਰਿੰਸੀਪਲ ਆਸ਼ਾ ਰਾਣੀ ਦੁਆਰਾ ਕੀਤੇ ਗਏ ਕੰਮਾਂ ਦੇ ਸਲਾਘਾ ਕੀਤੀ ਅਤੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ। ਪ੍ਰਿੰਸੀਪਲ ਆਸ਼ਾ ਰਾਣੀ ਦੁਆਰਾ ਆਏ ਹੋਏ ਜਥੇਬੰਦਕ ਆਗੂਆਂ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਿਵਾਇਆ ਕਿ ਉਹ ਅੱਗੇ ਵੀ ਆਪਣੀ ਜਿੰਮੇਵਾਰੀ ਨੂੰ ਇਸੇ ਤਰ੍ਹਾਂ ਨਿਭਾਉਂਦੇ ਰਹਿਣਗੇ ਅਤੇ ਸਮਾਜ ਲਈ ਕਾਰਜ਼ ਕਰਦੇ ਰਹਿਣਗੇ। ਇਸ ਮੌਕੇ ਅਧਿਆਪਕ ਆਗੂ ਕੁਸ਼ਲ ਕੁਮਾਰ, ਹਰਨੇਕ ਸਿੰਘ, ਬਲਦੇਵ ਸਿੰਘ, ਸਨਦੀਪ ਕੁਮਾਰ, ਕੁਲਦੀਪ ਸਿੰਘ,ਜਸਵੀਰ ਚੰਦ, ਰਾਮ ਸਿੰਘ, ਅਵਦੇਸ਼ ਕੁਮਾਰ, ਜਗੀਰ ਸਿੰਘ ਅਤੇ ਹੋਰ ਅਧਿਆਪਕ ਸਾਹਿਬਾਨ ਹਾਜ਼ਿਰ ਸਨ।

# ਸਾਫ਼ - ਸਫ਼ਾਈ ਲਈ ਕਦਮ ਵਧਾਏ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਸ਼੍ਰੀ ਅਨੰਦਪੁਰ ਸਾਹਿਬ ( ਸੰਜੀਵ ਧਰਮਾਣੀ )

ਭਾਰਤ ਸਰਕਾਰ ਅਤੇ ਬੋਰਡ ਦਫ਼ਤਰ ਵੱਲੋਂ ਮਿਤੀ *28.05.2025* ਨੂੰ ਜਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ, ਭਾਖੜਾ ਬਿਆਸ ਪ੍ਰਬੰਧਨ ਬੋਰਡ ਦੇ ਚੇਅਰਮੈਨ ਇੰਜੀਨੀਅਰ ਮਨੋਜ ਤ੍ਰਿਪਾਠੀ, ਮੈਂਬਰ ਪਾਵਰ ਇੰਜੀਨੀਅਰ ਜਗਜੀਤ ਸਿੰਘ, ਸੁਪਰਡੈਂਟਿੰਗ ਇੰਜੀਨੀਅਰ ਨਹਿਰੀ ਪਾਵਰ ਹਾਊਸ, ਇੰਜੀਨੀਅਰ ਵਿਨੀਤ ਮਿਸ਼ਰਾ, ਈ ਰਣਜੀਤ ਸਿੰਘ ਡਿਪਟੀ ਚੀਫ ਇੰਜੀਨੀਅਰ, ਈ ਸੁਨੀਤਾ ਅਗਰਵਾਲ ਸੁਪਰਡੈਂਟਿੰਗ ਇੰਜੀਨੀਅਰ ਹੈੱਡ ਕੁਆਰਟਰ, ਸਵੱਛਤਾ ਪਖਵਾੜਾ-2025 ਅਧੀਨ, ਇੰਜੀਨੀਅਰ ਦੇਵੇਂਦਰ ਸੋਨੀ




ਸੀਨੀਅਰ ਕਾਰਜਕਾਰੀ ਇੰਜੀਨੀਅਰ ਸਿਵਲ ਮੇਨਟੇਨੈਂਸ ਡਿਵੀਜ਼ਨ ਪਾਵਰ ਵਿੰਗ ਗੰਗੂਵਾਲ ਅਤੇ ਈ ਗੁਰਚਰਨ ਸਿੰਘ ਰੈਜ਼ੀਡੈਂਟ ਇੰਜੀਨੀਅਰ, ਗੰਗੂਵਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਕਰਮਚਾਰੀਆਂ ਨੇ ਸਫਾਈ ਵੱਲ ਇੱਕ ਕਦਮ ਵਧਾਇਆ ਅਤੇ ਸਰਕਾਰੀ ਸਮਾਰਟ ਪ੍ਰਾਇਮਰੀ ਸਕੂਲ ਗੰਗੂਵਾਲ, ਸਰਕਾਰੀ ਸਮਾਰਟ ਸੀਨੀਅਰ ਸੈਕੰਡਰੀ ਸਕੂਲ ਬਾਸੋਵਾਲ, ਸਰਕਾਰੀ ਸਮਾਰਟ ਹਾਈ ਸਕੂਲ ਜਿੰਦਵਾੜੀ, ਸੰਤ ਬਾਬਾ ਸੇਵਾ ਸਿੰਘ ਜੀ ਖਾਲਸਾ ਸਕੂਲ ਜਿੰਦਵਾੜੀ ਵਿੱਚ ਸਫਾਈ ਲਈ ਵਰਤੀਆਂ ਜਾਂਦੀਆਂ ਵਸਤੂਆਂ ਪ੍ਰਦਾਨ ਕਰਕੇ ਸਫਾਈ ਦਾ ਪ੍ਰਣ ਦੁਹਰਾਇਆ। ਇਸ ਮੌਕੇ ਸਾਰੇ ਸਕੂਲਾਂ ਦੇ ਪ੍ਰਿੰਸੀਪਲਾਂ, ਅਧਿਆਪਕਾਂ ਅਤੇ ਸਟਾਫ਼ ਨੇ ਆਪਣਾ ਪੂਰਾ ਸਹਿਯੋਗ ਅਤੇ ਯੋਗਦਾਨ ਪਾਇਆ। ਸਕੂਲ ਵੱਲੋਂ ਸਫ਼ਾਈ ਦੀ ਮਹੱਤਤਾ ਬਾਰੇ ਭਾਸ਼ਣ ਦਿੱਤਾ ਗਿਆ। ਪ੍ਰਿੰਸੀਪਲ ਨੇ ਇਸ ਗੱਲ ‘ਤੇ ਜ਼ੋਰ ਦਿੱਤਾ ਕਿ ਸਫਾਈ ਸਾਨੂੰ ਇੱਕ ਸਾਫ਼-ਸੁਥਰੀ ਜਗ੍ਹਾ ਦਿੰਦੀ ਹੈ ਜੋ ਸਾਡੀ ਜ਼ਿੰਦਗੀ ਨੂੰ ਆਰਾਮਦਾਇਕ ਅਤੇ ਸੁਹਾਵਣਾ ਬਣਾਉਂਦੀ ਹੈ। ਸਫ਼ਾਈ ਸਾਡੇ ਆਤਮਵਿਸ਼ਵਾਸ ਨੂੰ ਵਧਾਉਂਦੀ ਹੈ ਅਤੇ ਅਸੀਂ ਆਪਣੇ ਬਾਰੇ ਚੰਗਾ ਮਹਿਸੂਸ ਕਰਦੇ ਹਾਂ। ਅਸੀਂ ਸਮਾਜ ਵਿੱਚ ਇੱਕ ਚੰਗਾ ਪ੍ਰਭਾਵ ਪੈਦਾ ਕਰ ਸਕਦੇ ਹਾਂ। ਇਸ ਪੰਦਰਵਾੜੇ ਦਾ ਉਦੇਸ਼ ਕੰਮ ਵਾਲੀ ਥਾਂ ਅਤੇ ਆਲੇ ਦੁਆਲੇ ਦੇ ਖੇਤਰਾਂ ਵਿੱਚ ਇੱਕ ਸਾਫ਼ ਅਤੇ ਸਵੱਛ ਵਾਤਾਵਰਣ ਨੂੰ ਯਕੀਨੀ ਬਣਾਉਣਾ ਹੈ।

# ਕੌਮੀ ਅਤੇ ਰਾਜ ਪੱਧਰ ਤੇ ਗਠਿਤ ਮਨੁੱਖੀ ਅਧਿਕਾਰ ਕਮਿਸ਼ਨਾਂ ਪ੍ਰਤੀ ਜਨ-ਜਾਗਰੁਕਤਾ ਜ਼ਰੂਰੀ : ਕੰਗ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਫਗਵਾੜਾ 29 ਮਈ (ਸ਼ਿਵ ਕੌੜਾ) ਮਨੁੱਖੀ ਅਧਿਕਾਰਾਂ ਦੀ ਜਾਗਰੁਕਤਾ ਅਤੇ ਸੁਰੱਖਿਆ ਲਈ ਕੰਮ ਕਰਨਾ ਸਮਾਜ ਦੇ ਹਰ ਸੂਝਵਾਨ ਵਿਅਕਤੀ ਲਈ ਜ਼ਰੂਰੀ ਹੈ। ਇਹ ਗੱਲ ਹਿਊਮਨ ਰਾਈਟਸ ਕੌਂਸਲ (ਇੰਡੀਆ) ਦੇ ਸੂਬਾ ਸਕੱਤਰ ਗੁਰਦੀਪ ਸਿੰਘ ਕੰਗ ਨੇ ਗੱਲਬਾਤ ਕਰਦਿਆਂ ਕਹੀ। ਉਨ੍ਹਾਂ ਕਿਹਾ ਕਿ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ ਘਟਨਾਵਾਂ ਨੂੰ ਉਜਾਗਰ ਕਰਨਾ, ਪੀੜਤਾਂ ਦੀ ਮਦਦ ਕਰਨਾ ਅਤੇ ਸਰਕਾਰਾਂ ਅਤੇ ਹੋਰ ਸੰਸਥਾਵਾਂ ‘ਤੇ ਇਨ੍ਹਾਂ ਅਧਿਕਾਰਾਂ ਦਾ ਸਤਿਕਾਰ ਕਰਨ ਲਈ ਦਬਾਅ ਬਨਾਉਣਾ ਮਨੁੱਖੀ ਅਧਿਕਾਰ ਨੂੰ ਯਕੀਨੀ ਬਨਾਉਣ ‘ਚ ਸਹਾਈ ਹੋ ਸਕਦੇ ਹਨ। ਉਨ੍ਹਾਂ ਦੱਸਿਆ ਕਿ ਹਿਊਮਨ ਰਾਈਟਸ ਕੌਂਸਲ ਇੰਡੀਆ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਕੰਮ ਕਰਦੀ ਹੈ। ਲੋਕਾਂ ਨੂੰ ਹਿਊਮਨ ਰਾਈਟਸ ਕੌਂਸਲ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਵੱਖ-ਵੱਖ ਸਾਧਨਾਂ ਰਾਹੀਂ ਸਾਨੂੰ ਖੁਦ ਵੀ ਮਨੁੱਖੀ ਅਧਿਕਾਰਾਂ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ ਅਤੇ ਦੂਜਿਆਂ ਨੂੰ ਵੀ ਇਸ ਬਾਰੇ ਦੱਸਿਆ ਜਾਣਾ ਚਾਹੀਦਾ ਹੈ। ਗੁਰਦੀਪ ਸਿੰਘ ਕੰਗ ਨੇ ਕਿਹਾ ਕਿ ਸਮਾਜਿਕ ਮਾਮਲਿਆਂ ਵਿੱਚ, ਵਗੈਰ ਕਿਸੇ ਭੇਦਭਾਵ ਤੋਂ ਸਾਰਿਆਂ ਲਈ ਇਕ ਬਰਾਬਰ ਆਜ਼ਾਦੀ ਦੀ ਗੱਲ ਹੋਣੀ ਚਾਹੀਦੀ ਹੈ। ਜਾਤੀ, ਰੰਗ, ਨਸਲ, ਭਾਸ਼ਾ, ਧਰਮ, ਸੀਆਸੀ ਅਤੇ ਹੋਰ ਵਿਚਾਰਾਂ, ਕੌਮੀਅਤ, ਜਾਇਦਾਦ ਅਤੇ ਸਮਾਜ ਦੇ ਆਧਾਰ ਤੇ ਕਿਸੇ ਵੀ ਤਰ੍ਹਾਂ ਦਾ ਵਿਤਕਰਾ ਨਹੀਂ ਹੋਣਾ ਚਾਹੀਦਾ। (ਇਹ ਆਜਾਦੀ ਹੀ ਮਨੁੱਖੀ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਇੱਕ ਮਨੁੱਖ ਨੂੰ ਜਨਮ ਤੋਂ ਬਾਅਦ ਹੀ ਬਹੁਤ ਸਾਰੇ ਬੁਨਿਆਦੀ ਅਧਿਕਾਰ ਮਿਲ ਜਾਂਦੇ ਹਨ। ਭਾਰਤੀ ਸੰਵਿਧਾਨ ਦੇਸ਼ ਦੇ ਸਾਰੇ ਨਾਗਰਿਕਾਂ ਨੂੰ ਮਨੁੱਖੀ ਅਧਿਕਾਰਾਂ ਦੀ ਗਰੰਟੀ ਦਿੰਦਾ ਹੈ। ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲਿਆਂ ਲਈ ਸਜਾ ਵੀ ਸਾਡੇ ਸੰਵਿਧਾਨ ‘ਚ ਲਿਖੀ ਗਈ ਹੈ। ਭਾਰਤੀ ਸੰਵਿਧਾਨ ਵਿੱਚ ਸਾਰੇ ਲੋਕਾਂ ਨੂੰ ਜੀਵਨ ਦੀ ਆਜ਼ਾਦੀ ਦਾ ਬਰਾਬਰ ਅਧਿਕਾਰ ਹੈ। ਕੰਗ ਨੇ ਕਿਹਾ ਕਿ ਮਨੁੱਖੀ ਅਧਿਕਾਰਾਂ ਦਾ ਅਰਥ ਹੈ ਕਿ ਮੀਡੀਆ, ਸਥਾਨਕ ਭਾਈਚਾਰਕ ਸਮੂਹਾਂ ਅਤੇ ਸਿੱਖਿਆ ਰਾਹੀਂ ਜਾਗਰੂਕਤਾ ਪੈਦਾ ਕੀਤੀ ਜਾਵੇ। ਉਹਨਾਂ ਨੇ ਔਰਤਾਂ, ਬੱਚਿਆਂ, ਅਪਾਹਜਾਂ, ਨਾਬਾਲਗਾਂ, ਕਮਜੋਰਾਂ ਦੀ ਸੁਰੱਖਿਆ ਨੂੰ ਵੀ ਮਨੁੱਖੀ ਅਧਿਕਾਰਾਂ ‘ਚ ਸ਼ਾਮਲ ਦੱਸਿਆ ਅਤੇ ਕਿਹਾ ਕਿ ਇਸ ਤੋਂ ਬਿਨਾਂ ਰਾਜਨੀਤਿਕ ਆਜ਼ਾਦੀ ਖੋਖਲੀ ਹੈ। ਮਨੁੱਖੀ



ਅਧਿਕਾਰਾਂ ਦੀ ਉਲੰਘਣਾ ਨੂੰ ਸਿਰਫ਼ ਕਾਨੂੰਨ ਬਣਾ ਕੇ ਨਹੀਂ ਸਗੋਂ ਉਨ੍ਹਾਂ ਦੀ ਪਾਲਣਾ ਕਰਕੇ ਰੋਕਿਆ ਜਾ ਸਕਦਾ ਹੈ। ਪੁਲਿਸ ਦੀ ਬੇਰਹਿਮੀ, ਤਸ਼ੱਦਦ, ਹਿਰਾਸਤੀ ਮੌਤਾਂ, ਫਰਜ਼ੀ ਮੁਕਾਬਲੇ, ਜੇਲ੍ਹਾਂ ਦੀ ਮਾੜੀ ਹਾਲਤ, ਮਨ ਮਰਜੀ ਨਾਲ ਗ੍ਰਿਫ਼ਤਾਰੀ, ਗੈਰ-ਕਾਨੂੰਨੀ ਨਜ਼ਰਬੰਦੀ ਨੂੰ ਰੋਕੇ ਬਿਨਾਂ ਮਨੁੱਖੀ ਅਧਿਕਾਰਾਂ ਦੀ ਰੱਖਿਆ ਨਹੀਂ ਕੀਤੀ ਜਾ ਸਕਦੀ। ਸਾਡੇ ਦੇਸ਼ ਵਿੱਚ ਮਨੁੱਖੀ ਅਧਿਕਾਰ ਕਾਨੂੰਨ 1993 ਵਿੱਚ ਲਾਗੂ ਹੋਇਆ ਅਤੇ ਸਰਕਾਰ ਨੇ ਰਾਸ਼ਟਰੀ ਅਤੇ ਰਾਜ ਪੱਧਰੀ ਮਨੁੱਖੀ ਅਧਿਕਾਰ ਕਮਿਸ਼ਨ ਗਠਿਤ ਕੀਤੇ ਹੋਏ ਹਨ, ਜਿਹਨਾਂ ਪ੍ਰਤੀ ਜਾਗਰੂਕਤਾ ਬਹੁਤ ਜ਼ਰੂਰੀ ਹੈ।

# ਮੁਲਾਜ਼ਮ ਤਾਲਮੇਲ ਸੰਘਰਸ਼ ਕਮੇਟੀ ਪੰਜਾਬ ਵੱਲੋਂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਮੁਲਾਜ਼ਮਾਂ ਦੇ ਸੰਘਰਸ਼ ਦੀ ਹਮਾਇਤ ਦਾ ਐਲਾਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਮੋਰਿੰਡਾ 30 ਮਈ ( ਪਤਰ ਪ੍ਰੇਰਕ ) ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਫੀਲਡ ਮੁਲਾਜ਼ਮਾਂ ਦੀਆਂ ਵੱਖ ਵੱਖ ਜਥੇਬੰਦੀਆਂ ਦੇ ਅਧਾਰਤ ਪੀ ਡਬਲਿਊ ਡੀ ਜਲ ਸਪਲਾਈ ਅਤੇ ਸੈਨੀਟੇਸ਼ਨ ਤਾਲਮੇਲ ਸੰਘਰਸ਼ ਕਮੇਟੀ ਪੰਜਾਬ ਦੇ ਕਨਵੀਨਰ ਮਹਿਮਾ ਸਿੰਘ ਧਨੌਲਾ, ਮਨਜੀਤ ਸਿੰਘ ਸੰਗਤਪੁਰਾ ਕੇ ਕਨਵੀਨਰ ਬਿੱਕਰ ਸਿੰਘ ਮਾਖਾ ,ਮਲਾਗਰ ਸਿੰਘ ਖਮਾਣੋ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਿੱਚ ਲੰਮੇ ਸਮੇਂ ਤੋਂ ਲਗਾਤਾਰ ਕੰਮ ਕਰਦੇ ਬੀ ਆਰ ਸੀ ,ਸੀ ਡੀ ਐਸ, ਆਈ ਈ ਸੀ ਮੁਲਾਜ਼ਮਾਂ ਵੱਲੋਂ ਵਿਭਾਗ ਦੇ ਮੁੱਖ ਦਫਤਰ ਮੋਹਾਲੀ ਵਿਖੇ ਲਗਾਤਾਰ ਭੁੱਖ



ਹੜਤਾਲ ਕੀਤੀ ਜਾ ਰਹੀ ਹੈ, ਮੁਲਾਜ਼ਮ ਤਾਲਮੇਲ ਸੰਘਰਸ਼ ਕਮੇਟੀ ਪੰਜਾਬ ਵੱਲੋਂ ਇਹਨਾਂ ਮੁਲਾਜ਼ਮਾਂ ਦੇ ਸੰਘਰਸ਼ ਦੀ ਡਟਵੀਂ ਹਮਾਇਤ ਦਾ ਐਲਾਨ ਕਰਦਿਆਂ ਵਿਭਾਗ ਦੇ ਪ੍ਰਮੁੱਖ ਸਕੱਤਰ ਤੋਂ ਮੰਗ ਕੀਤੀ ਕਿ ਇਨ੍ਹਾਂ ਮੁਲਾਜ਼ਮਾਂ ਦੀਆਂ ਮੰਗਾਂ ਤੁਰੰਤ ਲਾਗੂ ਕੀਤੀਆਂ ਜਾਣ । ,ਇਹਨਾਂ ਦੱਸਿਆ ਕਿ ਸੰਘਰਸ਼ ਕਮੇਟੀ ਪੰਜਾਬ ਦੀ ਵਿਸ਼ੇਸ਼ ਮੀਟਿੰਗ 5 ਜੂਨ 2025 ਨੂੰ ਪਟਿਆਲਾ ਵਿਖੇ ਕੀਤੀ ਜਾ ਰਹੀ ਹੈ । ਮੀਟਿੰਗ ਵਿੱਚ ਜਿੱਥੇ ਵਿਭਾਗ ਦੇ ਫੀਲਡ ਮੁਲਾਜ਼ਮਾਂ ਦੀਆਂ ਮੁੱਖ ਮੰਗਾਂ ਜਿਵੇਂ ਮ੍ਰਿਤਕ ਕਰਮਚਾਰੀਆਂ ਦੇ ਵਾਰਸਾਂ ਨੂੰ ਤਰਸ ਦੇ ਅਧਾਰ ਤੇ ਨੌਂਕਰੀਆਂ ਦੇਣਾ ,ਦਰਜਾ ਤਿੰਨ ਤੇ ਚਾਰ ਮੁਲਾਜ਼ਮਾਂ ਦੀਆਂ ਪ੍ਰਮੋਸ਼ਨਾਂ , ਵਿਭਾਗ ਵੱਲੋਂ ਬਣਾਏ ਗਏ ਮਾਰਚ 2021 ਦੇ ਨਿਯਮਾਂ ਤਹਿਤ 50% ਖਾਲੀ ਪੋਸਟਾਂ ਤੇ ਭਰਤੀ ਕਰਨਾ ,ਪੇਂਡੂ ਜਲ ਸਪਲਾਈ ਸਕੀਮਾਂ ਦੇ ਪੰਚਾਇਤੀਕਰਨ ਵਿਰੁੱਧ, ਵਿਭਾਗ ਵਿੱਚ ਲੰਮੇ ਸਮੇਂ ਤੋਂ ਲਗਾਤਾਰ ਕੰਮ ਕਰਦੇ ਇਨਲਿਸਟਮੈਂਟ, ਆਊਟਸੋਰਸਿੰਗ ਕਾਮਿਆਂ ਨੂੰ ਵਿਭਾਗ ਵਿੱਚ ਸ਼ਾਮਿਲ ਕਰਾਉਣਾ ਅਤੇ ਸੰਘਰਸ਼ ਕਮੇਟੀ ਨਾਲ ਹੋਈਆਂ ਮੁੱਖ ਅਧਿਕਾਰੀਆਂ ਦੀਆਂ ਮੀਟਿੰਗਾਂ ਦੀਆਂ ਪ੍ਰੋਸੀਡਿੰਗਾਂ ਜਾਰੀ ਕਰਾਉਣ ਆਦਿ ਲਈ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਇਹਨਾਂ ਨੇ ਦੱਸਿਆ ਕਿ ਵਿਭਾਗ ਦੇ ਫੀਲਡ ਮੁਲਾਜ਼ਮਾਂ ਦੀ ਸੰਘਰਸ਼ ਕਮੇਟੀ ਨੂੰ ਉਦੋਂ ਹੋਰ ਬਲ ਮਿਲਿਆ ਜਦੋਂ ਵਿਭਾਗ ਦੀ ਇੱਕ ਜਥੇਬੰਦੀ ਜਲ ਸਪਲਾਈ ਅਤੇ ਸੈਨੀਟੇਸ਼ਨ ਮਸਟੌਰਲ ਇੰਪਲਾਈਜ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਨੰਦਨ ਸਿੰਘ ਮਹਣੀਆਂ ਵੱਲੋਂ ਸਾਂਝੇ ਸੰਘਰਸ਼ਾਂ ਦੀ ਹਮਾਇਤ ਕਰਦਿਆਂ ਤਾਲਮੇਲ ਸੰਘਰਸ਼ ਕਮੇਟੀ ਦੀ ਮੀਟਿੰਗ ਵਿੱਚ ਸ਼ਾਮਿਲ ਹੋਣ ਦਾ ਫੈਸਲਾ ਕੀਤਾ ਗਿਆ। ਇਹਨਾਂ ਆਗੂਆਂ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਨਿਟਾਰਾ ਨਾ ਕੀਤਾ ਤਾਂ ਸਮੁੱਚੇ ਮੁਲਾਜ਼ਮ ਲੁਧਿਆਣਾ ਵਿਖੇ ਹੋ ਰਹੀ ਜਿਮਨੀ ਚੋਣ ਵਹੀਰਾਂ ਕੱਤ ਦੇਣਗੇ।

# ਭੁਲੱਥ ਅਤੇ ਸੁਲਤਾਨਪੁਰ ਲੋਧੀ ਦੇ 10 ਹੋਰ ਸਕੂਲਾਂ ਵਿਚ ਵਿਕਾਸ ਕੰਮਾਂ ਦਾ ਉਦਘਾਟਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਫਗਵਾੜਾ 29 ਮਈ (ਸ਼ਿਵ ਕੌੜਾ) ਪੰਜਾਬ ਸਰਕਾਰ ਵਲੋਂ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਦੇ ਮਕਸਦ ਨਾਲ ਸ਼ੁਰੂ ਕੀਤੀ ਗਈ ਸਿੱਖਿਆ ਕ੍ਰਾਂਤੀ ਤਹਿਤ ਅੱਜ ਜਿਲ੍ਹੇ ਦੇ 10 ਹੋਰ ਸਰਕਾਰੀ ਸਕੂਲਾਂ ਅੰਦਰ 32 ਲੱਖ ਰੁਪੈ ਨਾਲ ਵਿਕਾਸ ਕੰਮਾਂ ਦੇ ਉਦਘਾਟਨ ਕੀਤੇ ਗਏ। ਵਿਕਾਸ ਕੰਮਾਂ ਵਿਚ ਮੁੱਖ ਤੌਰ ’ਤੇ ਐਡੀਸ਼ਨਲ ਕਲਾਸ ਰੂਮਾਂ ਦੀ ਉਸਾਰੀ ਅਤੇ ਸਕੂਲਾਂ ਦੀ ਚਾਰਦੀਵਾਰੀ ਆਦਿ ਮੁੱਖ ਰੂਪ ਵਿਚ ਸ਼ਾਮਿਲ ਹੈ ਭੁਲੱਥ ਹਲਕੇ ਦੇ ਸਕੂਲਾਂ ਮੇਤਲਾ ਖੇੜਾ, ਬਜਾਜ, ਅਕਾਲਾ, ਬੇਪਾਰਾਏ ਵਿਖੇ ਲੋਕ ਸਭਾ ਮੈਂਬਰ ਡਾ ਰਾਜ ਕੁਮਾਰ ਚੱਬੇਵਾਲ ਤੇ ਡਾਇਰੈਕਟਰ ਜਲ ਸਰੋਤ ਵਿਭਾਗ ਐਡਵੋਕੇਟ ਹਰਸਿਮਰਨ ਸਿੰਘ ਘੁੰਮਣ ਨੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਇਸੇ ਤਰ੍ਹਾਂ ਸੁਲਤਾਨਪੁਰ ਹਲਕੇ ਅੰਦਰ ਸਰਕਾਰੀ ਸਕੂਲ ਉੱਚਾ ਬੋਹੜ ਵਾਲਾ,ਅਲੂਵਾਲ, ਮੰਡੀ ਅਲੂਵਾਲ ਅਹਲੀ ਕਲਾਂ ਵਿਖੇ ਸ.ਸੱਜਣ ਸਿੰਘ ਚੀਮਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਕਪੂਰਥਲਾ ਨੇ ਵਿਕਾਸ ਕੰਮਾਂ ਦੇ ਉਦਘਾਟਨ ਕੀਤੇ।

# ਪਿੰਡ ਰਿਹਾਣਾ ਜੱਟਾਂ ਦੇ ਐਚਡੀਐਫਸੀ ਬੈਂਕ ਚੋਂ 40 ਲੱਖ ਰੁਪਏ ਲੁੱਟ ਕੇ ਫਰਾਰ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਫਗਵਾੜਾ (ਸ਼ਿਵ ਕੌੜਾ) ਫਗਵਾੜਾ ਨਜ਼ਦੀਕ ਪਿੰਡ ਰਿਹਾਣਾ ਜੱਟਾਂ ਵਿਖੇ ਅੱਜ ਲੁੱਟ ਦਾ ਮਾਮਲਾ ਸਾਹਮਣੇ ਆਇਆ




ਐਚਡੀਐਫਸੀ ਬੈਂਕ ਦੇ ਵਿੱਚ ਲੁਟੇਰਿਆਂ ਨੇ ਗਨ ਪੁਆਇੰਟ ਤੇ 40 ਲੱਖ ਦੇ ਕਰੀਬ ਨਗਦੀ ਲੁੱਟ ਕੇ ਲਿਫਾਰ ਹੋ ਗਏ ਇਹ ਲੁਟੇਰੇ ਸਫੇਦ ਰੰਗ ਦੀ ਵਰਨਾ ਕਾਰ ਵਿੱਚ ਆਏ ਸਨ। ਇਹਨਾਂ ਦੀ ਗਿਣਤੀ 3 ਦੱਸੀ ਜਾਂਦੀ ਹੈ ਮੌਕੇ ਤੇ ਆਲਾ ਅਧਿਕਾਰੀ ਐਸਐਸਪੀ ਐਸਪੀ ਪੁੱਜੇ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

# ਵਿਸ਼ਵ ਤੰਬਾਕੂ ਰਹਿਤ ਦਿਵਸ਼: ਇਕ ਜਾਗਰੂਕਤਾ

ਜਗਤਾਰ ਲਾਡੀ ਮਾਨਸਾ
9463603091



ਤੰਬਾਕੂ, ਜੋ ਕਿ ਅਕਸਰ ਧੂਮਰਪਾਨ , ਚੱਬਣ ਵਾਲੇ ਤੰਬਾਕੂ, ਸੁਗੰਧਿਤ ਦੇਣ ਵਾਲੇ ,ਸਾਦਾ ਗੁਟਕਾ ਜਾਂ ਹੋਰ ਰੂਪਾਂ ਵਿੱਚ ਵਰਤਿਆ ਜਾਂਦਾ ਹੈ, ਦੁਨੀਆ ਭਰ ਵਿੱਚ ਲੱਖਾਂ ਲੋਕਾਂ ਦੀ ਮੌਤ ਦਾ ਕਾਰਨ ਬਣ ਰਿਹਾ ਹੈ। ਸੰਸਾਰ ਸਿਹਤ ਸੰਸਥਾ (World Health Organization - WHO) ਵੱਲੋਂ ਹਰ ਸਾਲ 31 ਮਈ ਨੂੰ ਨੋ ਤੰਬਾਕੂ ਡੇਅ ਦੇ ਤੌਰ ‘ਤੇ ਮਨਾਇਆ ਜਾਂਦਾ ਹੈ, ਜਿਸ ਦਾ ਮਕਸਦ ਲੋਕਾਂ ਵਿੱਚ ਤੰਬਾਕੂ ਦੇ ਹਾਨੀਕਾਰਕ ਪ੍ਰਭਾਵਾਂ ਬਾਰੇ ਜਾਗਰੂਕਤਾ ਫੈਲਾਉਣਾ ਅਤੇ ਲੋਕਾਂ ਨੂੰ ਤੰਬਾਕੂ ਦੀ ਆਦਤ ਛੱਡਣ ਵੱਲ ਉਤਸ਼ਾਹਿਤ ਕਰਨਾ ਹੈ।

ਜੇਕਰ ਇਸ ਦੇ ਇਤਿਹਾਸਿਕ ਪੱਖ ਨੂੰ ਦੇਖੀਏ ਤਾਂ ਤੰਬਾਕੂ ਦੀ ਇਤਿਹਾਸਕ ਝਲਕ

ਤੰਬਾਕੂ ਦੀ ਪੈਦਾਵਾਰ ਅਤੇ ਵਰਤੋਂ ਦੀ ਸ਼ੁਰੂਆਤ ਲਗਭਗ 500 ਸਾਲ ਪਹਿਲਾਂ ਹੋਈ ਸੀ। ਅਮਰੀਕਾ ਦੇ ਮੂਲ ਨਿਵਾਸੀਆਂ ਨੇ ਇਸਦੀ ਵਰਤੋਂ ਧਾਰਮਿਕ ਤੇ ਰਸਮੀ ਮੌਕੇ ਤੇ ਕਰਨੀ ਸ਼ੁਰੂ ਕੀਤੀ। 16ਵੀਂ ਸਦੀ ਵਿੱਚ ਯੂਰਪੀ ਕਲੌਨੀਆਂ ਨੇ ਤੰਬਾਕੂ ਨੂੰ ਵਪਾਰਕ ਪਦਾਰਥ ਵਜੋਂ ਵਿਕਸਤ ਕੀਤਾ। ਸਮੇਂ ਦੇ ਨਾਲ, ਇਹ ਆਦਤ ਵਿਆਪਕ ਹੋ ਗਈ ਤੇ ਅੱਜ ਇਹ ਇਕ ਵਿਸ਼ਵਵਿਆਪੀ ਸਮੱਸਿਆ ਬਣ ਚੁੱਕੀ ਹੈ।

## ਤੰਬਾਕੂ ਦੇ ਰੂਪ

ਤੰਬਾਕੂ ਕਈ ਰੂਪਾਂ ਵਿੱਚ ਵਰਤਿਆ ਜਾਂਦਾ ਹੈ, ਜਿਵੇਂ:ਬੀੜੀ ਅਤੇ ਸਿਗਰਟ ਇਹ ਸਭ ਤੋਂ ਆਮ ਰੂਪ ਹੈ ਜੋਂ ਵੱਡੀ ਪੱਧਰ ਤੇ ਵਰਤਿਆ ਜਾਂਦਾ ਹੈ।ਇਸ ਤੋਂ ਬਾਅਦ

ਹੁੱਕਾ ਖਾਸ ਕਰਕੇ ਕਈ ਸੱਭਿਆਚਾਰਾਂ ਵਿੱਚ ਆਮ ਵਰਤਿਆ। ਜਾਂਦਾ ਹੈ ਇਹ ਉਹਨਾਂ ਦੇ ਅੰਗ ਬਣ ਗਿਆ ਹੈ। ਇਸ ਨੂੰ ਸੋਸ਼ਲ ਸਟੇਟਸ ਦੇ ਤੌਰ ਤੇ ਦੇਖਿਆ ਜਾਂਦਾ। ਹੈ। ਕਿਸ ਦੀ ਆਓ ਭਗਤ ਲਈ ਇਹ ਇਸ ਨੂੰ ਜ਼ਰੂਰੀ ਤੌਰ ਤੇ ਪੇਸ਼ ਕੀਤਾ ਜਾਂਦਾ ਹੈ।ਚੈਣੀ / ਸਾਦਾ ਗੁਟਕਾ ਅਤੇ ਖੈਣੀ: ਚੱਬਣ ਵਾਲੀ ਤੰਬਾਕੂ ਇਸ ਦੀ ਵਰਤੋਂ ਵੀ ਆਮ ਹੈ। ਸਨੂਸ, ਜਰਦਾ, ਮਵਾਸ ਇਹ ਵੱਖ-ਵੱਖ ਖੇਤਰਾਂ ਵਿੱਚ ਵਰਤੇ ਜਾਂਦੇ ਰੂਪ ਹਨ ਜੋ ਲੋਕਾਂ ਲਈ ਆਮ ਮਿਲ ਵੀ ਜਾਂਦੇ ਹਨ।ਅੱਜ ਨਵਾਂ ਹੀ ਸਿਸਟਮ ਇ-ਸਿਗਰਟ ਅਤੇ ਵੇਪਿੰਗ ਇਹ ਨਵੇਂ ਰੂਪ ਜੋ ਨੌਜਵਾਨਾਂ ਵਿੱਚ ਹਰਮਨ ਪਿਆਰੇ ਹੋ ਰਹੇ ਹਨ।

ਤੰਬਾਕੂ ਦੇ ਸਿਹਤ ਉੱਤੇ ਬਹੁਤ ਬੁਰੇ ਪ੍ਰਭਾਵ ਪੈਂਦੇ ਹਨ ।ਤੰਬਾਕੂ ਵਰਤਣ ਨਾਲ ਲਗਭਗ ਹਰ ਅੰਗ ਪ੍ਰਭਾਵਤ ਹੁੰਦਾ ਹੈ। ਕੁਝ ਮੁੱਖ ਹਾਨੀਆਂ ਹੇਠ ਲਿਖੀਆਂ ਹਨ:

ਸਭ ਤੋਂ ਪਹਿਲਾਂ ਫੇਫੜਿਆਂ ਦਾ ਕੈਂਸਰ ,ਸਿਗਰਟ ਪੀਣ ਵਾਲਿਆਂ ਵਿੱਚ ਇਹ ਰੋਗ ਆਮ ਹੈ। ਤੇ ਵੱਡੀ ਪੱਧਰ ਤੇ ਪਾਇਆ ਜਾਂਦਾ ਹੈ।

ਹਿਰਦੇ ਰੋਗ: ਰਕਤ ਵਾਲੀਆਂ ਨਸਾਂ ਆਕੜ ਜਾਂਦੀਆਂ ਹਨ। ਤੇ ਇਸ ਨਾਲ ਹੋਰ ਖਤਰਨਾਕ ਸਮੱਸਿਆਵਾਂ ਸ਼ੁਰੂ ਹੋ ਜਾਂਦੀਆਂ ਹਨ। ਇਹਨਾਂ ਚੀਜ਼ਾਂ ਨਾਲ ਮੂੰਹ, ਗਲੇ ਤੇ ਜਿਗਰ ਦੇ ਰੋਗ ਸ਼ੁਰੂ ਹੋ ਜਾਂਦਾ ਹਨ। ਮੂੰਹ ਦੇ ਕਈ ਖਤਰਨਾਕ ਰੋਗ ਸ਼ੁਰੂ ਹੋ ਜਾਂਦੇ ਹਨ।ਚੱਬਣ ਵਾਲੇ ਤੰਬਾਕੂ ਨਾਲ ਇਹ ਰੋਗ ਵੱਧਦੇ ਹਨ।

ਸਭ ਤੋਂ ਵੱਡੀ ਗੱਲ ਇਹ ਕਿ ਔਰਤਾਂ ਵੀ ਵੱਡੀ ਪੱਧਰ ਤੇ ਇਸ ਦੀਆਂ ਆਦੀ ਹੋ ਚੁੱਕੀਆਂ ਹਨ।ਗਰਭਵਤੀ ਔਰਤਾਂ ਉੱਤੇ ਇਸ ਦੇ ਪ੍ਰਭਾਵ ਬਹੁਤ ਮਾਰੂ ਪੈਂਦੇ ਹਨ।ਬੱਚਾ ਕਮ ਵਜ਼ਨ ਨਾਲ ਪੈਦਾ ਹੋ ਸਕਦਾ ਹੈ ਜਾਂ ਮੌਤ ਵੀ ਹੋ ਸਕਦੀ ਹੈ।ਜਾ ਦੋਵੇਂ ਜੱਚਾ ਬੱਚਾ ਜਾਨ ਤੋਂ ਹੱਥ ਧੋ ਸਕਦੇ ਹਨ। ਬੱਚਾ ਅਪਾਹਿਜ ਪੈਦਾ ਹੋ ਸਕਦਾ ਹੈ।

ਇਸ ਤੋਂ ਦੰਦਾਂ ਦੀ ਸਿਹਤ ਦਾ ਨੁਕਸਾਨ ਵੀ ਹੋ ਸਕਦਾ ਹੈ ਇਹ ਪੀਲੇ ਦੰਦ, ਮੂੰਹ ਦੀ ਬੂ ਅਤੇ ਦੰਦਾਂ ਦੀ ਗਲਣ ਵਰਗੀਆਂ ਸਮੱਸਿਆ ਪੈਦਾ ਕਰ ਸਕਦਾ ਹੈ।




ਅਸਲ ਵਿੱਚ ਅਸੀਂ ਕਹਿ ਸਕਦੇ ਹਾਂ ਇਸ ਦਾ ਕੋਈ ਫਾਇਦਾ ਤਾਂ ਅਸੀਂ ਗਿਣਾ ਨਹੀਂ ਸਕਦੇ ਸਭ ਸਿਹਤ ਪੱਖੋਂ ਮਾਰੂ ਹੀ ਹਨ।

## ਨੋ ਤੰਬਾਕੂ ਡੇਅ ਦੀ ਸ਼ੁਰੂਆਤ

ਸੰਸਾਰ ਸਿਹਤ ਸੰਸਥਾ ਨੇ 1987 ਵਿੱਚ ਪਹਿਲੀ ਵਾਰ ਨੋ ਤੰਬਾਕੂ ਡੇਅ ਮਨਾਉਣ ਦਾ ਐਲਾਨ ਕੀਤਾ। ਮੂਲ ਮਕਸਦ ਇਹ ਸੀ ਕਿ ਜਨਤਾ ਨੂੰ ਤੰਬਾਕੂ ਦੀ ਵਰਤੋਂ ਦੇ ਹਾਨੀਕਾਰਕ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ ਜਾਵੇ ਅਤੇ ਲੋਕਾਂ ਨੂੰ ਇਹ ਛੱਡਣ ਲਈ ਉਤਸ਼ਾਹਤ ਕੀਤਾ ਜਾਵੇ। ਹਰ ਸਾਲ ਇਹ ਦਿਨ ਵੱਖ-ਵੱਖ ਥੀਮਾਂ ਨਾਲ ਮਨਾਇਆ ਜਾਂਦਾ ਹੈ।

ਹਰ ਸਾਲ ਨੋ ਤੰਬਾਕੂ ਡੇਅ ਲਈ ਇੱਕ ਨਵੀਂ ਥੀਮ ਨਿਰਧਾਰਤ ਕੀਤੀ ਜਾਂਦੀ ਹੈ ਜੋ ਸਿੱਧਾ ਜਾਗਰੂਕਤਾ ਦੀ ਦਿਸਾ ਵੱਲ ਇਸ਼ਾਰਾ ਕਰਦੀ ਹੈ:

2024 ਦੀ ਥੀਮ: “Protecting Children from Tobacco Industry Interference”

(ਬੱਚਿਆਂ ਨੂੰ ਤੰਬਾਕੂ ਉਦਯੋਗ ਦੇ ਦਖਲਅੰਦਾਜ਼ੀ ਤੋਂ ਬਚਾਉਣਾ) ਸੀ।

2025 ਵਿੱਚ, ਵਿਸ਼ਵ ਨੋ ਤੰਬਾਕੂ ਦਿਵਸ ਦੀ ਥੀਮ ਹੈ: “ਚਮਕਦਾਰ ਉਤਪਾਦ, ਹਨੇਰੀ ਨੀਤੀਆਂ: ਆਕਰਸ਼ਣ ਦੀ ਪੜਤਾਲ” (Bright products. Dark intentions. Unmasking the Appeal)। ਇਹ ਥੀਮ ਤੰਬਾਕੂ ਉਦਯੋਗ ਵੱਲੋਂ ਉਤਪਾਦਾਂ ਨੂੰ ਆਕਰਸ਼ਕ ਬਣਾਉਣ ਲਈ ਵਰਤੇ ਜਾਂਦੇ ਚਲਾਕ ਤਰੀਕਿਆਂ ਨੂੰ ਬੇਨਕਾਬ ਕਰਨ ਤੇ ਕੇਂਦਰਿਤ ਹੈ, ਜੋ ਕਿ ਵਿਸ਼ੇਸ਼ ਤੌਰ ‘ਤੇ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਂਦੇ ਹਨ।

ਇਸ ਥੀਮ ਦਾ ਮਕਸਦ ਸੀ ਕਿ ਨੌਜਵਾਨ ਪੀੜ੍ਹੀ ਨੂੰ ਤੰਬਾਕੂ ਦੇ ਚੰਗੇ ਪ੍ਰਚਾਰ ਤੋਂ ਬਚਾਇਆ ਜਾਵੇ ਅਤੇ ਉਨ੍ਹਾਂ ਲਈ ਤੰਬਾਕੂ ਰਹਿਤ ਵਾਤਾਵਰਨ ਬਣਾਇਆ ਜਾਵੇ। ਦੇਖਿਆ ਗਿਆ ਕਿ ਜ਼ਮਾਨਾ ਐਂਡ ਦਾ ਹੈ। ਮਾੜੀਆਂ ਚੀਜ਼ਾਂ ਵੀ ਉਸ ਦੇ ਗ਼ਲਤ ਗੁਣ ਗਿਣਾ ਕਿ ਵੇਚੀਆਂ ਜਾਂਦੀਆਂ ਹਨ। ਉਤੋਂ ਇਸ ਕੰਮ ਲਈ ਸੈਲੀਬ੍ਰਿਟੀ ਦਾ ਸਹਾਰਾ ਲਿਆ ਜਾਂਦਾ ਹੈ ਜਿਸ ਨਾਲ ਨਵੀਂ ਪੀੜ੍ਹੀ ਵੱਧ ਪ੍ਰਭਾਵਿਤ ਹੁੰਦੀ ਹੈ। ਇਸ ਬੁਰਾਈ ਨੂੰ ਵਡਿਆ ਕੇ ਪੇਸ਼ ਕੀਤਾ ਜਾਂਦਾ ਹੈ।

ਭਾਰਤ ਵਿੱਚ ਤੰਬਾਕੂ ਦੀ ਸਥਿਤੀ ਬਹੁਤੀ ਚੰਗੀ ਨਹੀਂ ਹੈ।ਭਾਰਤ ਵਿੱਚ ਤੰਬਾਕੂ ਵਰਤਣ ਵਾਲਿਆਂ ਦੀ ਗਿਣਤੀ ਕਾਫੀ ਵੱਡੀ ਹੈ। ਇੱਕ ਅੰਕੜੇ ਮੁਤਾਬਕ ਤੰਬਾਕੂ ਵਰਤਣ ਵਾਲੇ ਭਾਰਤੀ (15+) 28.6% (ਪੁਰਸ਼ 42.4%, ਔਰਤਾਂ 14.2%)

ਕੁੱਲ ਤੰਬਾਕੂ ਵਰਤੋਂਕਾਰ ਲਗਭਗ 26 ਕਰੋੜ (260 ਮਿਲੀਅਨ)

ਸਾਲਾਨਾ ਮੌਤਾਂ ਤੰਬਾਕੂ ਕਾਰਨ 13 ਲੱਖ 1.3 ਮਿਲੀਅਨ

ਬੱਚਿਆਂ ਦੀ ਮੌਤ ਪੈਸਿਵ ਸਮੋਕਿੰਗ ਲਗਭਗ 1 ਲੱਖ ਪ੍ਰਤੀ ਸਾਲ

ਜੋ ਕਿ ਵੱਡੀ ਗਿਣਤੀ ਹੈ। ਪੈਸਿਵ ਸਮੋਕਿੰਗ ਜੋ ਇਹਨਾਂ ਦੀ ਵਰਤੋਂ ਕਾਰਨ ਹੋਰ ਆਮ ਲੋਕਾਂ ਨੂੰ ਸਿਹਤ ਸਬੰਧੀ ਸਮੱਸਿਆਵਾਂ ਆਉਂਦੀਆਂ ਹਨ।ਪਰ ਕਿਉਂਕਿ ਇਸ ਵਿੱਚ ਕਮਾਈ ਮੋਟੀ ਹੈ ਕੰਪਨੀਆਂ ਕਮਾ ਰਹੀਆਂ ਹਨ । ਸਰਕਾਰਾਂ ਨੂੰ ਮੋਟੀ ਆਮਦਨ ਪੈਦਾ ਹੁੰਦੀ ਹੈ।ਇਸ ਲਈ ਇਹਨਾਂ ਨੂੰ ਕੋਈ ਰੋਕਣਾ ਨਹੀਂ ਚਾਹੁੰਦਾ।

ਸਰਕਾਰੀ ਪੱਧਰ ਤੇ ‘COTPA’ Cigarettes and Other Tobacco Products Act, 2003 ਜਿਹਾ ਕਾਨੂੰਨ ਲਾਗੂ ਕੀਤਾ ਗਿਆ ਹੈ ਜਿਸ ਤਹਿਤ ਤੰਬਾਕੂ ਉਤਪਾਦਾਂ ਉੱਤੇ ਚੇਤਾਵਨੀ ਲਾਜ਼ਮੀ ਕੀਤੀ ਗਈ ਹੈ। ਇਹ ਵੱਡੀ ਗੱਲ ਹੈ ਕਿਸੇ ਪ੍ਰੋਡਕਟ ਉਪਰ ਉਸ ਨੂੰ ਵਰਤਣ ਦੇ ਨੁਕਸਾਨ ਲਿਖਿਆ ਹੋਣਾ। ਪਰ ਫਿਰ ਵੀ ਲੋਕ ਜ਼ਿਆਦਾ ਵਰਤਦੇ ਹਨ। ਸਿਗਰਟ ਵਗੈਰਾ ਤਾਂ ਪਾਰਟੀਆਂ ਦਾ ਸ਼ਿੰਗਾਰ ਬਣ ਗਈਆਂ ਹਨ। ਅਸੀਂ ਰੋਲ ਮਾਡਲ ਵੀ ਉਹਨਾਂ ਨੂੰ ਮੰਨਦੇ ਜੋ ਸਾਨੂੰ ਇਹ ਗਲਤ ਆਦਤਾਂ ਲਈ ਪ੍ਰੇਰਿਤ ਕਰਦੇ ਹਨ

ਤੰਬਾਕੂ ਉਦਯੋਗ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਂਦਾ ਹੈ। ਈ-ਸਿਗਰਟ, ਸੁਗੰਧਿਤ ਗੁਟਕੇ ਅਤੇ ਆਕਰਸ਼ਕ ਪੈਕੇਜਿੰਗ ਰਾਹੀਂ ਉਹ ਨਵੇਂ ਨੌਜਵਾਨਾਂ ਨੂੰ ਖਿੱਚਦੇ ਹਨ। ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਵਿੱਚ ਵੀ ਵੱਡੀ ਪੱਧਰ ਵਿਕਦੇ ਹਨ ਇਹ ਪ੍ਰੋਡਕਟ।

ਇਸ ਤੋਂ ਛੁਟਕਾਰਾ ਕਿਵੇਂ ਪਾਇਆ ਜਾਵੇ। ਵੇਚਣ ਵਾਲੇ ਤੇ ਵਿਕਵਾਉਣ ਨੂੰ ਮੋਟੀ ਕਮਾਈ ਹੈ ਉਹ ਕਦੇ ਨਹੀਂ ਚਾਹੁੰਦੇ ਕਿ ਇਹ ਬੰਦ ਹੋਵੇ।ਇਸ ਲਈ ਲੋੜ ਸਮਾਜ ਨੂੰ ਜਾਗਣ ਦੀ ਹੈ। ਸਿਖਿਆ ਸੰਸਥਾਵਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਜਾਗਰੂਕਤਾ ਪੈਦਾ ਕਰਨ।

ਤੰਬਾਕੂ ਛੱਡਣ ਦੇ ਤਰੀਕੇ ਜੋ ਅਸੀਂ ਵਰਤ ਸਕਦੇ ਹਾਂ। ਭਾਵੇਂ ਇਹ ਕਹਿੰਦੇ ਨੇ ਕਿ

ਤੰਬਾਕੂ ਛੱਡਣਾ ਆਸਾਨ ਨਹੀਂ ਪਰ ਨਾ ਮੁਮਕਿਨ ਵੀ ਨਹੀਂ। ਇਹ ਰਹੀ ਕੁਝ ਤਕਨੀਕਾਂ ਅਪਣਾ ਸਕਦੇ ਹਾਂ। ਪਹਿਲਾਂ

### ਮਨੋਵਿਗਿਆਨਕ ਸਲਾਹ ਜ਼ਰੂਰੀ ਹੈ।

ਤਜਰਬੇਕਾਰ ਮਾਨਸਿਕ ਸਲਾਹਕਾਰਾਂ ਦੀ ਮਦਦ ਨਾਲ ਤੰਬਾਕੂ ਛੱਡਿਆ ਜਾ ਸਕਦਾ ਹੈ। ਆਪਣੇ ਮਨ ਤੇ ਕਾਬੂ ਪਾਉਣਾ ਜ਼ਰੂਰੀ ਹੈ।

### ਨਿਕੋਟੀਨ ਬਦਲ ਥੈਰੇਪੀ (NRT)

ਨਿਕੋਟੀਨ ਗਮ, ਪੈਚ ਜਾਂ ਲੋਜ਼ੇਂਜ਼ ਵਰਗੀ ਥੈਰੇਪੀ ਨਾਲ ਛੁਟਕਾਰਾ ਮਿਲ ਸਕਦਾ ਹੈ।

### ਹੌਸਲਾ ਅਤੇ ਪਰਿਵਾਰਿਕ ਸਹਿਯੋਗ

ਪਰਿਵਾਰ, ਦੋਸਤ ਅਤੇ ਸਾਥੀਆਂ ਦੀ ਹੌਸਲਾ ਅਫ਼ਜਾਈ ਬਹੁਤ ਜ਼ਰੂਰੀ ਹੈ। ਕਿਉਂਕਿ ਇਸ ਨਾਲ ਆਦੀ ਹੋਏ ਬੰਦੇ ਨੂੰ ਮੁੜ ਹੌਸਲਾ ਮਿਲ ਸਕਦਾ ਹੈ ਜਿਸ ਉਹ ਵਿਆਕਤੀ ਇਸ ਬੁਰਾਈ ਤੋਂ ਛੁਟਕਾਰਾ ਪਾ ਸਕਦਾ ਹੈ।

ਨੋ ਤੰਬਾਕੂ ਡੇਅ ਮੌਕੇ ਕੀ ਕੀਤਾ ਜਾ ਸਕਦਾ ਹੈ?ਇਹ ਸੁਆਲ ਕਿ ਇਸ ਮੌਕੇ ਤੇ ਇੱਕਲੇ

ਸੈਮੀਨਾਰ ਤੇ ਰੈਲੀਆਂ ਕੀਤੇ ਜਾਣ ।ਇਸ ਲਈ ਸਕੂਲਾਂ ਤੇ ਕਾਲਜਾਂ ਵਿਚ ਵਿਦਿਆਰਥੀਆਂ ਨੂੰ ਸਮਝਾਉਣ ਲਈ ਸਾਨੂੰ ਵੱਡੀ ਪੱਧਰ ਤੇ ਯਤਨ ਕਰਨੇ ਪੈਣਗੇ।

### ਉਹਨਾਂ ਨੂੰ ਖੇਡਾਂ ਨਾਲ ਜੋੜਨਾ ਪਵੇਗਾ।

ਧਾਰਮਿਕ ਸੰਸਥਾਵਾਂ ਕਲੱਬਾਂ ਦਾ ਸਹਿਯੋਗ ਲਿਆ ਜਾ ਸਕਦਾ ਹੈ। ਕੈਂਪ ਲਗਾਏ ਜਾਣ।

ਤੰਬਾਕੂ ਵਰਤਣ ਵਾਲਿਆਂ ਦੀ ਸਹਾਇਤਾ ਵਿੱਚ ਉਨ੍ਹਾਂ ਲਈ ਚਿਕਿਤਸਾ ਅਤੇ ਮਦਦ ਉਪਲਬਧ ਕਰਵਾਉਣਾ ਸਮਾਜ ਤੇ ਸਰਕਾਰ ਦਾ ਫਰਜ਼ ਹੈ। ਤਾਂ ਕਿ ਨੌਜਵਾਨਾਂ ਨੂੰ ਇਸ ਤੋਂ ਬਾਹਰ ਕੱਢਿਆ ਜਾ ਸਕੇ।

ਸੋਸ਼ਲ ਮੀਡੀਆ ਅਭਿਆਨ ਨੌਜਵਾਨਾਂ ਨੂੰ ਜਾਂ ਖ਼ਤਰਨਾਕ ਆਦਤਾਂ ਤੋਂ ਬਚਾਉਣ ਲਈ ਵਧੀਆ ਰੋਲ ਅਦਾ ਕਰ ਸਕਦਾ ਹੈ।

ਤੰਬਾਕੂ ਉਦਯੋਗ ਦਾ ਵਿਰੋਧ ਕਰਨਾ ਚਾਹੀਦ ਜਿਸ ਤਰ੍ਹਾਂ ਉਹ ਨੌਜਵਾਨਾਂ ਨੂੰ ਲੁਭਾਉਂਦੇ ਹਨ।

ਨੈਤਿਕ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਗੱਲ ਕਰੀਏ ਤਾਂ ਤੰਬਾਕੂ ਵਰਤਣ ਵਾਲਾ ਵਿਅਕਤੀ ਸਿਰਫ਼ ਆਪਣੀ ਹੀ ਸਿਹਤ ਨੂੰ ਨੁਕਸਾਨ ਨਹੀਂ ਪਹੁੰਚਾਉਂਦਾ, ਸਗੋਂ ਪਰਿਵਾਰਕ ਮੈਂਬਰਾਂ ਨੂੰ ਵੀ ਇਸ ਰਾਹੀਂ ਖ਼ਤਰੇ ਵਿੱਚ ਪਾ ਦਿੰਦਾ ਹੈ। ਇਸ ਕਰਕੇ ਤੰਬਾਕੂ ਛੱਡਣਾ ਇਕ ਨੈਤਿਕ ਅਤੇ ਸਮਾਜਿਕ ਜ਼ਿੰਮੇਵਾਰੀ ਵੀ ਹੈ। ਜਿਸ ਨਾਲ ਵਧੀਆ ਸਮਾਜ ਸਿਰਜਿਆ ਜਾ ਸਕਦਾ ਹੈ

ਨੋ ਤੰਬਾਕੂ ਡੇਅ ਸਿਰਫ਼ ਇੱਕ ਦਿਨ ਦੀ ਮਰਿਯਾਦਾ ਤੱਕ ਸੀਮਤ ਨਹੀਂ ਹੋਣਾ ਚਾਹੀਦਾ। ਇਹ ਇੱਕ ਲੰਮੀ ਲੜਾਈ ਦਾ ਹਿੱਸਾ ਹੈ ਜੋ ਲੋਕਾਂ ਦੀ ਸਿਹਤ ਬਚਾਉਣ ਲਈ ਲੜੀ ਜਾ ਰਹੀ ਹੈ। ਸਾਨੂੰ ਸਭ ਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਜੀਵਨ ‘ਚ, ਆਪਣੇ ਪਰਿਵਾਰ ਅਤੇ ਸਮਾਜ ਵਿੱਚ ਤੰਬਾਕੂ ਰਹਿਤ ਵਾਤਾਵਰਨ ਬਣਾਈਏ। ਇਹ ਸੰਘਰਸ਼ ਸਿਰਫ਼ ਸਿਹਤ ਲਈ ਨਹੀਂ, ਸਗੋਂ ਇੱਕ ਸੁਚੱਜੇ ਅਤੇ ਸੁਰੱਖਿਅਤ ਭਵਿੱਖ ਲਈ ਵੀ ਜ਼ਰੂਰੀ ਹੈ।

---

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

# 31 ਮਈ ਵਿਸ਼ਵ ਤੰਬਾਕੂ ਮੁਕਤ ਦਿਵਸ ਤੇ ਵਿਸ਼ੇਸ਼

## ਆਓ, ਤੰਬਾਕੂ ਮੁਕਤ ਭਵਿੱਖ ਦਾ ਨਿਰਮਾਣ ਕਰੀਏ

ਚਾਨਣਦੀਪ ਸਿੰਘ ਔਲਖ,
ਪਿੰਡ ਗੁਰਨੇ ਖ਼ੁਰਦ (ਮਾਨਸਾ),
ਸੰਪਰਕ 9876888177



ਹਰ ਸਾਲ 31 ਮਈ ਨੂੰ ਵਿਸ਼ਵ ਤੰਬਾਕੂ ਮੁਕਤ ਦਿਵਸ ਮਨਾਇਆ ਜਾਂਦਾ ਹੈ, ਜੋ ਸਾਨੂੰ ਤੰਬਾਕੂ ਦੇ ਭਿਆਨਕ ਪ੍ਰਭਾਵਾਂ ਅਤੇ ਇਸ ਨੂੰ ਛੱਡਣ ਦੀ ਜ਼ਰੂਰਤ ਬਾਰੇ ਯਾਦ ਦਿਵਾਉਂਦਾ ਹੈ। ਇਹ ਸਿਰਫ਼ ਇੱਕ ਦਿਨ ਨਹੀਂ, ਸਗੋਂ ਤੰਬਾਕੂ ਦੇ ਖ਼ਤਰਿਆਂ ਵਿਰੁੱਧ ਜਾਗਰੂਕਤਾ ਵਧਾਉਣ ਅਤੇ ਇੱਕ ਸਿਹਤਮੰਦ ਭਵਿੱਖ ਲਈ ਪ੍ਰਣ ਕਰਨ ਦਾ ਮੌਕਾ ਹੈ।

### ਤੰਬਾਕੂ: ਸਿਹਤ ਦਾ ਸਭ ਤੋਂ ਵੱਡਾ ਦੁਸ਼ਮਣ :

ਤੰਬਾਕੂ, ਜਿਸ ਵਿੱਚ ਨਿਕੋਟੀਨ ਸਮੇਤ ਹਜ਼ਾਰਾਂ ਜ਼ਹਿਰੀਲੇ ਰਸਾਇਣ ਹੁੰਦੇ ਹਨ ਇਸ ਦਾ ਸੇਵਨ ਸਾਡੇ ਸਰੀਰ ਦੇ ਹਰ ਅੰਗ ਨੂੰ ਪ੍ਰਭਾਵਿਤ ਕਰਦਾ ਹੈ। ਇਹ ਸਿਰਫ਼ ਸਿਗਰਟ ਜਾਂ ਬੀੜੀ ਤੱਕ ਸੀਮਤ ਨਹੀਂ, ਸਗੋਂ ਜ਼ਰਦਾ, ਗੁਟਖਾ, ਖੈਨੀ ਆਦਿ ਰੂਪਾਂ ਵਿੱਚ ਵੀ ਉਪਲਬਧ ਹੈ ਅਤੇ ਹਰ ਰੂਪ ਆਪਣੇ ਨਾਲ ਗੰਭੀਰ ਸਿਹਤ ਖ਼ਤਰੇ ਲੈ ਕੇ ਆਉਂਦਾ ਹੈ। ਇਸਦਾ ਸੇਵਨ ਕਈ ਤਰ੍ਹਾਂ ਦੇ ਕੈਂਸਰ (ਫੇਫੜੇ, ਮੂੰਹ, ਗਲਾ ਆਦਿ), ਦਿਲ ਦੀਆਂ ਬਿਮਾਰੀਆਂ (ਦਿਲ ਦਾ ਦੌਰਾ, ਸਟ੍ਰੋਕ), ਸਾਹ ਦੀਆਂ ਸਮੱਸਿਆਵਾਂ, ਅਤੇ ਸ਼ੂਗਰ ਵਰਗੀਆਂ ਭਿਆਨਕ ਬਿਮਾਰੀਆਂ ਦਾ ਮੁੱਖ ਕਾਰਨ ਬਣਦਾ ਹੈ। ਦੁਨੀਆ ਭਰ ਵਿੱਚ ਹਰ ਸਾਲ ਲੱਖਾਂ ਲੋਕ ਤੰਬਾਕੂ ਕਾਰਨ ਆਪਣੀ ਜਾਨ ਗੁਆਉਂਦੇ ਹਨ ਅਤੇ ਇਸਦਾ ਆਰਥਿਕ ਬੋਝ ਵੀ ਬਹੁਤ ਜ਼ਿਆਦਾ ਹੁੰਦਾ ਹੈ।

### ਸਿਰਫ਼ ਸੇਵਨ ਕਰਨ ਵਾਲੇ ਹੀ ਨਹੀਂ, ਸਗੋਂ ਆਸ-ਪਾਸ ਦੇ ਲੋਕ ਵੀ ਪ੍ਰਭਾਵਿਤ :

ਤੰਬਾਕੂ ਦਾ ਧੂੰਆਂ ਸਿਰਫ਼ ਸੇਵਨ ਕਰਨ ਵਾਲੇ ਨੂੰ ਹੀ ਨਹੀਂ, ਸਗੋਂ ਉਸਦੇ ਆਸ-ਪਾਸ ਦੇ ਲੋਕਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ। ਇਸਨੂੰ ਸੈਕਿੰਡਹੈਂਡ ਸਮੋਕ ਕਿਹਾ ਜਾਂਦਾ ਹੈ, ਜੋ ਕਿ ਬੱਚਿਆਂ, ਗਰਭਵਤੀ ਔਰਤਾਂ ਅਤੇ ਬਜ਼ੁਰਗਾਂ ਲਈ ਖਾਸ ਤੌਰ ‘ਤੇ ਖ਼ਤਰਨਾਕ ਹੁੰਦਾ ਹੈ। ਇਸ ਨਾਲ ਬੱਚਿਆਂ ਵਿੱਚ ਸਾਹ ਦੀਆਂ ਬਿਮਾਰੀਆਂ, ਕੰਨ ਦੇ ਇਨਫੈਕਸ਼ਨ ਅਤੇ ਦਮੇ ਦੇ ਦੌਰੇ ਵਧਣ ਦਾ ਖ਼ਤਰਾ ਰਹਿੰਦਾ ਹੈ, ਜਦੋਂ ਕਿ ਬਾਲਗਾਂ ਵਿੱਚ ਦਿਲ ਦੀਆਂ ਬਿਮਾਰੀਆਂ ਅਤੇ ਕੈਂਸਰ ਦਾ ਜੋਖਮ ਵੱਧ ਜਾਂਦਾ ਹੈ। ਜਨਤਕ ਥਾਵਾਂ ਅਤੇ ਘਰ ਤੰਬਾਕੂ ਮੁਕਤ ਹੋਣਾ ਇੱਕ ਸਿਹਤਮੰਦ ਸਮਾਜ ਲਈ ਬਹੁਤ ਜ਼ਰੂਰੀ ਹੈ।

### ਤੰਬਾਕੂ ਛੱਡਣ ਦੇ ਲਾਭ: ਇੱਕ ਬਿਹਤਰ ਜ਼ਿੰਦਗੀ ਵੱਲ ਕਦਮ :

ਤੰਬਾਕੂ ਛੱਡਣਾ ਮੁਸ਼ਕਲ ਹੋ ਸਕਦਾ ਹੈ, ਪਰ ਇਹ ਅਸੰਭਵ ਨਹੀਂ। ਇਸਦੇ ਲਾਭ ਤੁਰੰਤ ਅਤੇ ਦੂਰਗਾਮੀ ਹੁੰਦੇ ਹਨ। ਛੱਡਣ ਦੇ ਕੁਝ ਹੀ ਸਮੇਂ ਵਿੱਚ ਤੁਹਾਡੇ ਸਰੀਰ ਵਿੱਚ ਸਕਾਰਾਤਮਕ ਬਦਲਾਅ ਆਉਣੇ ਸ਼ੁਰੂ ਹੋ ਜਾਂਦੇ ਹਨ:

12 ਘੰਟਿਆਂ ਵਿੱਚ: ਖ਼ੂਨ ਵਿੱਚ ਕਾਰਬਨ ਮੋਨੋਆਕਸਾਈਡ ਦਾ ਪੱਧਰ ਘੱਟ ਜਾਂਦਾ ਹੈ।

2 ਤੋਂ 12 ਹਫ਼ਤਿਆਂ ਵਿੱਚ: ਖ਼ੂਨ ਦਾ ਸੰਚਾਰ ਸੁਧਰਦਾ ਹੈ ਅਤੇ ਫੇਫੜਿਆਂ ਦਾ ਕੰਮਕਾਜ ਬਿਹਤਰ ਹੁੰਦਾ ਹੈ।

1 ਸਾਲ ਬਾਅਦ: ਦਿਲ ਦੇ ਦੌਰੇ ਦਾ ਖ਼ਤਰਾ ਅੱਧਾ ਹੋ ਜਾਂਦਾ ਹੈ।

5 ਤੋਂ 10 ਸਾਲ ਬਾਅਦ: ਮੂੰਹ, ਗਲੇ ਅਤੇ ਫੇਫੜਿਆਂ ਦੇ ਕੈਂਸਰ ਦਾ ਖ਼ਤਰਾ ਕਾਫੀ ਘੱਟ ਜਾਂਦਾ ਹੈ।

ਇਹ ਸਿਰਫ਼ ਸਰੀਰਕ ਲਾਭ ਨਹੀਂ, ਸਗੋਂ ਤੁਹਾਡੀ ਮਾਨਸਿਕ ਸਿਹਤ, ਆਰਥਿਕ ਸਥਿਤੀ ਅਤੇ ਪਰਿਵਾਰਕ ਜੀਵਨ ‘ਤੇ ਵੀ ਸਕਾਰਾਤਮਕ ਪ੍ਰਭਾਵ ਪਾਉਂਦਾ ਹੈ।

### ਤੰਬਾਕੂ ਮੁਕਤ ਭਵਿੱਖ ਦਾ ਨਿਰਮਾਣ :

ਤੰਬਾਕੂ ਮੁਕਤ ਦਿਵਸ ਸਾਨੂੰ ਇਹ ਮੌਕਾ ਪ੍ਰਦਾਨ ਕਰਦਾ ਹੈ ਕਿ ਅਸੀਂ ਤੰਬਾਕੂ ਵਿਰੁੱਧ ਇੱਕਜੁੱਟ ਹੋਈਏ। ਸਰਕਾਰਾਂ ਨੂੰ ਸਖ਼ਤ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ, ਤੰਬਾਕੂ ਉਤਪਾਦਾਂ ‘ਤੇ ਟੈਕਸ ਵਧਾਉਣੇ ਚਾਹੀਦੇ ਹਨ ਅਤੇ ਜਨਤਕ ਸਥਾਨਾਂ ‘ਤੇ ਤੰਬਾਕੂਨੋਸ਼ੀ ‘ਤੇ ਸਖ਼ਤੀ ਨਾਲ ਪਾਬੰਦੀ ਲਗਾਉਣੀ ਚਾਹੀਦੀ ਹੈ। ਸਿਹਤ ਸੰਸਥਾਵਾਂ ਨੂੰ ਜਾਗਰੂਕਤਾ ਮੁਹਿੰਮਾਂ ਚਲਾਉਣੀਆਂ ਚਾਹੀਦੀਆਂ ਹਨ ਅਤੇ ਤੰਬਾਕੂ ਛੱਡਣ ਦੇ ਚਾਹਵਾਨ ਲੋਕਾਂ ਲਈ ਸਹਾਇਤਾ ਪ੍ਰੋਗਰਾਮ ਉਪਲਬਧ ਕਰਵਾਉਣੇ ਚਾਹੀਦੇ ਹਨ।

ਅਖੀਰ ਵਿੱਚ, ਸਭ ਤੋਂ ਵੱਡੀ ਜ਼ਿੰਮੇਵਾਰੀ ਸਾਡੇ ਆਪਣੇ ‘ਤੇ ਹੈ। ਆਓ, ਅਸੀਂ ਸਾਰੇ ਇਸ ਪ੍ਰਣ ਨੂੰ ਦੁਹਰਾਈਏ ਕਿ ਅਸੀਂ ਖੁਦ ਤੰਬਾਕੂ ਤੋਂ ਦੂਰ ਰਹਾਂਗੇ ਅਤੇ ਆਪਣੇ ਪਰਿਵਾਰ, ਦੋਸਤਾਂ ਅਤੇ ਆਸ-ਪਾਸ ਦੇ ਲੋਕਾਂ ਨੂੰ ਵੀ ਇਸਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਕੇ ਇੱਕ ਸਿਹਤਮੰਦ ਅਤੇ ਤੰਬਾਕੂ ਮੁਕਤ ਸਮਾਜ ਦੀ ਸਿਰਜਣਾ ਵਿੱਚ ਯੋਗਦਾਨ ਪਾਵਾਂਗੇ।

# ਅਹੁਦਿਆਂ ਤੋਂ ਦੂਰ ਰਹਿ ਕੇ ਬੱਚਿਆਂ ਨਾਲ ਜੁੜੇ ਰਹਿਣ ਵਾਲੀ ਪ੍ਰਿੰਸੀਪਲ ਸੁਨੀਤਾ ਰਾਣੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ
INTERNATIONAL PAPER, 9463601616
hardipchumber57@gmail.com

ਅੱਜ ਦਾ ਸਮਾਂ ਅਜਿਹਾ ਹੈ ਕਿ ਹਰ ਵਿਅਕਤੀ ਚਾਹੁੰਦਾ ਹੈ ਕਿ ਉਸ ਕੋਲ ਅਜਿਹਾ ਅਹੁਦਾ ਹੋਵੇ ਜਿਸ ਦੀ ਬਦੌਲਤ ਸਮਾਜ ਵਿੱਚ ਉਸਦੀ ਵੱਖਰੀ ਸ਼ਾਨ ਅਤੇ ਰੁਤਬਾ ਹੋਵੇ। ਅਜਿਹੇ ਅਹੁਦੇ ਲੈਣ ਲਈ ਜਾ ਇਹਨਾਂ ਅਹੁਦਿਆਂ ਤੇ ਬਣੇ ਰਹਿਣ ਲਈ ਅੱਜਕਲ ਸਿਆਸੀ ਲੋਕਾਂ ਦੀ ਜੀ ਹਜ਼ੂਰੀ ਕਰਨਾ ਆਮ ਜਿਹੀ ਗੱਲ ਹੈ ਪਰੰਤੂ ਫਿਰ ਵੀ ਕੁਝ ਅਜਿਹੇ ਵਿਅਕਤੀ ਹਨ ਜਿਹੜੇ ਅਜਿਹੇ ਅਹੁਦਿਆਂ ਦੀ ਭੁੱਖ ਤੋਂ ਕੋਹਾਂ ਦੂਰ ਰਹਿ ਕੇ ਜ਼ਮੀਨੀ ਪੱਧਰ ਤੇ ਆਪਣੇ ਵਿਦਿਆਰਥੀਆਂ ਨਾਲ ਜੁੜੇ ਰਹਿਣ ਨੂੰ ਤਰਜੀਹ ਦਿੰਦੇ ਹਨ।ਅਜਿਹਾ ਹੀ ਇੱਕ ਨਾਮ ਹੈ ਪ੍ਰਿੰਸੀਪਲ ਸੁਨੀਤਾ ਰਾਣੀ ਜਿਹਨਾਂ ਨੇ 15ਸਾਲਾਂ ਤੋਂ ਵੱਧ ਦਾ ਸਮਾਂ ਇੱਕੋ ਸਕੂਲ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਦਿਆਂ ਬਿਤਾ ਕੇ ਇਤਿਹਾਸ ਰਚਿਆ ਹੈ।

ਆਪ ਜੀ ਦਾ ਜਨਮ ਮਿਤੀ 30 ਮਈ 1967 ਨੂੰ ਮਾਤਾ ਸ੍ਰੀਮਤੀ ਰਕਸ਼ਾ ਰਾਣੀ ਦੇ ਕੁੱਖੋਂ ਪਿਤਾ ਸ੍ਰੀ ਸੁਰਜ ਭਾਨ ਦੇ ਘਰ ਨਵੀਂ ਦਿੱਲੀ ਵਿਖੇ ਹੋਇਆ। ਕੰਮ ਕਾਜ ਦੇ ਕਾਰਨ ਪਰਿਵਾਰ ਦਿੱਲੀ ਤੋਂ ਸੰਗਰੂਰ ਆ ਗਿਆ।ਬਚਪਨ ਦਾ ਅਲਬੇਲਾਪਣ ਮਾਣਦੇ ਹੋਏ ਆਪਣੀ ਮੁੱਢਲੀ ਸਿੱਖਿਆ ਸੰਗਰੂਰ ਦੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਤੋਂ 1981 ਵਿੱਚ10 ਵੀਂ ਪਾਸ ਕੀਤੀ ਅਤੇ 1985 ਵਿੱਚ ਬੀ.ਕਾਮ. ਸਰਕਾਰੀ ਰਣਬੀਰ ਕਾਲਜ ਸੰਗਰੂਰ ਤੋਂ ਕੀਤੀ। ਅਗਲੀ ਉਚੇਰੀ ਸਿੱਖਿਆ ਲਈ ਹੰਭਲਾ ਮਾਰਦਿਆਂ 1987 ਵਿੱਚ (M COM.) ਰਾਜਸਥਾਨ ਯੂਨੀਵਰਸਿਟੀ ਜੈਪੁਰ ਤੇ ਅਤੇ1989 ਵਿੱਚ ਬੀ.ਐਡ.ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੀਤੀ।

ਇਸ ਉਪਰੰਤ ਆਪ ਜੀ ਨੇ ਆਪਣੀ ਕਾਬਲੀਅਤ ਨੂੰ ਮੁੱਖ ਰੱਖਦਿਆਂ ਆਪਣੀ ਸੇਵਾ ਮਾਲਵਾ ਗ੍ਰਾਮੀਣ ਬੈਂਕ ਸੰਗਰੂਰ ਤੋਂ ਸ਼ੁਰੂ ਕੀਤੀ ਅਤੇ ਕੰਮ ਕਰਨ ਦੀ ਮੁਹਾਰਤ ਹਾਸਲ ਕੀਤੀ।ਇਸ ਦੌਰਾਨ ਸਕੂਲ ਸਿੱਖਿਆ ਵਿਭਾਗ ਪੰਜਾਬ ਨੇ ਲੈਕਚਰਾਰਾਂ ਦੀਆਂ ਅਸਾਮੀਆਂ ਦੀ ਭਰਤੀ ਦੌਰਾਨ ਆਪ ਨੂੰ ਬਤੌਰ ਲੈਕਚਰਾਰ ਕਾਮਰਸ ਚੁਣਿਆ ਗਿਆ ਅਤੇ ਆਪ ਨੇ ਸੰਗਰੂਰ ਦੇ ਰਾਜ ਸੀਨੀ ਸੈਕੰਡਰੀ ਸਕੂਲ,(ਲੜਕੇ) ਵਿੱਚ ਆਪਣੀ ਹਾਜ਼ਰੀ ਲਗਵਾਈ ਅਤੇ ਆਪਣੇ ਅਧਿਆਪਨ ਦੇ ਪਵਿੱਤਰ ਕਾਰਜ ਦੀ ਸ਼ੁਰੂਆਤ 12-07-1991ਵਿੱਚ ਕੀਤੀ।ਇਸ ਵਿੱਦਿਆ ਮੰਦਰ ਵਿੱਚ ਸੇਵਾ ਨਿਭਾਉਂਦੇ ਹੋਏ ਆਪ ਨੇ ਵੱਖ ਵੱਖ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਦੀ ਅਗਵਾਈ ਵਿੱਚ ਕੰਮ ਕੀਤਾ ਅਤੇ ਹਰ ਕੰਮ ਨੂੰ ਬਰੀਕੀ ਨਾਲ ਸਿੱਖਿਆ। ਆਪਣੇ ਵਿਦਿਆਰਥੀਆਂ ਨਾਲ ਵਿਚਾਰਾਂ ਦੀ ਸਾਂਝ ਪਾਉਂਦਿਆਂ ਉਹਨਾਂ ਦਾ ਜੀਵਨ ਰੁਸ਼ਨਾਉਣ ਦਾ ਯਤਨ ਕੀਤਾ। ਲੱਗਭੱਗ 19ਸਾਲ ਇਸ ਸੰਸਥਾ ਵਿੱਚ ਪੂਰੀ ਤਨਦੇਹੀ ਨਾਲ ਸੇਵਾ ਨਿਭਾਈ ਅਤੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਆਪਣੇ ਪੈਰਾਂ ਤੇ ਖੜਾ ਹੋਣ ਦੇ ਕਾਬਿਲ ਬਣਾਇਆ। ਬਹੁਤ ਸਾਰੇ ਗਰੀਬ ਵਿਦਿਆਰਥੀਆਂ ਦੀਆਂ ਫੀਸਾਂ, ਕਿਤਾਬਾਂ ਦਾ ਪ੍ਰਬੰਧ ਕਰਨਾ ਵੀ ਆਪ ਦੇ ਸੁਭਾਅ ਦਾ ਇੱਕ ਖਾਸ ਗੁਣ ਰਿਹਾ।ਇਸ ਤੋਂ ਬਾਅਦ ਆਪ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਕੀਤੀਆਂ ਤਰੱਕੀਆਂ ਵਿੱਚ ਬਤੌਰ ਪ੍ਰਿੰਸੀਪਲ ਚੁਣੇ ਗਏ ਤੇ ਆਪਣੇ ਬਤੌਰ ਪ੍ਰਿੰਸੀਪਲ ਆਪਣੀ ਸੇਵਾ ਸੰਨ 16/02/2010 ਵਿੱਚ ਪੰਡਿਤ ਚੇਤ ਰਾਮ ਫਰੀਡਮ ਫਾਈਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉੱਪਰੀ ਚੱਠਾ ਤੋਂ ਸ਼ੁਰੂ ਕੀਤੀ। ਇਥੇ ਆਪ ਨੇ ਪੂਰੇ ਜੋਸ਼ ਅਤੇ ਪੂਰੀ ਤਨਦੇਹੀ ਨਾਲ

ਸੇਵਾ ਨਿਭਾਈ।ਇਥੇ ਸੇਵਾ ਕਰਦਿਆਂ ਦੋਵੇਂ ਪਿੰਡਾਂ ਉੱਪਲੀ ਅਤੇ ਚੱਠੇ ਦੀਆਂ ਪੰਚਾਇਤਾਂ, ਨਗਰ ਨਿਵਾਸੀਆਂ, ਸਮੂਹ ਸਟਾਫ ਦੇ ਪੂਰਨ ਸਹਿਯੋਗ ਨਾਲ ਪੇਂਡੂ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਇਆ ਅਤੇ ਵਾਤਾਵਰਨ ਪ੍ਰਤੀ ਜਾਗਰੂਕ ਕੀਤਾ। ਵਿਦਿਆਰਥੀਆਂ ਨੂੰ ਵਿਗਿਆਨ ਗੋਸ਼ਟੀਆਂ, ਵਿਗਿਆਨ ਡਰਾਮਿਆਂ,

ਪ੍ਰਦਰਸ਼ਨੀਆਂ ਵਿਚ ਭਾਗ ਦਵਾ ਕੇ ਰਾਸ਼ਟਰੀ ਪੱਧਰ ਤੱਕ ਲਿਜਾਣ ਲਈ ਸਵੱਲੇ ਯਤਨ ਕੀਤੇ।ਸਾਲ 2010 ਤੋਂ ਲੈ ਕੇ ਅੱਜ ਤੱਕ (ਲੱਗਭੱਗ 15 ਸਾਲ) ਦੇ ਸਫ਼ਰ ਦੌਰਾਨ ਹਰ ਸਾਲ ਵਿਦਿਆਰਥੀ ਐਨਐਮਐਮਐਸ / ਪੀਐਸਟੀਐਸਈ ਵਰਗੇ ਅਹਿਮ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਆਪਣਾ ਸਥਾਨ ਬਣਾ ਕੇ ਆਪਣੇ ਮਾਪਿਆਂ, ਅਧਿਆਪਕਾਂ ਅਤੇ ਪਿੰਡ ਦਾ ਨਾਮ ਰੌਸ਼ਨ ਕਰਦੇ ਰਹੇ। ਵੱਖ ਵੱਖ ਸਮਿਆਂ ਤੇ ਦਾਨੀ ਸੱਜਣਾਂ ਤੋਂ ਸਹਿਯੋਗ ਲੈਣ ਕੇ ਸਕੂਲ ਦੇ ਬੱਚਿਆਂ ਲਈ ਵਾਟਰ ਕੂਲਰ,ਡੈਸਕ, ਫਰਨੀਚਰ, ਪੱਖੇ, ਜਰਸੀਆਂ,ਆਦਿ ਦਾ ਪ੍ਰਬੰਧ ਕਰਦੇ ਰਹੇ। ਪੰਡਿਤ ਚੇਤ ਰਾਮ ਜੀ ਦੇ ਸਪੁੱਤਰ ਡਾ ਗੌਰੀ ਕਾਂਤ ਸ਼ਰਮਾ ਜਿਹੜੇ ਕਿ ਅਮਰੀਕਾ ਵਿੱਚ ਰਹਿ ਰਹੇ ਹਨ, ਤੋਂ ਲੱਗਭੱਗ 25 ਲੱਖ ਰੁਪਿਆ ਦਾਨ ਲੈ ਕੇ ਸੀਨੀਅਰ ਸੈਕੰਡਰੀ ਜਮਾਤਾਂ ਲਈ 6 ਕਮਰਿਆਂ ਦੇ ਬਲਾਕ ਦੀ ਉਸਾਰੀ ਇੱਕ ਖਾਸ ਪ੍ਰਾਪਤੀ ਹੈ। ਸਕੂਲ ਨੂੰ ਹਰਾ ਭਰਾ,ਸੋਹਣਾ ਬਣਾ ਕੇ ਰੱਖਣਾ ਆਪ ਦੀ ਇੱਕ ਖਾਸ ਇੱਛਾ ਰਹਿੰਦੀ ਸੀ।ਫਿਰ ਆਪ ਜੀ ਨੂੰ ਸਿੱਖਿਆ ਵਿਭਾਗ ਨੇ ਪਦ ਉੱਨਤ ਕਰਦਿਆਂ ਜ਼ਿਲ੍ਹਾ ਸਿੱਖਿਆ ਅਫਸਰ (ਸ੍ਰੈ ਸਿ) ਪਟਿਆਲਾ ਲਗਾ ਦਿੱਤਾ ਪਰੰਤੂ ਆਪ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਮੈਂ ਬੱਚਿਆਂ ਦੀ ਸਿੱਖਿਆ ਦੇ ਪਵਿੱਤਰ ਕਾਰਜ ਤੋਂ ਦੂਰ ਨਹੀਂ ਹੋਣਾ ਚਾਹੁੰਦੀ।ਇਸ ਲਈ ਮੈਨੂੰ ਬਤੌਰ ਪ੍ਰਿੰਸੀਪਲ ਹੀ ਕੰਮ ਕਰਦੇ ਰਹਿਣ ਦਿੱਤਾ ਜਾਵੇ।। ਸਮੇਂ ਸਮੇਂ ਤੇ ਆਪ ਨੂੰ ਜ਼ਿਲ੍ਹਾ ਸੰਗਰੂਰ ਦੇ ਵੱਖ ਵੱਖ ਸਕੂਲਾਂ ਵਿੱਚ ਵਿਭਾਗੀ ਜਾਂਚ ਪੜਤਾਲ ਲਈ ਜਾਣ ਦਾ ਮੌਕਾ ਮਿਲਿਆ ਅਤੇ ਕੁਝ ਨਵੀਆਂ ਗੱਲਾਂ ਸਿੱਖਣ ਨੂੰ ਮਿਲੀਆਂ ਜਿਹਨਾਂ ਨੂੰ ਇਹਨਾਂ ਨੇ ਆਪਣੇ ਸਕੂਲ ਵਿੱਚ ਵਿਦਿਆਰਥੀਆਂ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਲਾਗੂ ਕੀਤਾ ਅਤੇ ਸਟਾਫ ਮੈਂਬਰਾਂ ਨਾਲ ਮਿਲ ਕੇ ਵਿਦਿਆਰਥੀਆਂ ਨੂੰ ਚੰਗੇ ਨਾਗਰਿਕ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ। ਸਟਾਫ ਮੈਂਬਰਾਂ ਦੀ ਹਿੰਮਤ ਅਤੇ ਸਹਿਯੋਗ ਨਾਲ ਵਿਦਿਆਰਥੀਆਂ ਨੇ ਖੇਡਾਂ,ਪਾਠ ਸਹਾਇਕ ਗਤੀਵਿਧੀਆਂ ਵਿੱਚ ਸਕੂਲ ਦਾ ਨਾਮ ਸੰਗਰੂਰ ਜ਼ਿਲ੍ਹੇ ਦੇ ਮੋਢੀ ਸਕੂਲਾਂ ਵਿੱਚ ਗਿਣਿਆ ਗਿਆ।



ਆਪ ਜੀ ਦੀ ਸ਼ਾਦੀ 1992 ਵਿੱਚ ਰਜਿੰਦਰ ਕੁਮਾਰ ਮਿੱਤਲ ਨਾਲ ਬਾਲੀਆਂ ਵਿਖੇ ਹੋਈ ਜਿਹੜੇ ਆਪ ਸੰਤ ਬਾਬਾ ਅਤਰ ਸਿੰਘ ਖਾਲਸਾ ਕਾਲਜ ਸੰਦੌੜ ਤੇ ਪਿਛਲੇ ਸਾਲ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ।ਆਪ ਦੇ ਘਰ 2 ਬੇਟਿਆਂ ਨੇ ਜਨਮ ਲਿਆ। ਬੇਟਾ ਸੌਰਵ ਮਿੱਤਲ ਅਤੇ ਨੂੰਹ ਆਈਨਾ ਮਿੱਤਲ ਸਟੇਟ ਬੈਂਕ ਆਫ ਇੰਡੀਆ ਵਿੱਚ ਬਤੌਰ ਮੈਨੇਜਰ ਸੇਵਾਵਾਂ ਨਿਭਾ ਰਹੇ ਹਨ ਅਤੇ ਛੋਟਾ ਬੇਟਾ ਵਰੁਣ ਮਿੱਤਲ ਪਬਲਿਕ ਹੈਲਥ ਵਿੱਚ ਜੂਨੀਅਰ ਇੰਜੀਨੀਅਰ ਵਜੋਂ ਤਾਇਨਾਤ ਹੈ।

ਆਪ ਇੱਕ ਬਹੁਤ ਹੀ ਇਮਾਨਦਾਰ, ਸਮੇਂ ਦੇ ਪਾਬੰਦ ਅਤੇ ਮਿਲਾਪੜੇ ਸੁਭਾਅ ਦੇ ਮਾਲਕ ਰਹੇ ਤੇ ਹਰ ਵੇਲੇ ਚਿਹਰੇ ਤੇ ਮੁਸਕਾਨ ਆਪ ਦੀ ਸ਼ਖ਼ਸੀਅਤ ਦਾ ਵਿਲੱਖਣ ਗੁਣ ਰਿਹਾ। ਆਪ ਜੀ ਨੇ ਆਪਣੀ ਡਿਊਟੀ ਨੂੰ ਬੜੀ ਤਨਦੇਹੀ ਨਾਲ ਨਿਭਾਇਆ ਤੇ ਸ਼ੁਰੂ ਤੋਂ ਹੀ ਨਿੱਘੇ ਸੁਭਾਅ ਦੇ ਮਾਲਕ,ਹਰ ਇੱਕ ਦੇ ਦੁੱਖ ਸੁੱਖ ਵਿੱਚ ਖੜਨ ਵਾਲੇ ਇਨਸਾਨ ਰਹੇ ਅਤੇ ਹਮੇਸ਼ਾ ਹੀ ਹਰ ਇੱਕ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹੇ ਰਹੇ ਹਨ। ਜਿਥੇ ਆਪ ਨੇ ਵਿਭਾਗੀ,ਪਰਿਵਾਰਕ ਜ਼ਿੰਮੇਵਾਰੀਆਂ ਨੂੰ ਬਾਖੂਬੀ ਨਿਭਾਇਆ ਉਥੇ ਆਪ ਵੱਖ ਵੱਖ ਸਮਿਆਂ ਤੇ ਜ਼ਿਲਾ ਟੂਰਨਾਮੈਂਟ ਕਮੇਟੀ ਸਰਗਰਮ ਮੈਂਬਰ ਬਣ ਕੇ ਖੇਡਾਂ ਦੇ ਆਯੋਜਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਂਦੇ ਰਹੇ। ਇਹ ਸਿੱਖਿਆ ਵਿਭਾਗ ਦੇ ਅਹਿਮ, ਉੱਦਮੀ ਅਤੇ ਕਾਰਜਸ਼ੀਲ ਪ੍ਰਿੰਸੀਪਲ ਅੱਜ ਮਿਤੀ 31 ਮਈ 2025ਨੂੰ ਸੇਵਾ ਮੁਕਤ ਹੋ ਰਹੇ ਹਨ।

ਸੇਵਾ ਮੁਕਤੀ ਰੁਕ ਜਾਣ ਦਾ ਨਾਮ ਨਹੀਂ,"ਇਹ ਤਾਂ ਜ਼ਿੰਦਗੀ ਜਿਉਣ ਦਾ ਇੱਕ ਨਵਾਂ ਮੌਕਾ ਹੈ"।

ਪਰਮਿੰਦਰ ਕੁਮਾਰ
ਲੌਂਗੋਵਾਲ
ਲੈਕਚਰਾਰ ਅੰਗਰੇਜ਼ੀ
ਪੀ ਐਮ ਸ਼੍ਰੀ
ਸ ਸ ਸ ਸ ਮਹਿਲਾਂ
(ਸੰਗਰੂਰ)

# ਜਾਅਲੀ ਅਸਾਮੀਆਂ ਬਣਾਉਣ ਦੀ ਸਾਈਬਰ ਜਾਂਚ ਸਬੰਧੀ ਵਫ਼ਦ ਪੜਤਾਲੀਆ ਅਫ਼ਸਰ ਨੂੰ ਮਿਲਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ
INTERNATIONAL PAPER, 9463601616
hardipchumber57@gmail.com



ਸੰਗਰੂਰ, 30 ਮਈ (ਜਗਸੀਰ ਲੌਂਗੋਵਾਲ) - ਸੰਗਰੂਰ ਜ਼ਿਲ੍ਹੇ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਜਾਅਲੀ ਵਿਦਿਆਰਥੀ ਦਾਖਲ ਕਰਕੇ ਹੈੱਡ ਟੀਚਰਾਂ ਦੀਆਂ ਜਾਅਲੀ ਅਸਾਮੀਆਂ ਕਾਇਮ ਕਰਨ ਦੇ ਮਸਲੇ ਦੀ ਸ਼ਿਕਾਇਤ ਦੀ ਸਾਈਬਰ ਜਾਂਚ ਲਈ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਜ਼ਿਲ੍ਹਾ ਸੰਗਰੂਰ ਦਾ ਵਫ਼ਦ ਡੀ.ਐੱਸ.ਪੀ. ਸਾਈਬਰ ਅਪਰਾਧ ਸ਼ਾਖਾ ਸੰਗਰੂਰ ਵਿਖੇ ਪੜਤਾਲੀਆ ਅਫ਼ਸਰ ਨੂੰ ਮਿਲਿਆ। ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ ਨੇ ਕਿਹਾ ਕਿ ਇਸ ਮਾਮਲੇ ਉੱਤੇ ਵਿਸਥਾਰ ਵਿੱਚ ਗੱਲਬਾਤ ਹੋਈ ਅਤੇ ਪੜਤਾਲੀਆ ਅਫ਼ਸਰ ਨੇ ਦੱਸਿਆ ਕਿ ਉਹਨਾਂ ਨੇ ਸਿੱਖਿਆ ਵਿਭਾਗ ਤੋਂ ਕੁਝ ਜਾਣਕਾਰੀ ਮੰਗੀ ਹੈ ਅਤੇ ਉਸ ਦੇ ਆਉਣ ਤੋਂ ਬਾਅਦ ਸ਼ਿਕਾਇਤ ਦੀ ਜਾਂਚ ਸ਼ੁਰੂ ਕੀਤੀ ਜਾ ਸਕੇਗੀ। ਆਗੂਆਂ ਨੇ ਮੰਗ ਕੀਤੀ ਕਿ ਇਹ ਜਾਣਕਾਰੀ ਜਲਦੀ ਲੈ ਕੇ ਜਾਂਚ ਕਰਕੇ ਇਸ ਮਾਮਲੇ ਵਿੱਚ ਇਨਸਾਫ ਕੀਤਾ ਜਾਵੇ ਕਿਉਂਕਿ ਇਸ ਮਸਲੇ ਨੂੰ ਹੋਇਆਂ 5 ਮਹੀਨੇ ਬੀਤਣ ਵਾਲੇ ਹਨ ਅਤੇ ਹਾਲੇ ਇਸ ਮਾਮਲੇ ਵਿੱਚ ਕੁਝ ਵੀ ਅੱਗੇ ਨਹੀਂ ਵਧਿਆ ਹੈ। ਪੜਤਾਲੀਆ ਅਫ਼ਸਰ ਨੇ ਯਕੀਨ ਦਿਵਾਇਆ ਕਿ ਜਾਣਕਾਰੀ ਜਲਦੀ ਲੈਣ ਦੀ ਕੋਸ਼ਿਸ਼ ਕੀਤੀ ਜਾਵੇਗੀ ਅਤੇ ਜਾਂਚ ਨੂੰ ਅੱਗੇ ਵਧਾਇਆ ਜਾਵੇਗਾ। ਵਫ਼ਦ ਵਿੱਚ ਜ਼ਿਲ੍ਹਾ ਸਕੱਤਰ ਹਰਭਗਵਾਨ ਗੁਰਨੇ,ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸੰਗਰੂਰ ਅਤੇ ਸੀਨੀਅਰ ਆਗੂ ਬਲਬੀਰ ਲੌਂਗੋਵਾਲ ਸ਼ਾਮਿਲ ਸਨ।

# ਲੋਕਾਂ ਦੇ ਸਹਿਯੋਗ ਨਾਲ ਨਸ਼ਿਆਂ ਦੇ ਖਾਤਮੇ ਤੱਕ ਜਾਰੀ ਰਹੇਗੀ ਨਸ਼ਾ ਵਿਰੋਧੀ ਮੁਹਿੰਮ ,,,-ਡਾ.ਸਿੰਗਲਾ

## ਖੀਵਾ ਕਲਾਂ, ਖੀਵਾ ਖੁਰਦ ਅਤੇ ਖੀਵਾ ਦਿਆਲੂ ਵਾਲਾ ਵਿਖੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਕਰਵਾਇਆ ਜਾਣੂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ
INTERNATIONAL PAPER, 9463601616
hardipchumber57@gmail.com



ਮਾਨਸਾ, 30 ਮਈ (ਆਤਮਾ ਸਿੰਘ ਪਮਾਰ)

ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਲਗਾਤਾਰਤਾ ਵਿੱਚ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਲਈ ਜਨ ਸਭਾਵਾਂ ਦਾ ਸਿਲਸਿਲਾ ਜਾਰੀ ਹੈ। ਜ਼ਿਨ੍ਹਾਂ ਦੇ ਸਾਰਥਿਕ ਨਤੀਜੇ ਵੀ ਸਾਹਮਣੇ ਆ ਰਹੇ ਹਨ । ਇਹਨਾ ਮੁਹਿੰਮਾਂ ਵਿੱਚ ਪਿੰਡਾਂ ਤੇ ਸ਼ਹਿਰਾਂ ਦੇ ਲੋਕਾਂ ਦਾ ਵੱਡੇ ਪੱਧਰ ਤੇ ਸਾਥ ਮੁਹਿੰਮਾਂ ਦੀ ਸਫ਼ਲਤਾ ਦੀ ਗਵਾਹੀ ਦਿੰਦਾ ਹੈ, ਅਤੇ ਲੋਕ ਇਸ ਮੁਹਿੰਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈ ਰਹੇ ਹਨ। ਇਹਨ੍ਹਾਂ ਗੱਲਾਂ ਦਾ ਪ੍ਰਗਟਾਵਾ ਹਲਕਾ ਮਾਨਸਾ ਦੇ ਵਿਧਾਇਕ ਡਾ. ਵਿਜੈ ਸਿੰਗਲਾ ਵੱਲੋਂ ਵੱਖ-ਵੱਖ ਪਿੰਡਾਂ ਵਿਖੇ ਨਸ਼ਾ ਮੁਕਤੀ ਯਾਤਰਾਵਾਂ ਤਹਿਤ ਆਪਣੇ ਸੰਬੋਧਨਾਂ ਦੌਰਾਨ ਕੀਤਾ।

ਹਲਕਾ ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿੱਢੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਲੋਕਾਂ ਦੇ ਸਹਿਯੋਗ ਨਾਲ ਬਹੁਤ ਵਧੀਆ ਢੰਗ ਨਾਲ ਚੱਲ ਰਹੀ ਹੈ ਅਤੇ ਨਸ਼ਿਆਂ ਦੇ ਖਾਤਮੇ ਤੱਕ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਨਸ਼ੇ ਸਮਾਜ ਨੂੰ ਅੰਦਰੋਂ-ਅੰਦਰ ਖੋਖਲਾ ਕਰ ਦਿੰਦੇ ਹਨ ਅਤੇ ਨੌਜਵਾਨ ਪੀੜ੍ਹੀ ਨੂੰ ਕੁਰਾਹੇ ਪੈਜਾਂਦੀ ਹੈ । ਇਸ ਲਈ ਸਮਾਜ ਦੀ ਭਲਾਈ ਹਿਤ ਨਸ਼ਿਆਂ ਦਾ ਖ਼ਾਤਮਾ ਅਤਿ ਜ਼ਰੂਰੀ ਹੋ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਅਤੇ ਨਸ਼ਾ ਤਸਕਰਾਂ ਨੂੰ ਜੜ੍ਹੋਂ ਖਤਮ ਕਰਨ ਲਈ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ, ਤਾਂ ਜੋ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਖ਼ਤਮ ਕੀਤਾ ਜਾ ਸਕੇ। ਇਸ ਮੌਕੇ ਉਨ੍ਹਾਂ ਸਮੂਹ ਹਾਜ਼ਰੀਨ ਨੂੰ ਨਸ਼ਾ ਨਾ ਕਰਨ, ਨਸ਼ਿਆਂ ਤੋਂ ਬਚਣ ਲਈ ਜਾਗਰੂਕਤਾ ਅਤੇ ਨਸ਼ੇ ਦੇ ਆਦੀ ਵਿਅਕਤੀਆਂ ਦਾ ਨਸ਼ਾ ਛਡਾਉਣ ਵਿੱਚ ਸਹਾਇਤਾ ਕਰਨ ਦੀ ਸਹੁੰ ਵੀ ਚੁਕਵਾਈ।

ਇਸ ਮੌਕੇ ਵੱਖ-ਵੱਖ ਪਿੰਡਾਂ ਦੀਆਂ ਨਸ਼ਾ ਰੋਕੂ ਰੱਖਿਆ ਕਮੇਟੀਆਂ ਦੇ ਮੈਂਬਰ, ਪਿੰਡਾਂ ਦੀਆਂ ਪੰਚਾਇਤਾਂ ਅਤੇ ਵਸਨੀਕ ਮੌਜੂਦ ਸਨ।

# ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਸਿੰਘੇਵਾਲਾ ਫੈਕਟਰੀ 'ਚ ਅੱਗ ਲੱਗਣ ਦੀ ਘਟਨਾ ਨਾਲ ਪੀੜਤਾਂ ਦਾ ਜਾਣਿਆ ਹਾਲ-ਚਾਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ
INTERNATIONAL PAPER, 9463601616
hardipchumber57@gmail.com



ਬਠਿੰਡਾ, 30 ਮਈ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੇਟਗੁਰ)- ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਸਿੰਘੇਵਾਲਾ ਵਿਖੇ ਫੈਕਟਰੀ ਵਿੱਚ ਅੱਗ ਲੱਗਣ ਦੀ ਘਟਨਾ ਨਾਲ ਜ਼ਖਮੀ ਹੋਏ ਪੀੜਤਾਂ ਦਾ ਸਥਾਨਕ ਏਮਜ਼ ਹਸਪਤਾਲ ਵਿਖੇ ਪਹੁੰਚ ਕੇ ਹਾਲ-ਚਾਲ ਜਾਣਿਆ। ਇਸ ਦੌਰਾਨ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਪੀੜਤਾਂ ਨੂੰ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਇਲਾਜ 'ਤੇ ਆਉਣ ਵਾਲਾ ਸਾਰਾ ਖਰਚ ਪੰਜਾਬ ਸਰਕਾਰ ਵੱਲੋਂ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੀੜਤਾਂ ਦੇ ਮੋਢੇ ਨਾਲ ਮੋਢਾ ਲਾ ਕੇ ਖੜ੍ਹੀ ਹੈ ਅਤੇ ਦੋਸ਼ੀਆਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ ਅਤੇ ਉਨ੍ਹਾਂ ਖਿਲਾਫ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸਫਾ 4 ਦੀ ਖਬਰ ਦਾ ਬਾਕੀ ਭਾਗ

ਵਸ਼ਰਾਮ, ਰਮੇਸ਼ ਅਤੇ ਬੇਚਰ ਖੇਤ ਵਿੱਚ ਉਗਾਏ ਗਏ ਘਾਹ ਅਤੇ ਮੱਕੀ ਦੀ ਵਾਢੀ ਕਰਦੇ ਹਨ ਅਤੇ ਇਸ ਨੂੰ ਬਾਲੂਭਾਈ ਨੂੰ ਦਿੰਦੇ ਹਨ ਅਤੇ ਬਜ਼ੁਰਗ ਬਾਲੂਭਾਈ ਇਹ ਗਾਵਾਂ ਅਤੇ ਮੱਝਾਂ ਨੂੰ ਖੁਆਉਂਦੇ ਹਨ।

ਜਿਸ ਦਿਨ ਬੀਬੀਸੀ ਗੁਜਰਾਤੀ ਟੀਮ ਮੇਟਾ ਸਮਧਿਆਲਾ ਗਈ, ਉਸ ਦਿਨ ਉਨ੍ਹਾਂ ਦੀ ਪੰਜ ਸਾਲ ਦੀ ਧੀ ਵਾਦੀ ਤੋਂ ਘਰ ਪਹੁੰਚੀ ਤਾਂ ਉਨ੍ਹਾਂ ਨਾਲ ਚਿਪਕ ਗਈ।

ਘਰ ਵਿੱਚ, ਕੁੰਵਰਬੇਨ ਅਤੇ ਮਨੀਸ਼ਾ, ਵਸ਼ਰਾਮ ਦੀ ਪਤਨੀ, ਘਰੇਲੂ ਕੰਮਾਂ ਵਿੱਚ ਰੁੱਝੀਆਂ ਹੋਈਆਂ ਸਨ।

ਸਰਵਈਆ ਪਰਿਵਾਰ ਦੇ ਨਵੇਂ ਬਣੇ ਘਰ ਦੀਆਂ ਕੰਧਾਂ 'ਤੇ ਪਲੱਸਤਰ ਦਾ ਕੰਮ ਚੱਲ ਰਿਹਾ ਸੀ।

ਸਰਵਈਆ ਪਰਿਵਾਰ ਦੇ ਘਰ ਤੋਂ ਥੋੜ੍ਹੀ ਦੂਰ, ਬੱਚੇ ਚੌਂਕ ਵਿੱਚ ਕ੍ਰਿਕਟ ਖੇਡ ਰਹੇ ਸਨ ਅਤੇ ਕੁਝ ਨਿੰਮ ਦੇ ਦਰੱਖਤ ਹੇਠਾਂ ਬੈਂਚਾਂ 'ਤੇ ਬੈਠੇ ਸਨ।

ਪਰ, ਇਸ ਆਮ ਜਾਪਦੀ ਰੋਜ਼ਾਨਾ ਜ਼ਿੰਦਗੀ ਵਿੱਚ ਕੁਝ ਅਸਾਧਾਰਨ ਜਿਹਾ ਵੀ ਸੀ ਪੁਲਿਸ ਸਰਵਈਆ ਪਰਿਵਾਰ ਦੇ ਮੈਂਬਰਾਂ ਅਤੇ ਵੱਡੇ ਸਮਧਿਆਲਾ ਪਿੰਡ ਦੇ ਖੇਤਰ ਵਿੱਚ ਲਗਾਤਾਰ ਗਸ਼ਤ ਕਰਦੀ ਹੈ, ਜਿੱਥੇ ਉਹ ਰਹਿੰਦੇ ਹਨ।

ਇਸ ਪਰਿਵਾਰ ਦੀ ਸੁਰੱਖਿਆ ਲਈ ਸਟੇਟ ਰਿਜ਼ਰਵ ਪੁਲਿਸ (ਐੱਸਆਰਪੀ) ਦੇ ਤਿੰਨ ਹਥਿਆਰਬੰਦ ਕਾਂਸਟੇਬਲ, ਇੱਕ ਸਹਾਇਕ ਸਬ-ਇੰਸਪੈਕਟਰ ਅਤੇ ਸਥਾਨਕ ਪੁਲਿਸ ਦੇ ਦੋ ਕਾਂਸਟੇਬਲ ਮੌਜੂਦ ਹਨ।

ਜੇਕਰ ਵਸ਼ਰਾਮ, ਰਮੇਸ਼ ਜਾਂ ਬਾਲੂਭਾਈ ਸ਼ਹਿਰ ਤੋਂ ਬਾਹਰ ਜਾਂਦੇ ਹਨ ਤਾਂ ਇੱਕ ਪੁਲਿਸ ਵਾਲਾ ਵੀ ਉਨ੍ਹਾਂ ਦੇ ਨਾਲ ਹੁੰਦਾ ਹੈ ਅਤੇ ਉਨ੍ਹਾਂ ਦੀ ਰੱਖਿਆ ਕਰਦਾ ਹੈ।

## ਪੁਲਿਸ ਸੁਰੱਖਿਆ ਹੇਠ ਜ਼ਿੰਦਗੀ ਜਿਉਂਣ ਵਾਲੇ ਕਈ ਪਰਿਵਾਰ ਹਨ

ਮੇਟਾ ਸਮਧਿਆਲਾ ਦਾ ਸਰਵਈਆ ਪਰਿਵਾਰ ਪੁਲਿਸ ਸੁਰੱਖਿਆ ਹੇਠ ਜ਼ਿੰਦਗੀ ਜਿਉਂਣ ਵਾਲਾ ਕੋਈ ਇਕੱਲਾ ਪਰਿਵਾਰ ਨਹੀਂ ਹੈ।

ਦਰਅਸਲ, ਅਹਿਮਦਾਬਾਦ ਜ਼ਿਲ੍ਹੇ ਦੇ ਢੋਲਕਾ ਤਾਲੁਕਾ ਦੇ ਲੇਲੀਆ ਪਿੰਡ ਦੇ ਸਾਬਕਾ ਸਰਪੰਚ ਵਿਜੇਭਾਈ ਚਾਵੜਾ ਦਾ ਪਰਿਵਾਰ ਲਗਭਗ 12 ਸਾਲਾਂ ਤੋਂ ਪੁਲਿਸ ਸੁਰੱਖਿਆ ਹੇਠ ਰਹਿ ਰਿਹਾ ਹੈ।

1 ਜੁਲਾਈ, 2013 ਨੂੰ, ਲੇਲੀਆ ਪਿੰਡ ਵਿੱਚ ਰਹਿਣ ਵਾਲੇ ਰਘੂਭਾਈ ਹਰੀਭਾਈ ਪਰਮਾਰ, ਉਨ੍ਹਾਂ ਦੇ ਭਰਾਵਾਂ, ਪੁੱਤਰ ਜਿਗਨੇਸ਼ ਆਦਿ ਨੇ ਕਥਿਤ ਤੌਰ 'ਤੇ ਦਲਿਤ ਭਾਈਚਾਰੇ ਦੇ ਆਗੂ ਵਿਜੇਭਾਈ 'ਤੇ ਹਮਲਾ ਕੀਤਾ ਅਤੇ ਉਨ੍ਹਾਂ ਨੂੰ ਡੰਡਿਆਂ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ।

ਜਦੋਂ ਵਿਜੇਭਾਈ 2006 ਤੋਂ 2011 ਤੱਕ ਸਰਪੰਚ ਸਨ ਤਾਂ ਰਘੂਭਾਈ ਨੂੰ ਡਿਪਟੀ ਸਰਪੰਚ ਚੁਣਿਆ ਗਿਆ ਸੀ।

ਪੁਲਿਸ ਵਿੱਚ ਇੱਕ ਸ਼ਿਕਾਇਤ ਦਰਜ ਕਰਵਾਈ ਗਈ ਸੀ ਕਿ ਰਘੂਭਾਈ, ਜੋ ਕਿ ਹੋਰ ਪੱਛੜੇ ਵਰਗਾਂ (ਓਬੀਸੀ) ਨਾਲ ਸਬੰਧਤ ਸੀ ਅਤੇ ਉਨ੍ਹਾਂ ਦੇ ਪਰਿਵਾਰ ਦੇ ਕੁਝ ਹੋਰ ਮੈਂਬਰਾਂ ਨੇ ਨਿੱਜੀ ਦੁਸ਼ਮਣੀ ਕਾਰਨ ਵਿਜੇਭਾਈ ਦਾ ਕਤਲ ਕੀਤਾ ਸੀ।

ਚੋਣਾਂ ਵਿੱਚ, ਵਿਜੇਭਾਈ ਪਿੰਡ ਦੇ ਖੱਤਰੀ ਭਾਈਚਾਰੇ ਦੇ ਨੇਤਾ ਅਤੇ ਫਿਰ ਸਰਪੰਚ ਚੰਦੂਭਾ ਵਾਘੇਲਾ ਨੂੰ ਹਰਾ ਕੇ ਸਰਪੰਚ ਬਣੇ ਸਨ।

ਵਿਜੇਭਾਈ ਦੇ ਕਤਲ ਤੋਂ ਬਾਅਦ, ਸਰਕਾਰ ਨੇ ਚਾਵੜਾ ਪਰਿਵਾਰ ਨੂੰ ਪੁਲਿਸ ਸੁਰੱਖਿਆ ਪ੍ਰਦਾਨ ਕੀਤੀ।

ਵਿਜੇਭਾਈ ਦੇ ਕਤਲ ਤੋਂ ਬਾਅਦ, ਉਨ੍ਹਾਂ ਦੀ ਵੱਡੀ ਭੈਣ ਪ੍ਰਵੀਨਾ ਚਾਵੜਾ ਨੇ ਇਨਸਾਫ਼ ਲਈ ਕੋਸ਼ਿਸ਼ ਸ਼ੁਰੂ ਕਰ ਦਿੱਤੀ।

ਪ੍ਰਵੀਨਾਬੇਨ ਇੱਕ ਕਾਂਗਰਸ ਆਗੂ ਸੀ ਅਤੇ ਉਨ੍ਹਾਂ ਨੇ ਸ਼ੰਕਰ ਸਿੰਘ ਵਾਘੇਲਾ ਸਰਕਾਰ ਵਿੱਚ ਗੁਜਰਾਤ ਰਾਜ ਚਮੜਾ ਉਦਯੋਗ ਨਿਗਮ ਦੀ ਚੇਅਰਪਰਸਨ ਵਜੋਂ ਵੀ ਸੇਵਾ ਨਿਭਾਈ।

ਪਰ 27 ਫਰਵਰੀ, 2015 ਨੂੰ, ਅਹਿਮਦਾਬਾਦ ਵਿੱਚ ਅਦਾਲਤ ਵਿੱਚ ਪੇਸ਼ੀ ਤੋਂ ਵਾਪਸ ਆਉਂਦੇ ਸਮੇਂ ਉਨ੍ਹਾਂ ਦਾ ਵੀ ਕਥਿਤ ਤੌਰ 'ਤੇ ਕਤਲ ਕਰ ਦਿੱਤਾ ਗਿਆ।

ਉਸ ਸਮੇਂ, ਉਨ੍ਹਾਂ ਦੀ ਸੁਰੱਖਿਆ ਲਈ ਕੋਈ ਪੁਲਿਸ ਵਾਲਾ ਉਨ੍ਹਾਂ ਦੇ ਨਾਲ ਨਹੀਂ ਸੀ। ਹਾਲਾਂਕਿ, ਉਨ੍ਹਾਂ ਦੇ ਘਰ ਦੀ ਸੁਰੱਖਿਆ ਪੁਲਿਸ ਵੱਲੋਂ ਕੀਤੀ ਜਾ ਰਹੀ ਸੀ।

ਬਗੋਦਰਾ ਪੁਲਿਸ ਸਟੇਸ਼ਨ ਵਿੱਚ ਦਰਜ ਸ਼ਿਕਾਇਤ ਦੇ ਅਨੁਸਾਰ, ਰਘੂਭਾਈ, ਉਨ੍ਹਾਂ ਦੇ ਦੂਜੇ ਪੁੱਤਰ ਹੀਰਲ ਅਤੇ ਰਘੂਭਾਈ ਦੇ ਭਰਾਵਾਂ ਨੇ ਪ੍ਰਵੀਨਾਬੇਨ ਨੂੰ ਅਹਿਮਦਾਬਾਦ ਤੋਂ ਇੱਕ ਕਾਰ ਵਿੱਚ ਅਗਵਾ ਕਰ ਕੇ ਮਾਰ ਦਿੱਤਾ ਅਤੇ ਉਨ੍ਹਾਂ ਦੀ ਲਾਸ਼ ਬਾਵਲਾ-ਬਗੋਦਰਾ ਹਾਈਵੇਅ 'ਤੇ ਰੋਹਿਕਾ ਪਿੰਡ ਦੇ ਇੱਕ ਪਾਸੇ ਸੁੱਟ ਦਿੱਤਾ ਸੀ।

ਵਿਜੇਭਾਈ ਅਤੇ ਪ੍ਰਵੀਨਾਬੇਨ ਦੇ ਕਥਿਤ ਕਤਲ ਤੋਂ ਬਾਅਦ, ਉਨ੍ਹਾਂ ਦੇ ਪਿਤਾ ਅਮਰਭਾਈ ਦੀ 2017 ਵਿੱਚ ਮੌਤ ਹੋ ਗਈ। ਇਸ ਸਮੇਂ, ਵਿਜੇਭਾਈ ਦੀ ਬਜ਼ੁਰਗ ਮਾਂ ਕੰਕੂਬੇਨ, ਵੱਡੀ ਭੈਣ ਹੰਸਾਬੇਨ ਮਕਵਾਣਾ ਅਤੇ ਹੰਸਾਬੇਨ ਦਾ ਪੁੱਤਰ ਪੁਲਿਸ ਸੁਰੱਖਿਆ ਹੇਠ ਰਹਿ ਰਹੇ ਹਨ।

ਇਸੇ ਤਰ੍ਹਾਂ, 15 ਜੂਨ, 2014 ਨੂੰ ਕੱਛ ਜ਼ਿਲ੍ਹੇ ਦੇ ਅਬਡਾਸਾ ਤਾਲੁਕਾ ਦੇ ਖੀਰਸਾਰਾ (ਵਿੰਝਨ) ਪਿੰਡ ਵਿੱਚ ਵਾਪਰੀ ਘਟਨਾ ਨੂੰ 11 ਸਾਲ ਬੀਤ ਗਏ ਹਨ।

ਜਦੋਂ ਪਿੰਡ ਵਿੱਚ ਕਬਰਿਸਤਾਨ ਦੀ ਕੰਧ ਨੂੰ ਲੈ ਕੇ ਹੋਏ ਝਗੜੇ ਵਿੱਚ ਹਾਰੂਨ ਮੂਸਾ ਹਿੰਗੋਰਾ ਅਤੇ 16 ਹੋਰ ਲੋਕਾਂ ਨੇ ਵੇਲਜੀਭਾਈ ਮਹੇਸ਼ਵਰੀ ਨਾਮ ਦੇ ਇੱਕ ਦਲਿਤ ਨੂੰ ਕਥਿਤ ਤੌਰ 'ਤੇ ਮਾਰ ਦਿੱਤਾ ਸੀ। ਪਰ ਵੇਲਜੀਭਾਈ ਦਾ ਪਰਿਵਾਰ ਵੀ ਪੁਲਿਸ ਸੁਰੱਖਿਆ ਹੇਠ ਰਹਿ ਰਿਹਾ ਹੈ।

ਇਸ ਦੌਰਾਨ, ਭਾਵਨਗਰ ਜ਼ਿਲ੍ਹੇ ਦੇ ਗਰੀਆਧਰ ਤਾਲੁਕਾ ਦੇ ਜਾਲੀਆ ਪਿੰਡ ਦੇ ਇੱਕ ਦਲਿਤ ਪ੍ਰਵੀਨਭਾਈ ਗੋਹਿਲ ਦਾ ਕਹਿਣਾ ਹੈ ਕਿ ਜਦੋਂ ਉਹ 2013 ਵਿੱਚ ਸਰਪੰਚ ਚੁਣੇ ਗਏ ਸਨ, ਤਾਂ ਉਨ੍ਹਾਂ ਨੇ ਇੱਕ ਰਿਵਾਇਤ ਨੂੰ ਤੋੜਿਆ ਸੀ।

ਦਰਅਸਲ ਇਸ ਪਰੰਪਰਾ ਦੇ ਤਹਿਤ ਪਿੰਡ ਦੇ ਸਿਰਫ਼ ਖੱਤਰੀ ਹੀ ਸਰਪੰਚ ਚੁਣੇ ਜਾਂਦੇ ਸਨ ਜਾਂ ਅਸਿੱਧੇ ਤੌਰ 'ਤੇ ਗ੍ਰਾਮ ਪੰਚਾਇਤ ਦਾ ਪ੍ਰਬੰਧਨ ਕਰਦੇ ਸਨ, ਜਿਸ ਨੂੰ ਉਨ੍ਹਾਂ ਨੇ ਤੋੜਿਆ।

ਇਸ ਮਗਰੋਂ ਉਨ੍ਹਾਂ 'ਤੇ ਸਾਬਕਾ ਸਰਪੰਚ 'ਤੇ ਇੰਦੂਭਾ ਗੋਹਿਲ 'ਤੇ ਕਥਿਤ ਤੌਰ 'ਤੇ ਉਨ੍ਹਾਂ ਦੇ ਪਤੀ ਰਾਣੂਭਾ ਗੋਹਿਲ ਅਤੇ ਖੱਤਰੀ ਭਾਈਚਾਰੇ ਦੇ ਹੋਰ ਲੋਕਾਂ ਨੇ ਹਮਲਾ ਕੀਤਾ ਸੀ।

ਇਸ ਤੋਂ ਬਾਅਦ, ਹਮਲੇ, ਧਮਕੀਆਂ, ਅੱਤਿਆਚਾਰ ਆਦਿ ਦੀਆਂ ਛੇ ਸ਼ਿਕਾਇਤਾਂ ਦਰਜ ਕੀਤੀਆਂ ਗਈਆਂ ਸਨ। ਅੰਤ ਵਿੱਚ, ਸਰਕਾਰ ਨੇ 2018 ਵਿੱਚ ਪ੍ਰਵੀਨਭਾਈ ਦੇ ਘਰ ਨੂੰ ਪੁਲਿਸ ਸੁਰੱਖਿਆ ਪ੍ਰਦਾਨ ਕੀਤੀ ਅਤੇ ਇਹ ਅੱਜ ਵੀ ਜਾਰੀ ਹੈ।





## 27 ਪਿੰਡਾਂ ਅਤੇ ਕਸਬਿਆਂ 'ਚ ਦਲਿਤ ਅਜੇ ਵੀ ਪੁਲਿਸ ਸੁਰੱਖਿਆ ਹੇਠ ਰਹਿੰਦੇ

ਮੇਟਾ ਸਮਧਿਆਲਾ, ਲੇਲੀਆ, ਖੀਰਸਾਰਾ (ਵਿੰਝਨ) ਅਤੇ ਜਾਲੀਆ ਪਿੰਡਾਂ ਦੇ ਦਲਿਤ ਪਰਿਵਾਰਾਂ ਦੀ ਸਥਿਤੀ ਸੂਬੇ ਦੇ 23 ਹੋਰ ਪਿੰਡਾਂ ਅਤੇ ਕਸਬਿਆਂ ਵਿੱਚ ਰਹਿਣ ਵਾਲੇ 23 ਹੋਰ ਦਲਿਤ ਪਰਿਵਾਰਾਂ ਵਰਗੀ ਹੈ।

ਮਹਿਸਾਣਾ ਦੇ ਵਕੀਲ ਕੌਸ਼ਿਕ ਪਰਮਾਰ ਦੁਆਰਾ ਦਾਇਰ ਸੂਚਨਾ ਅਧਿਕਾਰ (ਆਰਟੀਆਈ) ਅਰਜ਼ੀ ਦੇ ਜਵਾਬ ਵਿੱਚ, ਗੁਜਰਾਤ ਸਰਕਾਰ ਨੇ 25 ਫਰਵਰੀ, 2025 ਨੂੰ ਕਿਹਾ ਕਿ ਜੂਨ 2024 ਤੱਕ ਰਾਜ ਦੇ ਕੁੱਲ 27 ਪਿੰਡਾਂ/ਕਸਬਿਆਂ ਵਿੱਚ ਦਲਿਤਾਂ ਨੂੰ ਪੁਲਿਸ ਸੁਰੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ।

ਇਨ੍ਹਾਂ ਪਰਿਵਾਰਾਂ 'ਤੇ ਕਥਿਤ ਤੌਰ 'ਤੇ ਹਮਲਾ ਕੀਤਾ ਗਿਆ ਸੀ ਅਤੇ ਅੱਤਿਆਚਾਰ ਦੇ ਮਾਮਲੇ ਦਰਜ ਕੀਤੇ ਗਏ ਸਨ। ਇਸ ਵਿੱਚ ਲੇਲੀਆ, ਖੀਰਸਾਰਾ (ਵਿੰਝਨ), ਸਨੋਦਰ (ਭਾਵਨਗਰ ਜ਼ਿਲ੍ਹਾ), ਜਲੀਲਾ (ਬੋਟਾਡ), ਚਰੇਲ (ਰਾਜਕੋਟ) ਅਤੇ ਸਮਧਿਆਲਾ (ਸੁਰੇਂਦਰਨਗਰ) ਵਿੱਚ ਦਲਿਤ ਭਾਈਚਾਰੇ ਦੇ ਕੁੱਲ ਸੱਤ ਲੋਕਾਂ ਦੇ ਕਤਲ ਦੇ ਮਾਮਲੇ ਸ਼ਾਮਲ ਹਨ।

ਜਿਨ੍ਹਾਂ 27 ਮਾਮਲਿਆਂ ਵਿੱਚ ਪੁਲਿਸ ਸੁਰੱਖਿਆ ਉਪਲੱਬਧ ਹੈ।

ਇਨ੍ਹਾਂ ਵਿੱਚੋਂ, 12 ਮਾਮਲਿਆਂ ਵਿੱਚ ਨਿੱਜੀ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ। ਹੋਰ ਮਾਮਲਿਆਂ ਵਿੱਚ, ਆਂਢ-ਗੁਆਂਢ ਦੇ ਅੰਦਰ ਜਾਂ ਆਂਢ-ਗੁਆਂਢ ਨਾਲ ਵਿਅਕਤੀਗਤ ਤੌਰ 'ਤੇ ਸੁਰੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ।

2013 ਤੋਂ ਲੇਲੀਆ ਪਿੰਡ ਨੂੰ ਦਿੱਤੀ ਗਈ ਸੁਰੱਖਿਆ ਸਭ ਤੋਂ ਲੰਬੀ ਹੈ, ਜਦੋਂ ਕਿ ਸਭ ਤੋਂ ਤਾਜ਼ਾ ਮਾਮਲਾ 26 ਜੂਨ, 2024 ਨੂੰ ਖੇੜਾ ਜ਼ਿਲ੍ਹੇ ਦੇ ਚਕਲਾਸੀ ਵਿੱਚ ਮੋਹਨਭਾਈ ਰੋਹਿਤ ਅਤੇ ਉਨ੍ਹਾਂ ਦੀ ਪਤਨੀ ਵਿਮਲਾਬੇਨ ਨੂੰ ਦਿੱਤੀ ਗਈ ਪੁਲਿਸ ਸੁਰੱਖਿਆ ਦਾ ਹੈ।

ਦਰਅਸਲ, ਮੋਟਰ ਕਾਰ ਚਲਾਉਣ ਦੇ ਵਿਵਾਦ ਤੋਂ ਬਾਅਦ ਉਨ੍ਹਾਂ ਦੇ ਹੀ ਪਿੰਡ ਦੇ ਨੌਂ ਬੰਦਿਆਂ ਨੇ ਉਨ੍ਹਾਂ 'ਤੇ ਕਥਿਤ ਤੌਰ ਉੱਤੇ ਹਮਲਾ ਕਰ ਦਿੱਤਾ ਸੀ।

ਬੀਬੀਸੀ ਨੇ ਗੁਜਰਾਤ ਦੇ ਗ੍ਰਹਿ ਰਾਜ ਮੰਤਰੀ ਹਰਸ਼ ਸੰਘਵੀ, ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰੀ ਭਾਨੂਬੇਨ ਬਾਬਰੀਆ ਅਤੇ ਰਾਜ ਸਰਕਾਰ ਦੇ ਬੁਲਾਰੇ ਮੰਤਰੀ ਰਿਸ਼ੀਕੇਸ਼ ਪਟੇਲ ਨਾਲ ਇਸ ਮਾਮਲੇ 'ਤੇ ਰਾਜ ਸਰਕਾਰ ਦਾ ਵਿਚਾਰ ਜਾਣਨ ਲਈ ਫ਼ੋਨ ਅਤੇ ਐੱਸਐੱਮਐੱਸ ਰਾਹੀਂ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਨੂੰ ਕੋਈ ਜਵਾਬ ਨਹੀਂ ਮਿਲਿਆ।

## ਪੁਲਿਸ ਸੁਰੱਖਿਆ ਕਿਉਂ ਜ਼ਰੂਰੀ ਹੈ?

ਵਸ਼ਰਾਮ ਸਰਵਈਆ ਆਪਣੇ ਪਿੰਡ ਵਿੱਚ ਖੁੱਲ੍ਹ ਕੇ ਘੁੰਮਦੇ ਹਨ, ਪਰ ਕਹਿੰਦੇ ਹਨ ਕਿ ਉਹ ਲਗਾਤਾਰ ਖ਼ਤਰਾ ਮਹਿਸੂਸ ਕਰਦੇ ਹਨ।

ਉਨ੍ਹਾਂ ਕਿਹਾ, "ਸਾਲ 2016 ਵਿੱਚ ਗਊ ਰੱਖਿਅਕਾਂ ਵੱਲੋਂ ਕੀਤੇ ਹਮਲੇ ਤੋਂ ਬਾਅਦ ਵੀ, ਸਾਡੇ 'ਤੇ ਦੋ ਵਾਰ ਹਮਲਾ ਹੋਇਆ ਹੈ। ਸਾਡੇ ਕੇਸ ਵਿੱਚ 45 ਮੁਲਜ਼ਮ ਹਨ ਅਤੇ ਉਹ ਸਾਰੇ ਇਸ ਸਮੇਂ ਜ਼ਮਾਨਤ 'ਤੇ ਰਿਹਾਅ ਹਨ।"

ਵਸ਼ਰਾਮ ਕਹਿੰਦੇ ਹਨ, "ਉਹ ਸਾਡੇ ਪਿੰਡ ਦੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਰਹਿੰਦੇ ਹਨ ਅਤੇ ਕੋਈ ਨਹੀਂ ਜਾਣਦਾ ਕਿ ਉਹ ਸਾਡੇ ਨਾਲ ਕੀ ਕਰਨਗੇ। ਇਸ ਲਈ ਸਾਡੇ ਮਾਮਲੇ ਵਿੱਚ ਪੁਲਿਸ ਸੁਰੱਖਿਆ ਬਹੁਤ ਮਹੱਤਵਪੂਰਨ ਹੈ।"

ਵਸ਼ਰਾਮ ਦੀ ਮਾਂ ਕੁੰਵਰਬੇਨ ਕਹਿੰਦੀ ਹੈ ਕਿ ਪੁਲਿਸ ਸੁਰੱਖਿਆ ਦੇ ਬਾਵਜੂਦ, ਉਹ ਚਿੰਤਤ ਰਹਿੰਦੇ ਹਨ।

ਲੇਲੀਆ ਪਿੰਡ ਵਿੱਚ, ਚਾਵੜਾ ਪਰਿਵਾਰ ਅਤੇ ਵੱਲਭਭਾਈ ਪਰਮਾਰ ਦੇ ਪਰਿਵਾਰ ਦੇ ਘਰ ਇੱਕੋ ਬਲਾਕ ਵਿੱਚ ਇੱਕ ਦੂਜੇ ਦੇ ਬਹੁਤ ਨੇੜੇ ਸਥਿਤ ਹਨ।

ਵੱਲਭਭਾਈ ਦਾ ਪਰਿਵਾਰ ਵੀ ਦਲਿਤ ਭਾਈਚਾਰੇ ਨਾਲ ਸਬੰਧਿਤ ਹੈ। ਹੰਸਾਬੇਨ ਕਹਿੰਦੀ ਹੈ ਕਿ ਜਦੋਂ ਵਿਜੇਭਾਈ ਨੂੰ ਮਾਰਿਆ ਗਿਆ ਸੀ, ਤਾਂ ਰਘੂਭਾਈ ਵੱਲਭਭਾਈ ਸਾਂਝੇ ਤੌਰ 'ਤੇ ਖੇਤੀਬਾੜੀ ਕਰਦੇ ਸਨ।

ਹਾਲਾਂਕਿ, ਇਸ ਗੁਆਂਢੀ ਪਰਿਵਾਰ ਦਾ ਕੋਈ ਵੀ ਮੈਂਬਰ ਕਤਲ ਕੇਸ ਵਿੱਚ ਮੁਲਜ਼ਮ ਨਹੀਂ ਹੈ। ਹਾਲਾਂਕਿ, ਪਿੰਡ ਵਾਸੀਆਂ ਨੇ ਬੀਬੀਸੀ ਗੁਜਰਾਤੀ ਨੂੰ ਦੱਸਿਆ ਕਿ ਵੱਲਭਾਈ ਅਤੇ ਚਾਵੜਾ ਪਰਿਵਾਰ ਵਿਚਕਾਰ ਤਣਾਅ ਹੈ।

ਹੰਸਾਬੇਨ ਕਹਿੰਦੀ ਹੈ, " ਵੱਲਭਾਈ ਦਾ ਪਰਿਵਾਰ ਆਪਣਾ ਘਰ ਛੱਡ ਕੇ ਕਈ ਸਾਲਾਂ ਤੋਂ ਅਹਿਮਦਾਬਾਦ ਵਿੱਚ ਰਹਿੰਦਾ ਹੈ। ਪੁਲਿਸ ਰਿਕਾਰਡ ਵਿੱਚ ਦਰਜ ਮਾਮਲੇ ਦੇ ਅਨੁਸਾਰ, ਵਿਜੇਭਾਈ 'ਤੇ ਹਮਲਾ ਕਰਨ ਤੋਂ ਬਾਅਦ, ਮੁਲਜ਼ਮਾਂ ਨੇ ਵਿਜੇਭਾਈ ਦੇ ਦੋਸਤ ਘਣਸ਼ਿਆਮਭਾਈ ਰਾਠੌੜ, ਉਨ੍ਹਾਂ ਦੀ ਮਾਂ ਅਤੇ ਛੋਟੇ ਭਰਾ 'ਤੇ ਵੀ ਹਮਲਾ ਕੀਤਾ, ਜਿਸ ਕਾਰਨ ਉਨ੍ਹਾਂ ਨੂੰ ਵੀ ਗੰਭੀਰ ਸੱਟਾਂ ਲੱਗੀਆਂ। ਉਨ੍ਹਾਂ ਦੇ ਘਰ ਦੇ ਬਾਹਰ ਪੁਲਿਸ ਵੀ ਤੈਨਾਤ ਹੈ।"

ਇਨ੍ਹਾਂ ਦੋਵਾਂ ਮਾਮਲਿਆਂ ਵਿੱਚ ਕੁੱਲ 11 ਲੋਕਾਂ 'ਤੇ ਮਾਮਲਾ ਦਰਜ ਕੀਤਾ ਗਿਆ ਸੀ। ਜ਼ਿਆਦਾਤਰ ਮੁਲਜ਼ਮ ਲੇਲੀਆ ਪਿੰਡ ਦੇ ਵਸਨੀਕ ਹਨ।

ਘਣਸ਼ਿਆਮਭਾਈ ਕਹਿੰਦੇ ਹਨ, "ਇਨ੍ਹਾਂ ਵਿੱਚੋਂ ਤਿੰਨ ਦੀ ਮੌਤ ਹੋ ਗਈ ਹੈ, ਜਦੋਂ ਕਿ ਦੋ ਨੂੰ ਛੱਡ ਕੇ ਸਾਰੇ ਮੁਲਜ਼ਮਾਂ ਨੂੰ ਜ਼ਮਾਨਤ ਮਿਲ ਗਈ ਹੈ। ਪ੍ਰਵੀਨਾਬੇਨ ਵਿਜੇਭਾਈ ਦੇ ਕਤਲ ਵਿੱਚ ਸ਼ਿਕਾਇਤਕਰਤਾ ਸੀ ਅਤੇ ਮੈਂ ਪੀੜਤ ਅਤੇ ਗਵਾਹ ਹਾਂ। ਜੇਕਰ ਉਹ ਸ਼ਿਕਾਇਤਕਰਤਾ ਨੂੰ ਮਾਰ ਰਹੇ ਹਨ, ਤਾਂ ਕੀ ਉਨ੍ਹਾਂ ਨੂੰ ਪੀੜਤ ਅਤੇ ਗਵਾਹ ਨੂੰ ਵੀ ਨਹੀਂ ਮਾਰਨਾ ਚਾਹੀਦਾ?"

"ਉਹ ਮੈਨੂੰ ਵੀ ਮਾਰ ਸਕਦੇ ਹਨ। ਇਸ ਲਈ ਮੈਨੂੰ ਸੁਰੱਖਿਆ ਮਿਲੀ ਹੈ।"

ਉਨ੍ਹਾਂ ਦਾ ਇਲਜ਼ਾਮ ਹੈ ਕਿ ਰਘੂਭਾਈ ਨੇ ਵਿਜੇਭਾਈ ਨੂੰ ਸਰਪੰਚ ਹੁੰਦਿਆਂ ਵਿਕਾਸ ਕਾਰਜ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਸੀ ਅਤੇ ਇਸ ਮੁੱਦੇ 'ਤੇ ਦੋਵਾਂ ਵਿਚਕਾਰ ਝਗੜਾ ਹੋ ਗਿਆ ਸੀ, ਜਿਸ ਦੇ ਨਤੀਜੇ ਵਜੋਂ ਕਤਲ ਹੋ ਗਿਆ ਸੀ।

## ਦਲਿਤ ਭਾਈਚਾਰੇ ਉੱਤੇ ਹਮਲੇ ਦੇ ਆਰਥਿਕ ਅਤੇ ਸਮਾਜਿਕ ਕਾਰਨ'

ਮਨੁੱਖੀ ਅਧਿਕਾਰ ਕਾਰਕੁਨ ਅਤੇ ਅਹਿਮਦਾਬਾਦ ਨੇੜੇ ਨਵਸਰਜਨ ਅਤੇ ਦਲਿਤ ਸ਼ਕਤੀ ਕੇਂਦਰ ਵਰਗੇ ਸੰਗਠਨਾਂ ਦੇ ਸੰਸਥਾਪਕ ਮਾਰਟਿਨ ਮੈਕਵਾਨ ਕਹਿੰਦੇ ਹਨ ਕਿ ਗੁਜਰਾਤ ਵਿੱਚ ਦਲਿਤਾਂ 'ਤੇ ਆਰਥਿਕ ਅਤੇ ਸਮਾਜਿਕ ਕਾਰਨਾਂ ਕਰ ਕੇ ਉੱਚ ਵਰਗ ਦੇ ਲੋਕਾਂ ਦੁਆਰਾ ਜ਼ੁਲਮ ਕੀਤੇ ਜਾਂਦੇ ਹਨ।

ਉਹ ਅੱਗੇ ਕਹਿੰਦੇ ਹਨ, "ਜੇ ਤੁਸੀਂ ਜ਼ੁਲਮ ਦੇ ਕਾਰਨਾਂ ਨੂੰ ਦੇਖਦੇ ਹੋ, ਤਾਂ ਅਜਿਹਾ ਇਸ ਲਈ ਨਹੀਂ ਹੈ ਕਿਉਂਕਿ ਮੈਂ ਉਨ੍ਹਾਂ ਨਾਲ ਬਹਿਸ ਕੀਤੀ ਅਤੇ ਅੱਤਿਆਚਾਰ ਕੀਤਾ। ਨਹੀਂ, ਮੇਰੇ ਉੱਤੇ ਹਮਲਾ ਹੋਇਆ ਕਿਉਂਕਿ ਮੈਂ ਆਪਣੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਕਿਉਂਕਿ ਮੈਨੂੰ ਘੱਟੋ-ਘੱਟ ਉਜਰਤ ਨਹੀਂ ਮਿਲਦੀ ਅਤੇ ਮੈਂ ਸ਼ਿਕਾਇਤ ਕੀਤੀ।"

"ਇਸ ਲਈ ਆਰਥਿਕ ਕਾਰਨ ਪਹਿਲਾ ਅਤੇ ਸਭ ਤੋਂ ਵੱਡਾ ਕਾਰਨ ਹਨ। ਸਮਾਜਿਕ ਪੱਖਪਾਤ ਵਿੱਚ ਵੀ ਕੋਈ ਸੁਧਾਰ ਨਹੀਂ ਹੋਇਆ ਹੈ। ਇਸ ਤੋਂ ਇਲਾਵਾ, ਉਹ ਪੱਖਪਾਤ ਹੋਰ ਵੀ ਮਜ਼ਬੂਤ ਹੋ ਗਏ ਹਨ।"

ਉਹ ਸਵਾਲ ਕਰਦੇ ਹਨ, "2010 ਵਿੱਚ ਹੋਏ ਨਵਸਰਜਨ ਅਧਿਐਨ ਨੂੰ ਦੇਖੋ, ਆਜ਼ਾਦੀ ਦੇ ਇੰਨੇ ਸਾਲਾਂ ਬਾਅਦ ਵੀ, 90.2 ਫੀਸਦ ਪਿੰਡਾਂ ਵਿੱਚ, ਦਲਿਤ ਹਿੰਦੂ ਹੋਣ ਦੇ ਬਾਵਜੂਦ ਮੰਦਰਾਂ ਵਿੱਚ ਦਾਖ਼ਲ ਨਹੀਂ ਹੋ ਸਕਦੇ ਅਤੇ 54 ਫੀਸਦ ਸਕੂਲਾਂ ਵਿੱਚ ਮਿਡ-ਡੇਅ ਮੀਲ ਲਈ ਵੱਖਰੀਆਂ ਕਤਾਰਾਂ ਹਨ। ਕੀ ਆਜ਼ਾਦੀ ਦੇ 75 ਸਾਲਾਂ ਬਾਅਦ ਵੀ ਭਾਰਤ ਵਿੱਚ ਛੂਤ-ਛਾਤ ਜਾਰੀ ਰਹਿਣੀ ਚਾਹੀਦੀ ਹੈ?"

## ਪੁਲਿਸ ਸੁਰੱਖਿਆ ਦਾ ਕੀ ਅਰਥ ਹੈ?

ਮਾਰਟਿਨ ਮੈਕਵਾਨ ਕਹਿੰਦਾ ਹੈ ਕਿ ਦਲਿਤਾਂ 'ਤੇ ਅੱਤਿਆਚਾਰ ਇਸ ਗੱਲ ਦੀ ਨਿਸ਼ਾਨੀ ਹਨ ਕਿ ਆਜ਼ਾਦੀ ਤੋਂ ਬਾਅਦ ਵੀ ਭਾਰਤ ਵਿੱਚ ਜਾਤੀ ਪ੍ਰਣਾਲੀ ਮਜ਼ਬੂਤ ਹੈ।

ਉਹ ਪੁੱਛਦੇ ਹਨ, "ਸਾਡਾ ਸੁਪਨਾ ਸੀ ਕਿ ਭਾਰਤ ਇੱਕ ਏਕੀਕ੍ਰਿਤ ਰਾਸ਼ਟਰ ਬਣੇ, ਪਰ ਜੇਕਰ ਜਾਤੀ ਪ੍ਰਣਾਲੀ ਜਾਰੀ ਰਹੀ ਤਾਂ ਏਕੀਕ੍ਰਿਤ ਭਾਰਤ ਦੀ ਕੋਈ ਸੰਭਾਵਨਾ ਨਹੀਂ ਹੈ। ਸਿਰਫ਼ ਪੁਲਿਸ ਦੀ ਮੌਜੂਦਗੀ ਕਾਰਨ ਸੁਰੱਖਿਅਤ ਮਹਿਸੂਸ ਕਰਨਾ ਜ਼ਰੂਰੀ ਨਹੀਂ ਹੈ। ਦੂਜਾ ਸਵਾਲ ਇਹ ਹੈ ਕਿ ਤੁਸੀਂ ਕਿੰਨੀ ਦੇਰ ਤੱਕ ਪੁਲਿਸ ਸੁਰੱਖਿਆ ਪ੍ਰਦਾਨ ਕਰ ਸਕੋਗੇ?"

ਸੀਨੀਅਰ ਪੱਤਰਕਾਰ ਅਤੇ ਲੇਖਕ ਉਰਵਿਸ਼ ਕੋਠਾਰੀ ਦਲਿਤਾਂ ਨੂੰ ਦਿੱਤੀ ਜਾਣ ਵਾਲੀ ਪੁਲਿਸ ਸੁਰੱਖਿਆ ਦੀ ਤੁਲਨਾ ਸਮੁੰਦਰ ਦੇ ਵਿਚਕਾਰ ਜਹਾਜ਼ ਡੁੱਬਣ ਤੋਂ ਬਾਅਦ ਯਾਤਰੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਛੋਟੀਆਂ ਲਾਈਫਬੋਟਾਂ ਨਾਲ ਕਰਦੇ ਹਨ।

ਉਹ ਕਹਿੰਦੇ ਹਨ, "ਤੁਸੀਂ ਇੱਕ ਆਮ ਜ਼ਿੰਦਗੀ ਜੀਅ ਰਹੇ ਸੀ ਅਤੇ ਤੁਸੀਂ ਸਮੁੰਦਰ ਵਿੱਚ ਚਲੇ ਗਏ। ਤੁਹਾਡਾ ਜਹਾਜ਼ ਸਮੁੰਦਰ ਵਿੱਚ ਟੁੱਟ ਗਿਆ। ਤੁਹਾਨੂੰ ਇੱਕ ਲਾਈਫਬੋਟ ਮਿਲੀ। ਸਮੁੰਦਰ ਬਹੁਤ ਵੱਡਾ ਹੈ। ਤੁਹਾਡੇ ਕੋਲ ਇੱਕ ਲਾਈਫਬੋਟ ਹੈ ਅਤੇ ਤੁਸੀਂ ਇਸ ਨਾਲ ਕਿੰਨਾ ਸਮਾਂ ਬਚ ਸਕੋਗੇ?"

"ਉਸ ਤੋਂ ਬਾਅਦ, ਤੁਹਾਨੂੰ ਪਾਣੀ, ਭੋਜਨ ਅਤੇ ਸਾਰੀਆਂ ਚੀਜ਼ਾਂ ਦੀ ਲੋੜ ਪਵੇਗੀ, ਠੀਕ ਹੈ? ਇਸ ਲਈ ਸਮੁੰਦਰ ਵਿੱਚ ਅਜਿਹੀ ਸਥਿਤੀ ਵਿੱਚ ਪੁਲਿਸ ਸੁਰੱਖਿਆ ਇੱਕ ਲਾਈਫਬੋਟ ਹੈ। ਲਾਈਫਬੋਟ ਇੱਕ ਬਹੁਤ ਹੀ ਬੁਨਿਆਦੀ ਚੀਜ਼ ਹੈ।"

ਕੋਠਾਰੀ ਨੇ ਕਿਹਾ ਕਿ ਪੁਲਿਸ ਸੁਰੱਖਿਆ ਹੇਠ ਰਹਿਣਾ "ਤਸੀਹੇ ਝੱਲਣ ਵਾਂਗ" ਹੋ ਸਕਦਾ ਹੈ ਅਤੇ ਸਾਲਾਂ ਤੱਕ ਅਦਾਲਤੀ ਫ਼ੈਸਲੇ ਤੋਂ ਬਿਨਾਂ "ਮੱਧਮ ਨਿਆਂ" ਸਥਿਤੀ ਨੂੰ ਹੋਰ ਵੀ ਬਦਤਰ ਬਣਾਉਂਦਾ ਹੈ।

ਉਨ੍ਹਾਂ ਦੇ ਅਨੁਸਾਰ, "ਜੇ ਲੋਕ ਸੋਚਦੇ ਹਨ ਕਿ ਉਨ੍ਹਾਂ ਨੂੰ ਪੁਲਿਸ ਸੁਰੱਖਿਆ ਮਿਲ ਰਹੀ ਹੈ, ਮੈਂ ਉਨ੍ਹਾਂ ਸਾਰਿਆਂ ਨੂੰ ਚੁਣੌਤੀ ਦਿੰਦਾ ਹਾਂ, ਤੁਸੀਂ ਇੱਕ ਹਫ਼ਤੇ ਲਈ ਪੁਲਿਸ ਸੁਰੱਖਿਆ ਹੇਠ ਰਹੋ। ਦੇਖੋ ਕਿ ਇਹ ਮਾਨਸਿਕ ਤੌਰ 'ਤੇ ਕਿੰਨਾ ਮਾੜਾ ਹੋ ਸਕਦਾ ਹੈ, ਪੁਲਿਸ ਕਾਰਨ ਨਹੀਂ ਸਗੋਂ ਪੂਰੀ ਸਥਿਤੀ ਕਾਰਨ।"

"ਜਿਨ੍ਹਾਂ ਲੋਕਾਂ ਵਿਰੁੱਧ ਤੁਸੀਂ ਲੜ ਰਹੇ ਹੋ ਉਹ ਤੁਹਾਡੇ ਆਲੇ ਦੁਆਲੇ ਦੇ ਲੋਕ ਹਨ ਅਤੇ ਤੁਸੀਂ ਵਿਚਕਾਰ ਪੁਲਿਸ ਨਾਲ ਘਿਰੇ ਹੋਏ ਹੋ। ਇਸ ਦਾ ਮਤਲਬ ਹੈ ਕਿ ਉਹ ਲੋਕ ਆਜ਼ਾਦ ਹਨ ਅਤੇ ਤੁਸੀਂ ਘਰ ਵਿੱਚ ਨਜ਼ਰਬੰਦ ਹੋ।"

ਅਦਾਲਤ ਦੀ ਕਾਰਵਾਈ ਦੇ ਮੁੱਦੇ 'ਤੇ, ਉਹ ਕਹਿੰਦੇ ਹਨ, "ਅਦਾਲਤਾਂ ਦੀ ਸੁਸਤੀ ਨਿਆਂ ਦੇ ਵਿਰੁੱਧ ਹੈ ਅਤੇ ਇਹ ਸਿਰਫ਼ ਦਲਿਤ ਭਾਈਚਾਰੇ ਤੱਕ ਸੀਮਤ ਨਹੀਂ ਹੈ। ਪਰ ਕਿਉਂਕਿ ਦਲਿਤ ਭਾਈਚਾਰਾ ਖ਼ਾਸ ਤੌਰ 'ਤੇ ਅੱਤਿਆਚਾਰਾਂ ਤੋਂ ਪੀੜਤ ਹੈ ਅਤੇ ਇੱਕ ਵਿਸ਼ੇਸ਼ ਸਥਿਤੀ ਵਿੱਚ ਹਨ, ਉਨ੍ਹਾਂ ਨੂੰ ਜਲਦੀ ਨਿਆਂ ਮਿਲਣਾ ਚਾਹੀਦਾ ਹੈ।"

"ਮੈਂ ਜਲਦਬਾਜ਼ੀ ਵਿੱਚ ਨਿਆਂ ਦੀ ਗੱਲ ਨਹੀਂ ਕਰ ਰਿਹਾ, ਉਨ੍ਹਾਂ ਨੂੰ ਸਹੀ ਨਿਆਂ ਮਿਲਣਾ ਚਾਹੀਦਾ ਹੈ, ਸਹੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।"

## ਸਰਕਾਰ ਕੀ ਕਹਿੰਦੀ ਹੈ?

ਪਿਛਲੇ ਅਪ੍ਰੈਲ ਦੇ ਤੀਜੇ ਹਫ਼ਤੇ, ਗੁਜਰਾਤ ਦੇ ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਕਾਨੂੰਨ ਅਤੇ ਵਿਵਸਥਾ) ਐੱਸ ਰਾਜਕੁਮਾਰ ਪਾਂਡਿਅਨ ਨੇ ਪੁਲਿਸ ਸੁਰੱਖਿਆ ਪ੍ਰਾਪਤ ਕਰਨ ਵਾਲੇ ਦਲਿਤ ਪਰਿਵਾਰਾਂ ਦਾ ਦੌਰਾ ਕੀਤਾ।

ਬੀਬੀਸੀ ਨੇ ਉਨ੍ਹਾਂ ਦੀ ਫੇਰੀ ਬਾਰੇ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ, ਪਰ ਰਾਜਕੁਮਾਰ ਪਾਂਡਿਅਨ ਨਾਲ ਸੰਪਰਕ ਨਹੀਂ ਹੋ ਸਕਿਆ।

ਹਾਲਾਂਕਿ, ਉਨ੍ਹਾਂ ਦੀ ਫੇਰੀ ਦੌਰਾਨ ਮੌਜੂਦ ਲੋਕਾਂ ਨੇ ਬੀਬੀਸੀ ਗੁਜਰਾਤੀ ਨੂੰ ਦੱਸਿਆ ਕਿ ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ ਨੇ ਦਲਿਤ ਪਰਿਵਾਰਾਂ ਨੂੰ ਦਿੱਤੀ ਗਈ ਸੁਰੱਖਿਆ ਦੀ ਸਮੀਖਿਆ ਕੀਤੀ ਅਤੇ ਇਸ ਨੂੰ ਹੋਰ ਮਜ਼ਬੂਤ ਕਰਨ ਦਾ ਸੁਝਾਅ ਦਿੱਤਾ।

ਘਨਸ਼ਿਆਮਭਾਈ ਨੇ ਕਿਹਾ, "ਉਨ੍ਹਾਂ ਨੇ ਸਾਡੇ ਇਲਾਕੇ ਵਿੱਚ ਸੀਸੀਟੀਵੀ ਕੈਮਰੇ ਲਗਾਉਣ ਦੇ ਨਿਰਦੇਸ਼ ਦਿੱਤੇ ਹਨ।"

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

# ਜੀਵਨ ਦੀ ਹੋਂਦ ਲਈ ਜ਼ਰੂਰੀ ਹੈ ਵਾਤਾਵਰਨ

ਰਜਵਿੰਦਰ ਪਾਲ ਸ਼ਰਮਾ
7087367969



ਖਗੋਲ ਵਿਗਿਆਨੀਆਂ ਦਾ ਮੰਨਣਾ ਹੈ ਕਿ ਅੱਜ ਤੋਂ 4.5 ਅਰਬ ਸਾਲ ਪਹਿਲਾਂ ਧਰਤੀ ਹੋਂਦ ਵਿੱਚ ਆਈ। ਸਟੀਫ਼ਨ ਹਾਕਿੰਗ ਦੀ ਬਿੱਗ ਬੈਂਗ ਥਿਊਰੀ ਵੀ ਬ੍ਰਹਿਮੰਡ ਦੀ ਉਤਪਤੀ ਦੇ ਰਾਜ਼ ਨੂੰ ਤਰਕ ਸਹਿਤ ਪੇਸ਼ ਕਰਦੀ ਹੈ। ਸਟੀਫ਼ਨ ਹਾਕਿੰਗ ਤੋਂ ਪਹਿਲਾਂ ਮਹਾਨ ਵਿਗਿਆਨੀ ਅਤੇ ਦਾਰਸ਼ਨਿਕ ਗੈਲੀਲੀਓ ਨੇ ਆਪਣੀ ਬਣਾਈ ਹੋਈ ਦੂਰਬੀਨ ਰਾਹੀਂ ਕਾਪਰਨਿਕਸ ਦੇ ਸਿਧਾਂਤ ਦਾ ਸਮੱਰਥਨ ਕਰਦੇ ਹੋਏ ਧਰਤੀ ਅਤੇ ਬਾਕੀ ਗ੍ਰਹਿਆਂ ਦੇ ਸੂਰਜ ਦੇ ਆਲੇ ਦੁਆਲੇ ਘੁੰਮਣ ਦੀ ਘਟਨਾ ਨੂੰ ਦੁਨੀਆਂ ਸਾਹਮਣੇ ਰੱਖਿਆ ਜਿਸ ਦਾ ਧਰਮ ਦੇ ਨਾਂ ਤੇ ਠੇਕੇ ਚਲਾ ਰਹੇ ਅਖੌਤੀਆਂ ਨੇ ਇਸ ਗੱਲ ਨੂੰ ਮੰਨਣ ਤੋਂ ਇਨਕਾਰ ਕਰਦੇ ਹੋਏ ਗੈਲੀਲੀਓ ਨੂੰ ਸਜ਼ਾ ਦਾ ਭਾਗੀਦਾਰ ਬਣਾਇਆ ਪ੍ਰੰਤੂ ਅੱਜ ਇਹ ਸਾਬਿਤ ਹੋ ਚੁੱਕਿਆ ਹੈ ਕਿ ਧਰਤੀ ਅਤੇ ਬਾਕੀ ਗ੍ਰਹਿ ਆਪਣੇ ਧੁਰੇ ਦੇ ਨਾਲ ਨਾਲ ਸੂਰਜ ਦੇ ਆਲੇ ਦੁਆਲੇ ਵੀ ਘੁੰਮਦੇ ਹਨ।

ਧਰਤੀ ਜੋ ਕਿ ਸੂਰਜੀ ਪਰਿਵਾਰ ਦੇ ਨੌਂ(ਕੁੱਝ ਵਿਗਿਆਨੀ ਪਲੂਟੋ ਨੂੰ ਗ੍ਰਹਿ ਨਹੀਂ ਮੰਨਦੇ,ਫਿਰ ਗਿਣਤੀ ਅੱਠ ਰਹਿ ਜਾਵੇਗੀ) ਗ੍ਰਹਿਆਂ ਵਿੱਚੋਂ ਇੱਕੋ ਇੱਕ ਅਜਿਹਾ ਗ੍ਰਹਿ ਹੈ ਜਿੱਥੇ ਜੀਵਨ ਦੀ ਹੋਂਦ ਲਈ ਅਨੁਕੂਲਿਤ ਵਾਤਾਵਰਨ ਪਾਇਆ ਗਿਆ।ਧਰਤੀ ਜਿਸ ਦੇ ਕੁੱਲ ਭਾਗ ਦੇ 71% ਹਿੱਸੇ ਵਿੱਚ ਪਾਣੀ(ਜਿਸ ਕਰਕੇ ਧਰਤੀ ਨੂੰ ਨੀਲਾ ਗ੍ਰਹਿ ਵੀ ਕਿਹਾ ਜਾਂਦਾ ਹੈ) ਅਤੇ ਬਾਕੀ ਰਹਿੰਦੇ 29% ਭਾਗ ਭੂਮੀ ਨਾਲ ਘਿਰਿਆ ਹੋਇਆ ਹੈ।ਇੱਕ ਸੈੱਲੀ ਜੀਵ ਤੋਂ ਉਤਪੰਨ ਹੋਈ ਜੀਵਨ ਦੀ ਹੋਂਦ ਨੇ ਹੀ ਜੀਵ ਜੰਤੂਆਂ ਦੀ ਉਤਪਤੀ ਦਾ ਮੁੱਢ ਬੰਨਿਆ। ਪ੍ਰਸਿੱਧ ਕੁਦਰਤੀ ਅਤੇ ਜੀਵ ਵਿਗਿਆਨੀ ਚਾਰਲਸ ਡਾਰਵਿਨ ਨੇ ਆਪਣੀਆਂ ਖੋਜਾਂ ਦੌਰਾਨ ਇਹ ਸਿੱਧ ਕੀਤਾ ਕਿ ਇਸ ਧਰਤੀ ਤੇ ਉਹ ਹੀ ਜੀਵ ਜੰਤੂ ਰਹਿ ਸਕੇਗਾ ਜ਼ੋ ਹਾਲਾਤਾਂ ਨਾਲ ਜੂਝੇਗਾ ਜਿਸ ਨੂੰ ਸਰਵਾਈਵਲ ਆੱਫ ਦਾ ਫਿਟੈਸਟ ਭਾਵ ਕੁਦਰਤ ਦੀ ਸਭ ਤੋਂ ਉੱਤਮ ਜਿੱਤ ਦਾ ਨਾਂ ਦਿੱਤਾ ਗਿਆ।ਜਲ ਵਿੱਚੋਂ ਉਤਪੰਨ ਹੋਇਆ ਜੀਵਨ ਜੰਗਲਾਂ ਵਿੱਚੋਂ ਗੁਜ਼ਰਦਾ ਹੋਇਆ ਆਧੁਨੀਕੀਕਰਨ ਤੱਕ ਪਹੁੰਚ ਕੇ ਸਮੇਂ ਦੇ ਹਾਣੀ ਦਾ ਖ਼ਿਤਾਬ ਮੱਲਿਆ ਪ੍ਰੰਤੂ ਇਸ ਵਿਕਾਸ ਦੌਰਾਨ ਮਨੁੱਖ ਨੇ ਜੋ ਵਿਕਾਸ ਦਾ ਸਿਹਰਾ ਆਪਣੇ ਸਿਰ ਬੰਨਿਆ ਉਹ ਧਰਤੀ ਅਤੇ ਜੀਵ ਜੰਤੂਆਂ ਦੀ ਹੋਂਦ ਲਈ ਖ਼ਤਰੇ ਦਾ ਘੁੱਗੂ ਸੀ।

ਧਰਤੀ ਜੋ ਕਿ ਹਰ ਇੱਕ ਪੌਦੇ ਜੀਵ ਜੰਤੂਆਂ ਅਤੇ ਪੰਛੀਆਂ ਦਾ ਰਹਿਣ ਬਸੇਰਾ ਅਤੇ ਪਾਲਣ ਹਾਰ ਹੈ ਇਹੀ ਕਾਰਣ ਹੈ ਕਿ ਧਰਤੀ ਨੂੰ ਮਾਂ ਦਾ ਦਰਜਾ ਦਿੱਤਾ ਗਿਆ। ਜਿਵੇਂ ਮਾਂ ਆਪਣੇ ਬੱਚੇ ਦਾ ਵਾਲ ਵਿੰਗਾ ਨਹੀਂ ਹੋਣ ਦਿੰਦੀ,ਹਰ ਸਮੇਂ ਬੱਚੇ ਦੀ ਖ਼ੈਰ ਅਤੇ ਚੰਗੀ ਸਿਹਤ ਦੀ ਦੁਆ ਲਈ ਅਰਦਾਸ ਕਰਦੀ ਹੈ,ਧਰਤੀ ਮਾਂ ਵੀ ਆਪਣੇ ਬੱਚਿਆਂ ਦੀ ਝੋਲੀ ਕੁਦਰਤ ਦੀਆਂ ਵਡਮੁੱਲੀਆਂ ਸੌਗਾਤਾਂ ਨਾਲ ਭਰ ਦਿੰਦੀ ਹੈ ।ਧਰਤੀ ਨੇ ਜੀਵਨ ਦਿੱਤਾ ਪਰੰਤੂ ਕਦੇ ਹੰਕਾਰ, ਕਦੇ ਘੁਮੰਡ ਨਹੀਂ ਕੀਤਾ, ਪ੍ਰੰਤੂ ਮਨੁੱਖ ਉਹ ਅਕਿਰਤਘਣ ਹੈ ਜ਼ੋ ਕਿਸੇ ਦੀ ਕੀਤੀ ਨਹੀਂ ਜਾਣਦਾ। ਆਪਣੇ ਨਿੱਜੀ ਲਾਭਾਂ ਲਈ ਉਸਨੇ ਰੁੱਖ ਕੱਟੇ,ਧਰਤੀ ਦੀ ਤਪਸ਼ ਨੂੰ ਵਧਾ ਕੇ ਵਾਤਾਵਰਨ ਨੂੰ ਪਲੀਤ ਕਰਦੇ ਹੋਏ ਆਪਣੀ ਧਰਤੀ ਮਾਂ ਨਾਲ ਧ੍ਰੋਹ ਕਮਾਇਆ।ਸਿਆਣਿਆਂ ਦੀ ਇੱਕ ਕਹਾਵਤ ਹੈ ਕਿ ਜੋ ਆਪਣੀ ਮਾਂ ਦਾ ਨਹੀਂ ਹੋ ਸਕਦਾ ਉਹ ਫ਼ਿਰ ਕਿਸੇ ਦਾ ਨਹੀਂ ਹੋ ਸਕਦਾ।




ਖੁੱਲ੍ਹੀਆਂ ਖੁੱਲ੍ਹੀਆਂ ਸੜਕਾਂ ਅਤੇ ਸ਼ਾਹ ਮਾਰਗਾਂ ਦਾ ਜਾਲ ਬਣਾਉਣ ਦੇ ਚੱਕਰ ਵਿੱਚ ਪਤਾ ਨਹੀਂ ਹੁਣ ਤੱਕ ਜੰਗਲਾਂ ਨੂੰ ਉਜਾੜ ਕੇ ਕਿੰਨੇ ਹੀ ਜੀਵ ਜੰਤੂਆਂ ਨੂੰ ਬੇਘਰ ਕੀਤਾ। ਤਾਜ਼ੀ ਉਦਾਹਰਣ ਹੈਦਰਾਬਾਦ ਦੀ ਲਈ ਜਾ ਸਕਦੀ ਹੈ ਜਿਥੇ ਚਾਰ ਸੌ ਏਕੜ ਤੋਂ ਵੱਧ ਜੰਗਲ ਉਜਾੜਿਆ ਜਾ ਰਿਹਾ ਹੈ ਤਾਂ ਜ਼ੋ ਆਈ ਟੀ ਪਾਰਕ ਬਣਾਇਆ ਜਾ ਸਕੇ। ਇਹਨਾਂ ਹਾਕਮਾਂ ਨੂੰ ਪੁੱਛਣ ਵਾਲਾ ਕੋਈ ਹੋਵੇ ਕਿ ਜਦੋਂ ਸਾਂਹ ਹੀ ਨਾ ਆਇਆ ਤਾਂ ਫ਼ਿਰ ਆਈ ਟੀ ਪਾਰਕ ਦਾ ਕੀ ਕਰੋਗੇ।ਇਸ ਦੇ ਨਾਲ ਨਾਲ ਉਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਵਿੱਚ ਕੀਤੀਆਂ ਜਾ ਰਹੀਆਂ ਪਹਾੜਾਂ ਦੀਆਂ ਕਟਾਈਆਂ ਅਤੇ ਗੈਰ ਵਾਤਾਵਰਨਿਕ ਉਸਾਰੀਆਂ ਨੇ ਕੁਦਰਤੀ ਆਫ਼ਤਾਂ ਨੂੰ ਵੀ ਸੱਦਾ ਦਿੱਤਾ ਹੈ। ਜੰਗਲਾਂ ਦੇ ਉਜਾੜਨ ਦਾ ਹੀ ਨਤੀਜਾ ਹੈ ਕਿ ਅੱਜ ਧਰਤੀ ਦਾ ਤਾਪਮਾਨ ਦਿਨੋਂ ਦਿਨ ਵਧ ਰਿਹਾ ਹੈ। ਮੌਸਮ ਵਿਗਿਆਨੀ ਵੀ ਮੌਜੂਦਾ ਸਾਲ ਵਿੱਚ ਰਿਕਾਰਡ ਤੋੜ ਗਰਮੀ ਪੈਣ ਦੀ ਭਵਿੱਖਬਾਣੀ ਕਰ ਰਹੇ ਹਨ। ਹੁਣ ਸਵਾਲ ਪੈਦਾ ਇਹ ਹੁੰਦਾ ਹੈ ਕਿ ਜ਼ੇਕਰ ਗਰਮੀ ਇਸੇ ਤਰ੍ਹਾਂ ਦਿਨੋਂ ਦਿਨ ਵਧਦੀ ਗਈ ਤਾਂ ਜ਼ਿੰਦਗੀ ਦੀ ਹੋਂਦ ਧਰਤੀ ਤੇ ਕਿਵੇਂ ਸਰੁੱਖਿਅਤ ਰਹੇਗੀ?ਅਖੌਤੀ ਵਿਕਾਸ ਦੀ ਪੌੜੀ ਚੜ੍ਹਦਿਆਂ ਮਨੁੱਖ ਕੀ ਕੁੱਝ ਪਿੱਛੇ ਛੱਡ ਗਿਆ ਉਸ ਨੂੰ ਕੁੱਝ ਚੇਤੇ ਨਾ ਰਿਹਾ।ਖਾਣ ਪੀਣ ਵਾਲੇ ਪਦਾਰਥਾਂ ਵਿੱਚ ਜ਼ਹਿਰਾਂ ਮਿਲਾਉਣ ਤੋਂ ਲੈ ਕੇ ਪਸ਼ੂਆਂ ਪੰਛੀਆਂ ਦੀ ਤਸਕਰੀ ਕਰਕੇ ਜੀਵ ਵਿਭਿੰਨਤਾ ਲਈ ਨਵੇਂ ਖ਼ਤਰੇ ਪੈਦਾ ਕੀਤੇ। ਦੁਧਾਰੂ ਪਸ਼ੂਆਂ ਤੋਂ ਦੁੱਧ ਪ੍ਰਾਪਤ ਕਰਨ ਲਈ ਔਕਸੀਟੋਸਿਨ (ਦੁੱਧ ਦੇ ਪਸਮਾਅ ਲਈ ਵਰਤਿਆ ਜਾਂਦਾ ਇੱਕ ਹਾਰਮੋਨ) ਟੀਕਾ ਲਾਉਣਾ ਸ਼ੁਰੂ ਕੀਤਾ।ਫਸਲਾਂ ਦੇ ਵਧੇਰੇ ਉਤਪਾਦਨ ਲਈ ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਕਰਕੇ ਧਰਤੀ ਹੇਠਲਾ ਪਾਣੀ ਪਲੀਤ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ।ਮੁੜ ਮੁੜ ਕੇ ਪਾਣੀ ਦੀ ਵੱਧ ਖ਼ਪਤ ਕਰਨ ਵਾਲੀਆਂ ਫ਼ਸਲਾਂ ਉਗਾ ਕੇ ਧਰਤੀ ਹੇਠਲੇ ਪਾਣੀ ਨੂੰ ਆਪਣੀ ਪਹੁੰਚ ਤੋਂ ਦੂਰ ਕੀਤਾ।ਹੁਣ ਹਾਲਾਤ ਇਹ ਬਣ ਰਹੇ ਹਨ ਕਿ ਫਸਲਾਂ ਉਗਾਉਣ ਲਈ ਤਾਂ ਦੂਰ ਕੁੱਝ ਪਿੰਡ ਤਾਂ ਪੀਣ ਵਾਲੇ ਪਾਣੀ ਲਈ ਵੀ ਤਰਸ ਰਹੇ ਹਨ।

ਪਲਾਸਟਿਕ ਅਤੇ ਪੌਲੀਥੀਨ ਦੀ ਵਧੇਰੇ ਵਰਤੋਂ ਨੇ ਪਿੰਡਾਂ , ਸ਼ਹਿਰਾਂ ਅਤੇ ਕਸਬਿਆਂ ਤੋਂ ਲੈ ਕੇ ਵੱਡੇ ਵੱਡੇ ਮਹਾਂਨਗਰਾਂ ਵਿੱਚ ਬਦਬੂਦਾਰ ਕੂੜੇ ਦੇ ਨਵੇਂ ਢੇਰ ਉਸਾਰਨ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ।ਕੂੜੇ ਕਰਕਟ ਨੂੰ ਸੰਭਾਲਣ ਅਤੇ ਇਸ ਦੇ ਨਿਪਟਾਰੇ ਲਈ ਬਣਾਏ 4R ਸਿਧਾਂਤ (Reduce, Repair,Reuse And Recycle) (ਆਪਣੀਆਂ ਲੋੜਾਂ ਨੂੰ ਘਟਾਉਣਾ, ਮੁਰੰਮਤ ਕਰਵਾਉਣਾ,ਮੁੜ ਵਰਤੋਂ ਵਿੱਚ ਲਿਆਉਣਾ ਅਤੇ ਪੁਨਰ ਉਤਪਾਦਨ) ਵੀ ਦਮ ਤੋੜ ਰਹੇ ਹਨ। ਵਰਤੋਂ ਤੇ ਸੁੱਟੋ ਵਿੱਚ ਸੁੱਖ ਲੱਭਣ ਵਾਲੇ ਮਨੁੱਖ ਨੂੰ ਇਹ ਪਤਾ ਹੀ ਨਹੀਂ ਲੱਗਿਆ ਕਿ ਉਸਦੀਆਂ ਬੱਜਰ ਗਲਤੀਆਂ ਨੇ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਦੇ ਹੋਏ ਪਤਾ ਨਹੀਂ ਕਿੰਨੀਆਂ ਬਿਮਾਰੀਆਂ ਨੂੰ ਉਸ ਦੇ ਬਰੂਹਾਂ ਤੱਕ ਪਹੁੰਚਾ ਕੇ ਸਿਹਤਮੰਦ ਜ਼ਿੰਦਗੀ ਨੂੰ ਖੋਰਾਂ ਲਾਇਆ ਸਿਹਤਮੰਦ ਜੀਵਨਸ਼ੈਲੀ ਵਿੱਚ ਨਿਘਾਰ ਦਾ ਹੀ ਨਤੀਜਾ ਹੈ ਕਿ ਜਨਮ ਤੋਂ ਹੀ ਬੱਚਾ ਬਿਮਾਰੀਆਂ ਨਾਲ ਪੀੜਤ ਹੋਣਾ ਸ਼ੁਰੂ ਹੋ ਜਾਂਦਾ ਹੈ।

ਰੋਟੀ, ਕਪੜਾ ਅਤੇ ਮਕਾਨ ਮਨੁੱਖ ਦੀਆਂ ਮੁੱਢ ਤੋਂ ਬੁਨਿਆਦੀ ਲੋੜਾਂ ਹਨ।ਇਸ ਤੋਂ ਬਾਅਦ ਸਿਹਤ ਅਤੇ ਸਿੱਖਿਆ ਦਾ ਨੰਬਰ ਆਉਂਦਾ ਹੈ। ਮਨੁੱਖ ਦੀਆਂ ਲੋੜਾਂ ਸੀਮਤ ਹਨ ਜਦਕਿ ਇੱਛਾਵਾਂ ਅਸੀਮਤ।ਪੈਸੇ ਦੀ ਦੌੜ ਵਿੱਚ ਲਾਲਚ ਦੀ ਪੱਟੀ ਬੰਨ੍ਹੀ ਫਿਰਦੇ ਮਨੁੱਖ ਦੀ ਪੱਟੀ ਜਾਂ ਤਾਂ ਸਬਰ ਖੋਲ ਸਕਦਾ ਹੈ ਜਾਂ ਫ਼ਿਰ ਕਬਰ ਦੀ ਮਿੱਟੀ।

ਵਾਤਾਵਰਨ ਨੂੰ ਪੇਸ਼ ਆ ਰਹੀਆਂ ਦਰਪੇਸ਼ ਚੁਣੌਤੀਆਂ ਦੇ ਸੁਚੱਜੇ ਹੱਲ ਅਤੇ ਜਾਗਰੂਕਤਾ ਵਧਾਉਣ ਲਈ 1973 ਤੋਂ ਹਰ ਸਾਲ ਵਿਸ਼ਵ ਵਾਤਾਵਰਨ ਮਨਾਇਆ ਜਾਂਦਾ ਹੈ। ਵਾਤਾਵਰਨ ਦਿਵਸ 2024 ਦੀ ਥੀਮ our land our future .we are generation restoration ਸੀ ਜਦਕਿ 2025 ਵਿੱਚ ਮਨਾਏ ਜਾਣ ਵਾਲੇ ਵਾਤਾਵਰਨ ਦਿਵਸ ਦੀ ਥੀਮ Ending plastic pollution globally ਭਾਵ ਦੁਨੀਆਂ ਤੋਂ ਪਲਾਸਟਿਕ ਦਾ ਖਾਤਮਾ ਨਿਰਧਾਰਿਤ ਕੀਤੀ ਗਈ ਹੈ। ਜਦੋਂ ਵਾਤਾਵਰਨ ਅਤੇ ਜੀਵ ਜੰਤੂਆਂ ਦੇ ਸਾਂਭ ਸੰਭਾਲ ਅਤੇ ਆਲਮੀ ਤਪਸ਼ ਨੂੰ ਘੱਟ ਕਰਨ ਦੀ ਗੱਲ਼ ਤੁਰਦੀ ਹੈ ਤਾਂ ਸਾਰੇ ਦੇਸ਼ ਪਿੱਛੇ ਹਟਣਾ ਸ਼ੁਰੂ ਹੋ ਜਾਂਦੇ ਹਨ।ਧਰਤੀ ਤੇ ਕੋਈ ਇੱਕ ਇਨਸਾਨ ਨਹੀਂ ਰਹਿੰਦਾ, ਅਸੀਂ ਸਾਰੇ ਰਹਿੰਦੇ ਹਾਂ। ਧਰਤੀ ਮਾਂ ਵੱਲੋਂ ਮਿਲੀਆਂ ਕੁਦਰਤੀ ਸੌਗਾਤਾਂ ਦਾ ਲਾਭ ਅਸੀਂ ਸਾਰੇ ਉਠਾਉਂਦੇ ਹਾਂ ਤਾਂ ਫ਼ਿਰ ਧਰਤੀ ਮਾਂ ਨੂੰ ਬਚਾਉਣ ਦਾ ਉਪਰਾਲਾ ਵੀ ਸਭ ਦਾ ਸਾਂਝਾ ਹੋਣਾ ਚਾਹੀਦਾ ਹੈ।ਅੰਤਰਾਸ਼ਟਰੀ,ਰਾਸ਼ਟਰੀ ਅਤੇ ਰਾਜ ਪੱਧਰੀ ਸਮਾਗਮਾਂ ਤੋਂ ਲੈ ਕੇ ਸਕੂਲਾਂ ਅਤੇ ਕਾਲਜਾਂ ਵੱਲੋਂ ਵੀ ਇਸ ਦਿਨ ਧਰਤੀ ਦੀ ਹੋਂਦ ਨੂੰ ਬਚਾਉਣ ਲਈ ਵਿਚਾਰ ਚਰਚਾਵਾਂ ਕੀਤੀਆਂ ਜਾਂਦੀਆਂ ਹਨ।ਇਹ ਚਰਚਾ ਕੇਵਲ ਅਖ਼ਬਾਰ ਅਤੇ ਮੀਡੀਆ ਦੀਆਂ ਸੁਰਖੀਆਂ ਬਟੋਰਨ ਲਈ ਹੁੰਦੀਆਂ ਹਨ।ਜੇਕਰ ਅਸੀਂ ਸੱਚਮੁੱਚ ਹੀ ਧਰਤੀ ਨੂੰ ਬਚਾਉਣ ਲਈ ਸੁਹਿਰਦ ਹਾਂ ਤਾਂ ਸਾਨੂੰ ਆਪਣੇ ਘਰ ਤੋਂ ਆਪਣੇ ਆਪ ਤੋਂ ਇਸ ਨੂੰ ਬਚਾਉਣ ਲਈ ਪਹਿਲ ਕਰਨੀ ਹੋਵੇਗੀ। ਕੇਵਲ ਰੁੱਖ ਲਗਾ ਕੇ ਅਸੀਂ ਆਪਣੀ ਜ਼ਿੰਮੇਵਾਰੀ ਤੋਂ ਸੁਰਖ਼ੁਰੂ ਨਹੀਂ ਹੋ ਸਕਦੇ, ਉਹਨਾਂ ਦੀ ਸੰਭਾਲ ਕਰਨੀ ਵੀ ਸੰਵਿਧਾਨ ਵੱਲੋਂ ਨਿਰਧਾਰਤ ਸਾਡੇ ਨੈਤਿਕ ਕਰਤੱਵਾਂ ਵਿੱਚ ਸ਼ਾਮਿਲ ਹੈ।ਵਿਕਾਸ ਅਤੇ ਤਰੱਕੀ ਦੀ ਦੌੜ ਵਿੱਚ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਕਾਰਵਾਈਆਂ ਤੇ ਰੋਕ ਲਗਾਉਣੀ ਹੋਵੇਗੀ।ਇੱਕ ਮਸ਼ਹੂਰ ਕਹਾਵਤ ਹੈ ਕਿ ਇਕੱਲਾ ਚਨਾ ਪਹਾੜ ਨਹੀਂ ਤੋੜ ਸਕਦਾ ਭਾਵ ਇਕੱਲਾ ਮਨੁੱਖ ਕੁੱਝ ਨਹੀਂ ਕਰ ਸਕਦਾ ਪ੍ਰੰਤੂ ਸ਼ੁਰੂਆਤ ਤਾਂ ਕਰ ਸਕਦਾ ਹੈ। ਜ਼ੇਕਰ ਅਸੀਂ ਇਕੱਲੇ ਸ਼ੁਰੂਆਤ ਕਰੀਏ ਤਾਂ ਕੱਲ੍ਹ ਕਾਫ਼ਲਾ ਬਣਦੇ ਦੇਰ ਨਹੀਂ ਲੱਗਣੀ। ਮਨੁੱਖ ਪੈਸਾ,ਸੋਨਾ, ਹੀਰੇ ਅਤੇ ਮੋਟਲ ਗੱਡੀਆਂ ਕੁੱਝ ਨਹੀਂ ਖਾ ਸਕਦਾ। ਉਸਦੇ ਜਿਉਂਦੇ ਰਹਿਣ ਲਈ ਸਾਫ਼ ਪੌਣ ਪਾਣੀ ਅਤੇ ਸੰਤੁਲਿਤ ਭੋਜਨ ਦੀ ਮੁੱਖ ਲੋੜ ਹੈ।ਇਹ ਸਭ ਕੁੱਝ ਫਿਰ ਹੀ ਮਿਲੇਗਾ ਜ਼ੇਕਰ ਧਰਤੀ ਦੀ ਹੋਂਦ ਬਣੀ ਰਹੇ ਨਹੀਂ ਤਾਂ ਧਰਤੀ ਦੇ ਖ਼ਤਮ ਹੋਣ ਦੀਆਂ ਜ਼ੋ ਭਵਿੱਖਬਾਣੀਆਂ ਸੁਣ ਰਹੇ ਹਾਂ ਉਹਨਾਂ ਦੇ ਸੱਚ ਹੋਣ ਨੂੰ ਬਹੁਤੀ ਦੇਰ ਨਹੀਂ ਲੱਗਣੀ।

# ਸ਼ਹਿਰ ਸੰਗਰੂਰ 'ਚ 31 ਮਈ ਨੂੰ ਬਲੈਕ ਆਊਟ ਤੇ ਮੌਕ ਡਰਿੱਲ ਦਾ ਹੋਵੇਗਾ ਅਭਿਆਸ

## - ਡਿਪਟੀ ਕਮਿਸ਼ਨਰ ਨੇ ਸ਼ਹਿਰ ਵਾਸੀਆਂ ਨੂੰ ਅਫਵਾਹਾਂ ਤੋਂ ਬਚਣ ਅਤੇ ਸਹਿਯੋਗ ਦੀ ਕੀਤੀ ਅਪੀਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਦਲਜੀਤ ਕੌਰ

ਸੰਗਰੂਰ, 30 ਮਈ, 2025: ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਓਪਰੇਸ਼ਨ ਸ਼ੀਲਡ ਤਹਿਤ ਦਿੱਤੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 31 ਮਈ ਨੂੰ ਰਾਤ 8:00 ਵਜੇ ਤੋਂ 9:00 ਵਜੇ ਤੱਕ ਸੰਗਰੂਰ ਸ਼ਹਿਰ ਵਿਚ ਬਲੈਕ ਆਊਟ ਦੀ ਮੌਕ ਡਰਿੱਲ ਕਰਵਾਈ ਜਾਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ਼੍ਰੀ ਸੰਦੀਪ ਰਿਸ਼ੀ ਨੇ ਦੱਸਿਆ ਕਿ ਇਹ ਮੌਕ ਡਰਿੱਲ ਇਕ ਰੂਟੀਨ ਅਭਿਆਸ ਹੈ, ਜਿਸ ਦਾ ਉਦੇਸ਼ ਨਾਗਰਿਕ ਸੁਰੱਖਿਆ (ਸਿਵਲ ਡਿਫੈਂਸ) ਦੀਆਂ ਤਿਆਰੀਆਂ ਨੂੰ ਜਾਚਣਾ ਅਤੇ ਮਜ਼ਬੂਤ ਕਰਨਾ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਦਿਨ ਵੇਲੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੰਕਟਕਾਲੀਨ ਸਥਿਤੀ ਸਬੰਧੀ ਅਭਿਆਸ ਕੀਤਾ ਜਾਵੇਗਾ, ਜਿਸ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ, ਸਿਵਲ ਡਿਫੈਂਸ ਵਲੰਟੀਅਰ, ਸਿਹਤ ਵਿਭਾਗ, ਫਾਇਰ ਬ੍ਰਿਗੇਡ ਅਤੇ ਪੁਲਿਸ ਵਿਭਾਗ ਵੱਲੋਂ ਭਾਗ ਲਿਆ ਜਾਵੇਗਾ।

ਉਨ੍ਹਾਂ ਦੱਸਿਆ ਕਿ ਇਸ ਉਪਰੰਤ 31 ਮਈ 2025 ਨੂੰ ਰਾਤ 8:00 ਵਜੇ ਪੂਰੇ ਸੰਗਰੂਰ ਸ਼ਹਿਰ ਵਿੱਚ ਸਾਇਰਨ ਵਜਾਇਆ ਜਾਵੇਗਾ, ਜਿਸ ਨਾਲ ਲੋਕਾਂ ਨੂੰ ਮੌਕ ਡਰਿੱਲ ਸ਼ੁਰੂ ਹੋਣ ਦਾ ਸੰਕੇਤ ਮਿਲੇਗਾ। ਇਸ ਉਪਰੰਤ ਰਾਤ 8:00 ਵਜੇ ਤੋਂ ਲੈ ਕੇ 9:00 ਵਜੇ ਤੱਕ ਪੂਰੇ ਸ਼ਹਿਰ ਵਿੱਚ ਪੂਰਨ ਬਲੈਕਆਊਟ ਰਹੇਗਾ।

ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਮੌਕ ਡਰਿੱਲ ਮਹਿਜ਼ ਇਕ ਪੂਰਵ ਨਿਯੋਜਿਤ ਅਭਿਆਸ ਹੈ ਅਤੇ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਕਿਸੇ ਵੀ ਤਰ੍ਹਾਂ ਦੀ ਅਫ਼ਵਾਹ ਨਾ ਫੈਲਾਉਣ ਅਤੇ ਨਾ ਹੀ ਘਬਰਾਉਣ। ਉਨ੍ਹਾਂ ਕਿਹਾ ਕਿ ਨਾਗਰਿਕਾਂ ਨੂੰ ਮੌਕ ਡਰਿੱਲ ਵਿਚ ਸਹਿਯੋਗ ਕਰਦੇ ਹੋਏ ਸ਼ਾਂਤੀਪੂਰਨ ਢੰਗ ਨਾਲ ਹਿੱਸਾ ਲੈਣਾ ਚਾਹੀਦਾ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਲੈਕ ਆਊਟ ਦੇ ਸਮੇਂ ਦੌਰਾਨ ਘਰਾਂ ਦੇ ਇਨਵਰਟਰ ਤੇ ਜਨਰੇਟਰ ਬੰਦ ਰੱਖੇ ਜਾਣ। ਜੇਕਰ ਕਿਸੇ ਜ਼ਰੂਰੀ ਕਾਰਨ ਕਰਕੇ ਇਨ੍ਹਾਂ ਨੂੰ ਚਾਲੂ ਰੱਖਣਾ ਪਵੇ, ਤਾਂ ਯਕੀਨੀ ਬਣਾਉਣ ਕਿ ਲਾਈਟ ਦੀ ਰੌਸ਼ਨੀ ਖਿੜਕੀ ਜਾਂ ਦਰਵਾਜ਼ੇ ਤੋਂ ਬਾਹਰ ਨਾ ਜਾਵੇ। ਉਨ੍ਹਾਂ ਕਿਹਾ ਕਿ ਇਸ ਦੌਰਾਨ ਸੋਲਰ ਲਾਈਟਾਂ, ਸੀ.ਸੀ. ਟੀ.ਵੀ ਦੀਆਂ ਲਾਈਟਾਂ ਅਤੇ ਕਮਰਸ਼ੀਅਲ ਸਾਈਨ ਬੋਰਡਾਂ ਦੀਆਂ ਲਾਈਟਾਂ ਵੀ ਬੰਦ ਰੱਖੀਆਂ ਜਾਣ।

ਉਨ੍ਹਾਂ ਵਪਾਰ ਮੰਡਲ, ਦੁਕਾਨਦਾਰਾਂ, ਬੈਂਕਾਂ, ਏ.ਟੀ. ਐਮ ਕੇਂਦਰਾਂ ਅਤੇ ਮੋਬਾਇਲ ਟਾਵਰ ਓਪਰੇਟਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਦੌਰਾਨ ਸਾਰੇ ਬਾਹਰੀ ਅਤੇ ਆਟੋਮੈਟਿਕ ਲਾਈਟਿੰਗ ਸਿਸਟਮ ਬੰਦ ਰੱਖਣ ਤਾਂ ਜੋ ਪੂਰਨ ਹਨੇਰਾ ਯਕੀਨੀ ਬਣਾਇਆ ਜਾ ਸਕੇ। ਇਸੇ ਦੌਰਾਨ ਹੀ ਉਨ੍ਹਾਂ ਹਸਪਤਾਲਾਂ ਅਤੇ ਹੋਰ ਐਮਰਜੈਂਸੀ ਸੇਵਾਵਾਂ ਦੇਣ ਵਾਲੀਆਂ ਸੰਸਥਾਵਾਂ ਨੂੰ ਵੀ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਦੇ ਲਾਈਟਾਂ ਬੰਦ ਕਰਨਾ ਸੰਭਵ ਨਾ ਹੋਵੇ ਤਾਂ ਖਿੜਕੀਆਂ ਤੇ ਰੌਸ਼ਨਦਾਨਾਂ ਨੂੰ ਪਰਦਿਆਂ ਅਤੇ ਬਲੈਕ ਪੇਪਰ ਨਾਲ ਪੂਰੀ ਤਰ੍ਹਾਂ ਕਵਰ ਕੀਤਾ ਜਾਵੇ ਤਾਂ ਜੋ ਰੌਸ਼ਨੀ ਦੀ ਇੱਕ ਵੀ ਕਿਰਨ ਬਾਹਰ ਨਾ ਆਵੇ।

ਉਨ੍ਹਾਂ ਕਿਹਾ ਕਿ ਸਿਵਲ ਡਿਫੈਂਸ ਦੇ ਨਾਲ-ਨਾਲ ਸ਼ਹਿਰ ਦੇ ਸਮਾਜਿਕ ਸੰਗਠਨ, ਸਵੈ-ਸੇਵੀ ਸੰਸਥਾਵਾਂ ਜਿਨ੍ਹਾਂ ਨੇ ਪਹਿਲਾਂ ਵੀ ਪ੍ਰਸ਼ਾਸਨ ਦਾ ਸਹਿਯੋਗ ਦਿੱਤਾ ਹੈ, ਉਨ੍ਹਾਂ ਨੂੰ ਇਸ ਵਾਰ ਵੀ ਮੋਹਰੀ ਹਿੱਸੇਦਾਰੀ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਮੌਕ ਡਰਿੱਲ ਦੌਰਾਨ ਸਾਰੇ ਸਬੰਧਤ ਵਿਭਾਗਾਂ ਨੂੰ ਮੁਸਤੈਦ ਰਹਿਣਾ ਹੋਵੇਗਾ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਪ੍ਰਸਥਿਤੀ ਨਾਲ ਨਿਪਟਣ ਨੂੰ ਯਕੀਨੀ ਬਣਾਇਆ ਜਾ ਸਕੇ।

# ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਦਾ ਪੂਰੇ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ

## - ਡਿਪਟੀ ਕਮਿਸ਼ਨਰ ਸੰਗਰੂਰ ਨੇ ਮੁੱਖ ਮੰਤਰੀ ਪੰਜਾਬ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ, - ਕੈਬਨਿਟ ਮੰਤਰੀਆਂ ਅਤੇ ਸੰਸਦ ਮੈਂਬਰਾਂ ਨੇ ਵੀ ਵਿਛੜੀ ਆਤਮਾ ਨੂੰ ਸ਼ਰਧਾਂਜਲੀ ਭੇਟ ਕੀਤੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਦਲਜੀਤ ਕੌਰ



ਸੰਗਰੂਰ, 30 ਮਈ, 2025: ਸੰਗਰੂਰ ਦੇ ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਨੇ ਅੱਜ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਦੇ ਸਰੀਰ 'ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਉਨ੍ਹਾਂ ਦੇ ਜੱਦੀ ਪਿੰਡ ਉੱਭਾਵਾਲ ਵਿਖੇ ਅੰਤਿਮ ਸੰਸਕਾਰ ਦੌਰਾਨ ਉਨ੍ਹਾਂ ਦੀ ਦੇਹ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਸ੍ਰ ਢੀਂਡਸਾ ਨੇ ਲੰਬੀ ਬਿਮਾਰੀ ਤੋਂ ਬਾਅਦ ਬੁੱਧਵਾਰ ਸ਼ਾਮ ਨੂੰ ਮੋਹਾਲੀ ਦੇ ਇੱਕ ਨਿੱਜੀ ਹਸਪਤਾਲ ਵਿੱਚ ਆਖਰੀ ਸਾਹ ਲਿਆ।

ਇਸ ਦੌਰਾਨ, ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਅਮਨ ਅਰੋੜਾ ਅਤੇ ਲਾਲਜੀਤ ਸਿੰਘ ਭੁੱਲਰ, ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਅਤੇ ਮਾਲਵਿੰਦਰ ਸਿੰਘ ਕੰਗ ਤੋਂ ਇਲਾਵਾ ਪੰਜਾਬ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਨੇ ਸ੍ਰੀ ਢੀਂਡਸਾ ਨੂੰ ਅੰਤਿਮ ਸ਼ਰਧਾਂਜਲੀ ਭੇਟ ਕੀਤੀ।

ਡਿਪਟੀ ਕਮਿਸ਼ਨਰ ਨੇ ਮੁੱਖ ਮੰਤਰੀ ਵੱਲੋਂ ਦੁਖੀ ਪਰਿਵਾਰ ਪ੍ਰਤੀ ਸੰਵੇਦਨਾ ਪ੍ਰਗਟ ਕੀਤੀ ਅਤੇ ਵਿਛੜੀ ਆਤਮਾ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਤੋਂ ਬਾਅਦ, ਸਾਬਕਾ ਕੇਂਦਰੀ ਮੰਤਰੀ ਦਾ ਉਨ੍ਹਾਂ ਦੀ ਜੱਦੀ ਪਿੰਡ ਉਭਾਵਾਲ ਵਿਖੇ ਜੱਦੀ ਜ਼ਮੀਨ 'ਤੇ ਪੂਰੇ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ ਕੀਤਾ ਗਿਆ।

# ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਮੁੱਖ ਮੰਤਰੀ ਦੇ ਕਿਸਾਨ ਵਿਰੋਧੀ ਬਿਆਨ ਦੀ ਨਿਖੇਧੀ, ਆਗੂਆਂ ਦੇ ਕਾਰੋਬਾਰਾਂ ਦੀ ਜਾਂਚ ਕਰਵਾਉਣ ਦੀ ਕੀਤੀ ਮੰਗ,

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ INTERNATIONAL PAPER, 94636 01616 hardipchumber57@gmail.com

ਮਾਨਸਾ 30ਮਈ ( ਆਤਮਾ ਸਿੰਘ ਪਮਾਰ) ਪੰਜਾਬ ਦੇ ਮੁੱਖ ਮੰਤਰੀ ਵੱਲੋਂ ਕਿਸਾਨ ਜਥੇਬੰਦੀਆਂ ਨੂੰ ਕਿਸਾਨਾਂ ਦੇ ਨਾਮ ਤੇ ਕਾਰੋਬਾਰ ਚਲਾਉਣ ਵਾਲੇ ਕਹੇ ਹੋਏ ਸ਼ਬਦਾਂ ਦੀ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜਿਲ੍ਹਾ ਕਮੇਟੀ ਮਾਨਸਾ ਜਿੱਥੇ ਨਿਖੇਧੀ ਕੀਤੀ ਹੈ ਉੱਥੇ ਪੰਜਾਬ ਸਰਕਾਰ ਨੂੰ ਜੋਰਦਾਰ ਚੈਲੰਜ ਅਤੇ ਅਪੀਲ ਕਰਦੀ ਹੈ ਕਿ ਘੱਟੋ ਘੱਟ ਜਿਹੜੇ ਸ਼ਬਦਾਂ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੇ ਹਸਪਤਾਲਾਂ, ਮੈਰਿਜ ਪੈਲੇਸਾ ਅਤੇ ਹੋਰ ਵੱਡੇ ਕਾਰੋਬਾਰਾਂ ਵਿੱਚ ਹਿੱਸਾ ਹੈ ਉਸ ਦੀ ਪੜਤਾਲ ਸਰਕਾਰ ਫੌਰੀ ਕਰਵਾਵੇ ਘੱਟੋ ਘੱਟ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਪੜਤਾਲ ਜਰੂਰ ਕਰਵਾਵੇ ਜਥੇਬੰਦੀ ਪੜਤਾਲ ਵਿੱਚ ਪੂਰਾ ਸਹਿਯੋਗ ਕਰੇਗੀ ਅਤੇ ਸਵਾਗਤ ਕਰੂਗੀ।



ਜਥੇਬੰਦੀ ਦੇ ਜਿਲ੍ਹਾ ਪ੍ਰਧਾਨ ਰਾਮ ਸਿੰਘ ਭੈਣੀ ਬਾਘਾ ਜਿਲ੍ਹਾ ਜਨਰਲ ਸਕੱਤਰ ਇੰਦਰਜੀਤ ਸਿੰਘ ਝੱਬਰ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਸਾਡੀ ਸੂਬਾ ਲੀਡਰਸਿਪ ਪੂਰੀ ਇਮਾਨਦਾਰੀ ਨਾਲ ਜਥੇਬੰਦੀ ਨੂੰ ਚਲਾ ਰਹੀ ਹੈ ਕਿਸੇ ਵੀ ਆਗੂ ਦਾ ਖੇਤੀ ਤੋਂ ਬਿਨਾਂ ਹੋਰ ਕੋਈ ਕਾਰੋਬਾਰ ਨਹੀ ਹੈ ਪਰ ਜੇ ਸਰਕਾਰ ਕੋਲੋ ਕੋਈ ਠੋਸ ਸਬੂਤ ਹੈ ਤਾਂ ਉਹ ਜਨਤਕ ਕਰੇ। ਕਿਸਾਨ ਆਗੂਆਂ ਨੇ ਦੱਸਿਆ ਕਿ ਜਥੇਬੰਦੀਆਂ ਨੂੰ ਚਲਾਉਣ ਲਈ ਸਿਰਫ ਕਿਸਾਨਾਂ, ਮਜਦੂਰਾਂ ਤੋਂ ਹੀ ਫੰਡ ਲੈਂਦੀ ਹੈ ਜਿਸ ਦੇ ਰੱਖ ਰਖਾਉ ਲਈ ਪਿੰਡ ਕਮੇਟੀਆਂ ਤੋਂ ਲੈਕੇ ਸੂਬਾ ਕਮੇਟੀ ਤੱਕ ਬੈਂਕ ਖਾਤੇ ਖੁੱਲ੍ਹੇ ਹੋਏ ਹਨ ਜਿਸ ਦਾ ਬਕਾਇਦਾ 6 ਮਹੀਨਿਆਂ ਬਾਅਦ ਹਿਸਾਬ ਜਨਤਕ ਕੀਤਾ ਜਾਂਦਾ ਹੈ। ਫੰਡਾਂ ਦੇ ਨਾਲ ਕਿਸੇ ਵੀ ਆਗੂ ਦਾ ਕੋਈ ਕਾਰੋਬਾਰ ਨਹੀਂ ਚੱਲਦਾ ਜਿਥੋਂ ਤੱਕ ਮੁੱਖ ਮੰਤਰੀ ਨੇ ਕੱਲ ਬਠਿੰਡਾ ਵਿੱਚ ਇਹ ਕਿਹਾ ਕਿ ਕਿਸਾਨ ਜਥੇਬੰਦੀਆ ਨਾਲ ਕਿਸਾਨਾਂ ਦੇ ਮਸਲਿਆਂ ਦਾ ਕੋਈ ਸਰੋਕਾਰ ਨਹੀਂ ਹੈ ਜੋ ਸਿਰੇ ਦਾ ਝੂਠ ਹੈ। ਕਿਉਂਕਿ ਕਿਸਾਨ ਜਥੇਬੰਦੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਕਿਸਾਨਾਂ, ਮਜਦੂਰਾਂ ਸਿਰ ਚੜੇ ਕਰਜੇ ਖਤਮ ਕਰਨ, ਫਸਲਾਂ ਦੇ ਰੇਟ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾ ਮੁਤਾਬਿਕ 50% ਮੁਨਾਫੇ ਵਾਲੇ ਤਹਿ ਕੀਤੇ ਜਾਣ ਐਮ.ਐਸ. ਪੀ. ਗਾਰੰਟੀ ਕਾਨੂੰਨ ਬਣੇ ਹਰ ਖੇਤ ਨੂੰ ਨਹਿਰੀ ਪਾਣੀ ਦਿੱਤਾ ਜਾਵੇ ਕਿਸਾਨਾਂ ਦੀਆਂ ਜਬਰੀ ਜਮੀਨਾਂ ਨਾ ਰੋਕੀਆ ਜਾਣ, ਅਵਾਰਾਂ ਪਸ਼ੂਆ ਦੀ ਸਮੱਸਿਆ ਦਾ ਹੱਲ ਕੀਤਾ ਜਾਵੇ ਅੱਗਾਂ ਲੱਗਣ ਅਤੇ ਕੁਦਰਤੀ ਆਫਤਾਂ ਨਾਲ ਫਸਲਾ ਦੇ ਹੋਏ ਨੁਕਸਾਨ ਦਾ ਮੁਆਵਜਾ ਦਿੱਤਾ ਜਾਵੇ 60 ਸਾਲ ਦੀ ਉਮਰ ਤੋਂ ਕਿਸਾਨਾਂ, ਮਜਦੂਰਾਂ ਨੂੰ ਘੱਟੋ ਘੱਟ 10,000 ਰੁਪੈ ਪ੍ਰਤੀ ਮਹੀਨਾਂ ਪੈਨਸ਼ਨ ਦਿੱਤੀ ਜਾਵੇ ਕਾਰਪੋਰੇਟ ਘਰਾਣਿਆਂ ਨੂੰ ਬਿਜਲੀ ਜਮੀਨਾਂ ਅਤੇ ਦਰਿਆਈ ਪਾਣੀਆਂ ਤੇ ਕਬਜੇ ਕਰਨ ਤੋਂ ਰੋਕਿਆ ਜਾਵੇ ਪ੍ਰਚੂਨ ਖੇਤਰ ਵਿੱਚ ਵੱਡੀਆਂ ਕੰਪਨੀਆਂ ਦੇ ਵੱਡੇ ਮੌਲ ਖੋਲ ਕੇ ਪ੍ਰਚੂਨ ਖੇਤਰ ਵਿੱਚ ਕਾਰੋਬਾਰ ਕਰਕੇ ਆਪਣਾ ਗੁਜਾਰਾ ਕਰਨ ਵਾਲੇ ਛੋਟੇ ਦੁਕਾਨਦਾਰਾਂ ਨੂੰ ਉਜਾੜਨ ਵਾਲੇ ਫੈਸਲੇ ਰੋਕੇ ਜਾਣ। ਤਾਂ ਮੁੱਖ ਮੰਤਰੀ ਸਾਹਿਬ ਤੁਸੀ ਦੱਸੋ ਇਹ ਮਸਲਿਆਂ ਨੂੰ ਤੁਸੀਂ ਕਿਸ ਨਿਗ੍ਹਾਹ ਨਾਲ ਦੇਖਦੇ ਹੋ ਜੇਕਰ ਇਹ ਮਸਲੇ ਹੱਲ ਨਹੀਂ ਹੋਣਗੇ ਤਾਂ ਕਿਸੇ ਨਾ ਕਿਸੇ ਰੂਪ ਵਿੱਚ ਅੰਦੋਲਨ ਤਾਂ ਹੋਣਗੇ।

# ਮੁੱਖ ਮੰਤਰੀ ਦੀ ਬੁਖਲਾਹਟ ਕਿਸਾਨ ਜਥੇਬੰਦੀਆਂ ਦੀ ਚੜ੍ਹਤ ਦੀ ਪ੍ਰਤੀਕ: ਮਨਜੀਤ ਧਨੇਰ

## ਐਸਕੇਐਮ ਦੇ ਸੱਦੇ ਤੇ 2 ਜੂਨ ਨੂੰ ਜਗਰਾਉਂ ਵਿਖੇ ਗੂੰਜੇਗੀ ਜ਼ਬਰ ਖ਼ਿਲਾਫ਼ ਆਵਾਜ਼: ਹਰਨੇਕ ਮਹਿਮਾ, ਕਾਰਪੋਰੇਟਰਾਂ ਦੇ ਹਿੱਤਾਂ ਲਈ ਪੰਜਾਬ ਸਰਕਾਰ ਵੱਲੋਂ ਲੋਕਾਂ ਪ੍ਰਤੀ ਧਾਰਨ ਕੀਤਾ ਦੁਸਮਣਾਨਾ ਵਤੀਰਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ: ਗੁਰਦੀਪ ਰਾਮਪੁਰਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ INTERNATIONAL PAPER, 94636 01616 hardipchumber57@gmail.com

ਦਲਜੀਤ ਕੌਰ

ਚੰਡੀਗੜ੍ਹ, 30 ਮਈ, 2025: ਪੰਜਾਬ ਸਰਕਾਰ ਵੱਲੋਂ ਕਿਸਾਨ ਜਥੇਬੰਦੀਆਂ ਅਤੇ ਆਮ ਲੋਕਾਂ ਪ੍ਰਤੀ ਧਾਰਨ ਕੀਤੇ ਦੁਸ਼ਮਣ ਵਤੀਰੇ ਦਾ ਵਿਰੋਧ ਕਰਨ ਲਈ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ 2 ਜੂਨ ਨੂੰ ਜਗਰਾਉਂ ਵਿਖੇ ਜ਼ਬਰ ਵਿਰੋਧੀ ਧਰਨਾ ਅਤੇ ਮੁਜ਼ਾਹਰਾ ਕੀਤਾ ਜਾਵੇਗਾ।



ਇਹ ਜਾਣਕਾਰੀ ਦਿੰਦੇ ਹੋਏ ਭਾਰਤੀ ਕਿਸਾਨ ਯੂਨੀਅਨ ਏਕਤਾ-ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਦੱਸਿਆ ਕਿ ਕੇਂਦਰ ਸਰਕਾਰ ਦੇ ਇਸ਼ਾਰੇ ਤੇ ਕਾਰਪੋਰੇਟਰ ਪੱਖੀ ਏਜੰਡਾ ਲਾਗੂ ਕਰਨ ਲਈ ਪੰਜਾਬ ਸਰਕਾਰ ਨੇ ਪਹਿਲਾਂ 5 ਮਾਰਚ ਨੂੰ ਐੱਸਕੇਐੱਮ ਦੇ ਸੱਦੇ ਤੇ ਚੰਡੀਗੜ੍ਹ ਜਾ ਰਹੇ ਕਿਸਾਨਾਂ ਤੇ ਜ਼ਬਰ ਕੀਤਾ, ਫਿਰ 19 ਮਾਰਚ ਨੂੰ ਸ਼ੰਭੂ ਅਤੇ ਖਨੌਰੀ ਬਾਰਡਰਾਂ ਤੇ ਜ਼ਬਰ ਕੀਤਾ ਗਿਆ। ਲੁਧਿਆਣਾ ਜਿਲ੍ਹੇ ਵਿੱਚ ਪਿੰਡ ਅਖਾੜਾ, ਭੂੰਦੜੀ, ਮੁਸ਼ਕਾਬਾਦ, ਬੱਗੇ ਕਲਾਂ, ਭੋਗਪੁਰ, ਘੁੰਗਰਾਲੀ ਰਾਜਪੂਤਾਂ ਅਤੇ ਹੋਰ ਪਿੰਡਾਂ ਵਿੱਚ ਪਰਦੂਸ਼ਣ ਪੈਦਾ ਕਰਨ ਵਾਲੀਆਂ ਬਾਇਓ ਗੈਸ ਫੈਕਟਰੀਆਂ ਦੇ ਖ਼ਿਲਾਫ਼ ਲੜ ਰਹੇ ਲੋਕਾਂ ਤੇ ਵਾਰ ਵਾਰ ਜ਼ਬਰ ਕਰਕੇ ਉਹਨਾਂ ਦੇ ਮੋਰਚੇ ਪੱਟ ਦੇਣੇ, ਚਾਉਕੇ ਸਕੂਲ ਦੇ ਅਧਿਆਪਕਾਂ ਤੇ ਜ਼ਬਰ, ਸੰਗਰੂਰ ਵਿਖੇ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਤੇ ਹਮਲਾ ਕਰਨ ਵਾਲਿਆਂ ਨੂੰ ਗ੍ਰਿਫਤਾਰ ਨਾ ਕਰਨਾ, ਜਿਉਂਦ, ਬਠੋਈ ਕਲਾਂ, ਕੁੱਲਰੀਆਂ, ਸੀਡ ਫਾਰਮ ਅਬੋਹਰ ਅਤੇ ਹੋਰ ਥਾਵਾਂ ਤੇ ਜ਼ਮੀਨਾਂ ਤੇ ਕਬਜ਼ੇ ਕਰਨ ਲਈ ਕਿਸਾਨਾਂ ਤੇ ਜ਼ਬਰ ਕਰਨ ਤੋਂ ਇਲਾਵਾ ਭਾਰਤ ਮਾਲਾ ਪ੍ਰੋਜੈਕਟ ਲਈ ਜ਼ਮੀਨਾਂ ਦਾ ਕਬਜ਼ਾ ਖੋਹਣ ਲਈ ਵੀ ਲੋਕਾਂ ਤੇ ਜ਼ੁਲਮ ਢਾਹਿਆ ਜਾ ਰਿਹਾ ਹੈ।ਪੰਜਾਬ ਸਰਕਾਰ ਨੇ ਪੁਲਿਸ ਨੂੰ ਖੁੱਲ੍ਹੀਆਂ ਛੁੱਟੀਆਂ ਦੇ ਦਿੱਤੀਆਂ ਹਨ, ਜਿਸ ਕਾਰਨ ਲੋਕਾਂ ਦੇ ਘਰ ਢਾਹ ਦੇਣੇ ਅਤੇ ਇੱਕੋ ਜਿਹੀਆਂ ਕਹਾਣੀਆਂ ਵਾਲੇ ਝੂਠੇ ਪੁਲਿਸ ਮੁਕਾਬਲਿਆਂ ਦਾ ਵਰਤਾਰਾ ਜ਼ੋਰ ਫੜ ਰਿਹਾ ਹੈ। ਸੂਬਾ ਪ੍ਰਧਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨ ਅਤੇ ਮਜ਼ਦੂਰ, ਮੁਲਾਜ਼ਮ ਜਥੇਬੰਦੀਆਂ ਪ੍ਰਤੀ ਧਾਰਨ ਕੀਤੇ ਇਸ ਵਤੀਰੇ ਨੇ ਸਾਬਤ ਕਰ ਦਿੱਤਾ ਹੈ ਕਿ ਇਹ ਜਥੇਬੰਦੀਆਂ ਹੀ ਕਾਰਪੋਰੇਟ ਪੱਖੀ ਲੋਕ ਵਿਰੋਧੀ ਨੀਤੀਆਂ ਦੀਆਂ ਅਸਲ ਵਿਰੋਧੀ ਹਨ। ਇਸੇ ਕਰਕੇ ਮੁੱਖ ਮੰਤਰੀ ਨੂੰ ਇਹ ਜਥੇਬੰਦੀਆਂ ਸਭ ਤੋਂ ਵੱਧ ਖ਼ਤਰਨਾਕ ਦਿਖਾਈ ਦਿੰਦੀਆਂ ਹਨ ਅਤੇ ਉਹ ਬੁਖਲਾਹਟ ਵਿੱਚ ਆ ਕੇ ਹਰ ਰੋਜ਼ ਕਿਸਾਨ ਜਥੇਬੰਦੀਆਂ ਖ਼ਿਲਾਫ਼ ਉਲਟੇ ਸਿੱਧੇ ਬਿਆਨ ਦਾਗ਼ ਰਹੇ ਹਨ।

ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚਾ ਵਿੱਚ ਸ਼ਾਮਿਲ ਸਾਰੀਆਂ ਜਥੇਬੰਦੀਆਂ ਦੇ ਆਗੂ ਅਤੇ ਵਰਕਰ, ਜਗਰਾਉਂ ਵਾਲੇ ਇਸ ਜ਼ਬਰ ਵਿਰੋਧੀ ਪ੍ਰੋਗਰਾਮ ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਣਗੇ। ਇਸ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ।

ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕਿਸਾਨ ਜਥੇਬੰਦੀਆਂ ਦੇ ਖ਼ਿਲਾਫ਼ ਹਰ ਰੋਜ਼ ਉਲਟੇ ਸਿੱਧੇ ਬਿਆਨ ਦੇ ਰਹੇ ਹਨ ਕਿਉਂਕਿ ਇਹ ਕਿਸਾਨ-ਮਜਦੂਰ ਜਥੇਬੰਦੀਆਂ ਹੀ ਅਸਲ ਵਿੱਚ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੇ ਕਾਰਪੋਰੇਟ ਘਰਾਣਿਆਂ ਪੱਖੀ ਲੋਕ ਵਿਰੋਧੀ ਨੀਤੀਆਂ ਦੀਆਂ ਅਸਲ ਵਿਰੋਧੀ ਹਨ। ਉਨ੍ਹਾਂ ਨੇ ਦੱਸਿਆ ਕਿ ਸਾਡੀ ਜਥੇਬੰਦੀ ਨੇ ਮਾਰਚ 2023 ਦੌਰਾਨ ਪੰਜਾਬ ਸਰਕਾਰ ਨੂੰ ਭੇਜੇ ਖੇਤੀ ਨੀਤੀ ਸਬੰਧੀ ਸੁਝਾਵਾਂ ਵਿੱਚ ਡੈਮ ਸੇਫਟੀ ਐਕਟ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ।

ਜਥੇਬੰਦੀ ਦੀ ਸੂਬਾ ਕਮੇਟੀ ਸਮਝਦੀ ਹੈ ਕਿ ਕਿਸਾਨ ਜਥੇਬੰਦੀਆਂ, ਲੋਕਾਂ ਦੇ ਹੱਕਾਂ ਲਈ ਖੜ੍ਹਨ ਅਤੇ ਲੜਨ ਵਾਲੀ ਧਿਰ ਵਜੋਂ ਸਥਾਪਤ ਹੋ ਚੁੱਕੀਆਂ ਹਨ। ਇਹੀ ਸਥਾਪਤੀ ਮੁੱਖ ਮੰਤਰੀ ਨੂੰ ਰੜਕ ਰਹੀ ਹੈ। ਜਥੇਬੰਦੀ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਮੁੱਖ ਮੰਤਰੀ ਦੀ ਬੁਖ਼ਲਾਹਟ ਤੋਂ ਉਤੇਜਿਤ ਨਾ ਹੋਣ ਸਗੋਂ ਪੂਰੀ ਜਥੇਬੰਦਕ ਸੂਝ ਬੂਝ ਨਾਲ ਹਰ ਕਿਸਮ ਦੇ ਧੱਕੇ ਦਾ ਡੱਟ ਕੇ ਵਿਰੋਧ ਕਰਨ। 2 ਜੂਨ ਨੂੰ ਜਗਰਾਉਂ ਵਿਖੇ ਹੋਣ ਵਾਲਾ ਸੰਯੁਕਤ ਕਿਸਾਨ ਮੋਰਚੇ ਦਾ ਧਰਨਾ ਅਤੇ ਮੁਜ਼ਾਹਰਾ ਇਸ ਦਿਸ਼ਾ ਵਿੱਚ ਮੀਲ ਪੱਥਰ ਸਾਬਤ ਹੋਵੇਗਾ। ਇਸ ਲਈ ਸਾਰੇ ਕਿਸਾਨ-ਮਜ਼ਦੂਰ ਅਤੇ ਹੋਰ ਇਨਸਾਫ਼ ਪਸੰਦ ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ 2 ਜੂਨ ਨੂੰ ਹਰ ਹਾਲਤ ਵਿੱਚ ਜਗਰਾਉਂ ਕਾਫ਼ਲੇ ਬੰਨ੍ਹ ਕੇ ਪੁੱਜਣ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਵੱਲੋਂ 28ਵੇਂ ਸਥਾਪਨਾ ਦਿਵਸ 'ਤੇ ਸੂਬੇ ਭਰ 'ਚ ਜੱਥੇਬੰਦਕ ਕਨਵੈਨਸ਼ਨਾਂ ਦਾ ਫੈਸਲਾ ,,,: ਸੂਬਾ ਕਮੇਟੀ

## ਆਗੂਆਂ ਅਤੇ ਵਰਕਰਾਂ ਨੂੰ ਬੱਝਵੇਂ ਸੰਘਰਸ਼ਾਂ ਲਈ ਤਿਆਰ ਰਹਿਣ ਦਾ ਸੱਦਾ - ਗੋਇਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ INTERNATIONAL PAPER, 94636 01616 hardipchumber57@gmail.com

ਮਾਨਸਾ 30 ਮਈ ( ਆਤਮਾ ਸਿੰਘ ਪਮਾਰ ) ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾਈ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਮਾਨਸਾ , ਸੂਬਾ ਸਕੱਤਰ ਡਾ.ਗੁਰਮੇਲ ਮਾਛੀਕੇ, ਸਰਪ੍ਰਸਤ ਡਾ.ਸੁਰਜੀਤ ਸਿੰਘ ਲੁਧਿਆਣਾ, ਕੈਸ਼ੀਅਰ ਡਾ. ਰਾਕੇਸ਼ ਕੁਮਾਰ ਮਹਿਤਾ, ਸੀਨੀਅਰ ਮੀਤ ਪ੍ਰਧਾਨ ਸੀ. ਆਰ. ਸੰਕਰ ਫਾਜ਼ਿਲਕਾ, ਡਾ. ਜਸਵਿੰਦਰ ਸਿੰਘ ਖੀਵਾ ਫਰੀਦਕੋਟ, ਡਾ.ਅਵਤਾਰ ਸਿੰਘ ਬਟਾਲਾ, ਪ੍ਰੈਸ ਸਕੱਤਰ ਡਾ. ਚਮਕੌਰ ਸਿੰਘ ਲੁਧਿਆਣਾ, ਮੀਤ ਪ੍ਰਧਾਨ ਦਿਲਦਾਰ ਸਿੰਘ ਚਾਹਲ , ਸੂਬਾ ਐਡਵਾਈਜਰ ਡਾ. ਜਸਵਿੰਦਰ ਭੋਗਲ ਅਤੇ ਵਾਇਸ ਪ੍ਰਧਾਨ ਡਾ.ਅਰਜਿੰਦਰ ਸਿੰਘ ਕੋਹਾਲੀ ਸ੍ਰੀ ਅੰਮ੍ਰਿਤਸਰ ਸਾਹਿਬ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਪੂਰੇ ਸੂਬੇ ਅੰਦਰ ਆਪਣੇ 28ਵੇਂ ਸਥਾਪਨਾਂ ਦਿਵਸ ਦੇ ਮੱਦੇਨਜ਼ਰ ਜੱਥੇਬੰਦਕ ਕਨਵੈਂਸ਼ਨਾਂ ਕਰਵਾਏਗੀ । ਇਹਨਾਂ ਕਨਵੈਨਸ਼ਨਾ ਦਾ ਮੁੱਖ ਮਕਸਦ ਜਥੇਬੰਦਕ ਢਾਂਚੇ ਨੂੰ ਹੋਰ ਮਜ਼ਬੂਤ ਕਰਨਾ, ਜਥੇਬੰਦਕ ਸਕੂਲਿੰਗ ਕਰਨਾ ਹੋਵੇਗਾ ਤਾਂ ਕਿ ਆਪਣੇ ਕਿੱਤੇ ਦੀ ਰਾਖੀ ਲਈ ਸੰਘਰਸ਼ ਨੂੰ ਹੋਰ ਪ੍ਰਚੰਡ ਕੀਤਾ ਜਾ ਸਕੇ । ਜੱਥੇਬੰਦੀ ਦਾ 28 ਸਾਲਾਂ ਦਾ ਇਤਿਹਾਸ ਗੌਰਵਮਈ ਅਤੇ ਸ਼ਾਨਾਮੱਤਾ ਰਿਹਾ ਹੈ। ਇਸ ਸਮੇਂ ਦੌਰਾਨ ਜਿੱਥੇ ਸਰਕਾਰਾਂ ਅਤੇ ਵਿਰੋਧੀ ਲਾਬੀ ਵੱਲੋਂ ਸਾਡੇ ਕਿੱਤੇ ਉੱਪਰ ਹੋਏ ਹਮਲਿਆਂ ਖਿਲਾਫ ਦ੍ਰਿੜ ਸੰਘਰਸ਼ ਕਰਦਿਆਂ ਆਪਣੇ ਕਿੱਤੇ ਨੂੰ ਬਰਕਰਾਰ ਰੱਖਿਆ ਹੈ। ਉੱਥੇ ਮੈਡੀਕਲ ਪ੍ਰੈਕਟੀਸ਼ਨਰਾਂ ਦੀ ਕਾਨੂੰਨੀ ਮਾਨਤਾ ਦੀ ਮੰਗ ਨੂੰ ਬਹੁਤ ਸਾਰੀਆਂ ਸਿਆਸੀ ਪਾਰਟੀਆ ਦੇ ਚੋਣ ਮੈਨੀਫੈਸਟੋ ਦਾ ਹਿੱਸਾ ਬਣਾਉਣ 'ਚ ਕਾਮਯਾਬੀ ਵੀ ਹਾਸਿਲ ਕੀਤੀ ਹੈ। ਜੱਥੇਬੰਦੀ ਦੇ ਅਨੁਸ਼ਾਸਨਬੱਧ ਸੰਘਰਸ਼ ਅੱਗੇ ਝੁਕਦਿਆਂ ਅਕਾਲੀ ਭਾਜਪਾ ਸਰਕਾਰ ਵੱਲੋਂ 1999 ਵਿੱਚ ਮੈਡੀਕਲ ਸਰਵਿਸ ਪ੍ਰੋਵਾਇਡਰਜ ਦਾ ਸ਼ਾਰਟ ਟਰਮ ਕੋਰਸ ਲਿਆਂਦਾ ਸੀ ਜੋ ਕਿ ਭਾਵੇਂ ਕੁੱਝ ਕਾਨੂੰਨੀ ਅੜਚਣਾਂ ਕਾਰਣ ਲਾਗੂ ਨਹੀਂ ਹੋ ਸਕਿਆ। ਕੇਂਦਰ ਵੱਲੋਂ ਨੀਮ ਹਕੀਮ ਵਿਰੋਧੀ ਬਿੱਲ ਵਿਰੁੱਧ ਸੰਘਰਸ, ਰਾਜ ਸਰਕਾਰਾਂ ਦੇ ਕਿੱਤੇ ਉਜਾੜਨ ਦੇ ਹਰ ਮਨਸੂਬੇ ਖਿਲਾਫ ਸੰਘਰਸ਼ ਅਤੇ ਮੂੰਹ ਤੋੜਵਾਂ ਜਵਾਬ। ਇਸ ਜੱਦੋ ਜਹਿਦ ਸਦਕਾ ਜਥੇਬੰਦਕ ਢਾਂਚੇ ਵਿੱਚ ਚੇਤਨ ਅਤੇ ਜਾਬਤਾਬੱਧ ਆਗੂ ਟੀਮਾਂ ਵੀ ਹੋਂਦ 'ਚ ਆਈਆਂ। ਐਸੋਸੀਏਸਨ ਵਲੋਂ ਪਿਛਲੇ ਲੰਮੇ ਸਮੇਂ ਤੋਂ ਭਰੂਣ ਹੱਤਿਆ , ਦਾਜ ਦਹੇਜ਼ ਅਤੇ ਨਸ਼ਿਆਂ ਵਰਗੀਆਂ ਸਮਾਜਿਕ ਅਲਾਮਤਾਂ ਖਿਲਾਫ ਚੇਤਨਾ ਮਾਰਚ , ਸੈਮੀਨਾਰ ਅਤੇ ਨੁੱਕੜ ਮੀਟਿੰਗਾਂ ਕਰਵਾਈਆਂ ਗਈਆਂ। ਸਿਹਤ ਵਿਭਾਗ, ਜਨਤਕ ਅਤੇ ਸਮਾਜ ਸੇਵੀ ਸੰਸਥਾਵਾਂ ਨਾਲ ਸਾਂਝੇ ਤੌਰ ਤੇ ਵੀ ਨੈਸ਼ਨਲ ਪ੍ਰੋਗਰਾਮਾਂ ਪਲੱਸ ਪੋਲੀਓ , ਟੀ ਬੀ , ਪਰਿਵਾਰ ਨਿਯੋਜਨ, ਵੈਕਸੀਨ , ਰੁਬੇਲਾ , ਕਰੋਨਾ ਕਾਲ ਸਮੇਂ ਅਤੇ ਕੁਦਰਤੀ ਆਫ਼ਤਾਂ ਸਮੇਂ ਵੀ ਸਾਂਝੇ ਤੌਰ ਤੇ ਮਹੱਤਵਪੂਰਣ ਭੂਮਿਕਾ ਅਦਾ ਕੀਤੀ ਹੈ।

ਅੱਜ ਦੇ ਚੁਣੌਤੀਆਂ ਭਰੇ ਦੌਰ 'ਚ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਅਤੇ ਭਰਾਤਰੀ ਸਾਂਝ ਨੂੰ ਪਕੇਰਾ ਕਰਦਿਆਂ ਔਰਤਾਂ ਨੂੰ ਵੀ ਜਥੇਬੰਦ ਕਰਨ ਦੇ ਉਪਰਾਲੇ ਕਰਨ ਤੋਂ ਇਲਾਵਾ ਸਾਂਝੇ ਸੰਘਰਸ਼ਾਂ ਦੇ ਰਾਹ ਪੈਣਾ ਅਣਸਰਦੀ ਲੋੜ ਹੈ ।

ਜੱਥੇਬੰਦੀ ਦੇ ਦਬਾਅ ਸਦਕਾ ਹੀ ਡਾ.ਬਲਵੀਰ ਸਿੰਘ ਦੀ ਰਹਿਨੁਮਾਈ ਹੇਠ ਸੂਬਾ ਕਮੇਟੀ ਦੇ ਪੰਜ ਮੈਂਬਰੀ ਵਫਦ ਨਾਲ ਸਿਹਤ ਸਕੱਤਰ , ਸਿਹਤ ਡਾਇਰੈਕਟਰ ਅਤੇ ਆਹਲਾ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਹੋਈ ਪੈਨਲ ਮੀਟਿੰਗ ਵਿੱਚ ਵਿਚਾਰ ਵਟਾਂਦਰੇ ਉਪਰੰਤ ਸਿਹਤ ਮੰਤਰੀ ਵੱਲੋਂ ਸਬੰਧਤ ਅਧਿਕਾਰੀਆਂ ਨੂੰ ਸ਼ਾਰਟ ਟਰਮ ਕੋਰਸ ਸ਼ੁਰੂ ਕਰਨ ਦੇ ਆਦੇਸ਼ ਕੀਤੇ ਗਏ ਹਨ। ਪ੍ਰੰਤੂ ਛੇ ਮਹੀਨੇ ਬੀਤ ਜਾਣ ਦੇ ਬਾਵਜੂਦ ਵੀ ਕੋਈ ਅਮਲ ਸੁਰੂ ਨਹੀਂ ਹੋ ਸਕਿਆ। ਉਨ੍ਹਾਂ ਕਿਹਾ ਕਿ ਇਹ ਮਸਲਾ ਕਾਨੂੰਨੀ ਨੁਕਤਾ ਨਿਗਾਹ ਤੋਂ ਨਹੀਂ ਸਗੋਂ ਨਜ਼ਰ ਦੀ ਬਜਾਏ ਸਮਾਜਿਕਮਸਲੇ ਵਜੋਂ ਲੈਣਾ ਚਾਹੀਦਾ ਹੈ।

ਉਹਨਾਂ ਚਿਤਾਵਨੀ ਭਰੇ ਲਹਿਜ਼ੇ ਵਿੱਚ ਕਿਹਾ ਕਿ ਜੇਕਰ ਇਸ ਨੂੰ ਅਣਗੌਲਿਆ ਕੀਤਾ ਗਿਆ ਤਾਂ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਸੰਘਰਸ਼ ਦੀ ਰੂਪ ਰੇਖਾ ਕਨਵੈਨਸ਼ਨਾਂ ਦੌਰਾਨ ਉਲੀਕੀ ਜਾਵੇਗੀ । ਸੂਬਾ ਵਾਇਸ ਪ੍ਰਧਾਨ ਡਾ. ਗੁਰਦੀਪ ਸਿੰਘ ਘੁੱਦਾ ਅਤੇ ਗੁਲਜੀਤ ਸਿੰਘ , ਸਹਾਇਕ ਸਕੱਤਰ ਡਾ.ਸੁਖਚੈਨ ਸਿੰਘ ਬੇਪਾਰਾਏ , ਸਹਾਇਕ ਪ੍ਰੈਸ ਸਕੱਤਰ ਡਾ.ਸਤਵੀਰ ਸਿੰਘ ਮਿਰਜੇ ਕੇ, ਵਾਈਸ ਚੇਅਰਮੈਨ ਡਾ. ਪਲਜਿੰਦਰ ਸਿੰਘ ਮੁਹਾਲੀ, ਵਾਇਸ ਪ੍ਰਧਾਨ ਡਾ.ਪੰਕਜ ਅੱਗਰਵਾਲ, ਸੂਬਾ ਆਗੂ ਡਾ.ਆਨੰਦ ਵਾਲੀਆਂ , ਡਾ. ਅਵਤਾਰ ਸਿੰਘ ਸੰਗਰੂਰ , ਡਾ. ਸਵਰਨ ਸਿੰਘ ਮੋਗਾ , ਸਹਾਇਕ ਕੈਸ਼ੀਅਰ ਵੈਦ ਤਾਰਾ ਚੰਦ ਭਾਵਾ, ਸਹਾਇਕ ਸਕੱਤਰ ਡਾ.ਰਣਜੀਤ ਸਿੰਘ ਸੋਹੀ , ਸਹਾਇਕ ਸਲਾਹਕਾਰ ਡਾ.ਰਵਿੰਦਰ ਸ਼ਰਮਾ, ਡਾ. ਤਿਲਕ ਰਾਜ ਕੰਬੋਜ, ਡਾ.ਰਾਕੇਸ਼ ਕੁਮਾਰ ਬੱਸੀ, ਡਾ.ਧਰਮਪਾਲ ਔੜ , ਡਾ ਜਰਨੈਲ ਸਿੰਘ ਡੋਡ, ਡਾ. ਮੁਖਤਿਆਰ ਸਿੰਘ ਚੇਤਨਪੁਰਾ, ਡਾ.ਸੱਤ ਪਾਲ ਰਿਸ਼ੀ, ਸਲਾਹਕਾਰ , ਡਾ.ਬਲਵੀਰ ਸਿੰਘ ਮੋਹਾਲੀ , ਮਨਜੀਤ ਸਿੰਘ ਗੋਬਿੰਦਗੜ੍ਹ , ਡਾ. ਟੋਨੀ ਗੌਤਮ, ਡਾ. ਮੇਵਾ ਸਿੰਘ ਬਰਾੜ, ਡਾ. ਕਸ਼ਮੀਰ ਸਿੰਘ ਢਿੱਲੋਂ, ਡਾ.ਦਲਬੀਰ ਸਿੰਘ ਧੰਜੂ, ਡਾ.ਨਛੱਤਰ ਸਿੰਘ ਚੀਮਾ, ਡਾ.ਗੁਰਦੀਪ ਸਿੰਘ ਕਲਸੀਆਂ, ਡਾ.ਰਾਜ ਕਿਸ਼ਨ ਜੋਸ਼ਨ , ਡਾ. ਅਮ੍ਰਿਤਵੀਰ ਸਿੰਘ ਸਿੱਧੂ, ਡਾ.ਜੱਗਾ ਸਿੰਘ ਮੌੜ, ਡਾ. ਹਰਭਜਨ ਕੰਬੋਜ , ਡਾ ਪਿਆਰਾ ਸਿੰਘ ਹੰਭੇਵਾਲ ਆਦਿ ਸੀਨੀਅਰ ਆਗੂਆਂ ਨੇ ਪੰਜਾਬ ਦੇ ਸਮੂਹ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਐਸੋਸ਼ੀਏਸ਼ਨ ਦੀ 28ਵੀਂ ਵਰੇਗੰਢ ਮੌਕੇ ਇਨਕਲਾਬੀ ਮੁਬਾਰਕਾਂ ਦਿੱਤੀਆਂ ਅਤੇ ਜਥੇਬੰਦੀ ਦੀ ਮਜ਼ਬੂਤੀ ਅਤੇ ਬਿਹਤਰੀ ਲਈ ਅਤੇ ਜਥੇਬੰਦੀ ਦੀ ਰਜਿਸਟ੍ਰੇਸ਼ਨ ਨੰਬਰ 295 ਸਬੰਧੀ ਜਥੇਬੰਦੀ, ਆਗੂਆਂ ਪ੍ਰਤੀ ਗੁਮਰਾਹਕੁਨ ਪ੍ਰਚਾਰ ਕਰਨ ਵਾਲਿਆਂ ਨੂੰ ਜਾਬਤੇ ਵਿੱਚ ਰਹਿੰਦਿਆਂ ਭਰਾਤਰੀ ਸਾਂਝ ਨੂੰ ਹੋਰ ਪਕੇਰਾ ਕਰਦਿਆ ਤਨਦੇਹੀ ਨਾਲ ਕੰਮ ਕਰਨ ਦਾ ਸੱਦਾ ਦਿੱਤਾ।

# ਨਸ਼ਾ ਮੁਕਤੀ ਯਾਤਰਾ ਅਧੀਨ ਵੱਖ-ਵੱਖ ਪਿੰਡਾਂ ਦੇ ਲੋਕਾਂ ਨੂੰ ਨਸ਼ਿਆਂ ਦੇ ਖਾਤਮੇ ਦੀ ਚੁਕਾਈ ਸਹੁੰ

## ਪਿੰਡ ਚੱਠੇ ਸੇਖਵਾਂ, ਉਪਲੀ ਅਤੇ ਸਿਬੀਆ ਵਿਖੇ ਡਿਫੈਂਸ ਕਮੇਟੀਆਂ ਦੀਆਂ ਮੀਟਿੰਗਾਂ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com




ਦਲਜੀਤ ਕੌਰ

ਸੰਗਰੂਰ, 30 ਮਈ, 2025: ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ, ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਸੂਬੇ ਦੇ ਲੋਕਾਂ ਵੱਲੋਂ ਭਰਵਾਂ ਸਹਿਯੋਗ ਦਿੱਤਾ ਜਾ ਰਿਹਾ ਹੈ ਅਤੇ ਇਸੇ ਮੁਹਿੰਮ ਤਹਿਤ ਚਲਾਈ ਜਾ ਰਹੀ ਨਸ਼ਾ ਮੁਕਤੀ ਯਾਤਰਾ ਦੇ ਸਾਰਥਿਕ ਸਿੱਟੇ ਨਿਕਲ ਰਹੇ ਹਨ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬੀ.ਡੀ.ਪੀ.ਓ. ਗੁਰਦਰਸ਼ਨ ਸਿੰਘ ਨੇ ਪਿੰਡ ਚੱਠੇ ਸੇਖਵਾਂ, ਉਪਲੀ ਅਤੇ ਸਿਬੀਆ ਵਿਖੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਦੀ ਅਗਵਾਈ ਵਿੱਚ ਨਸ਼ਾ ਮੁਕਤੀ ਯਾਤਰਾ ਦੌਰਾਨ ਪਿੰਡਾਂ ਦੀਆਂ ਡਿਫੈਂਸ ਕਮੇਟੀਆਂ, ਪੰਚਾਇਤਾਂ ਤੇ ਨੌਜਵਾਨ ਕਲੱਬਾਂ ਦੇ ਮੈਂਬਰਾਂ ਨਾਲ ਮੀਟਿੰਗਾਂ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੀ ਬਿਹਤਰੀ ਲਈ ਕੀਤੇ ਜਾ ਰਹੇ ਕੰਮਾਂ ਵਿੱਚ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ ਅਤੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਕਰਨੀ ਅੱਜ ਦੀ ਸਭ ਤੋਂ ਵੱਡੀ ਲੋੜ ਹੈ।

ਬੀ.ਡੀ.ਪੀ.ਓ. ਨੇ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦੇ ਖਾਤਮੇ ਲਈ ਲੜੀ ਜਾ ਰਹੀ ਜੰਗ ਵਿੱਚ ਵੱਧ ਚੜ੍ਹ ਕੇ ਸਹਿਯੋਗ ਦਿੱਤਾ ਜਾਵੇ ਅਤੇ ਨਸ਼ਿਆਂ ਦੇ ਸੌਦਾਗਰਾਂ ਬਾਰੇ ਪੁਲਿਸ ਨੂੰ ਸੂਚਿਤ ਕੀਤਾ ਜਾਵੇ ਤਾਂ ਜੋ ਸੂਬੇ ਦੀ ਜਵਾਨੀ ਨੂੰ ਨਸ਼ਿਆਂ ਦੀ ਦਲਦਲ ਵਿੱਚ ਫਸਾਉਣ ਵਾਲਿਆਂ ਨੂੰ ਜੇਲ੍ਹਾਂ ਅੰਦਰ ਡੱਕਿਆ ਜਾ ਸਕੇ। ਉਹਨਾਂ ਨੇ ਇਸ ਮੌਕੇ ਪਿੰਡਾਂ ਦੇ ਲੋਕਾਂ ਨੂੰ ਨਸ਼ਿਆਂ ਦੇ ਖਾਤਮੇ ਲਈ ਪ੍ਰਣ ਵੀ ਦਿਵਾਇਆ।

ਬੀ.ਡੀ.ਪੀ.ਓ. ਨੇ ਕਿਹਾ ਕਿ ਨਸ਼ਾ ਇੱਕ ਕੋਹੜ ਹੈ ਇਸ ਤੋਂ ਹਰੇਕ ਨੌਜਵਾਨ ਨੂੰ ਬਚਣ ਦੀ ਲੋੜ ਹੈ। ਅਕਸਰ ਹੀ ਗਲਤ ਜਾਣਕਾਰੀ ਅਤੇ ਕੁਝ ਪਲਾਂ ਦੇ ਸਕੂਨ ਕਾਰਨ ਨੌਜਵਾਨ ਇਸ ਗਲਤ ਰਾਹ ਦਾ ਸ਼ਿਕਾਰ ਹੋ ਜਾਂਦੇ ਹਨ ਪਰ ਹੁਣ ਪਿੰਡ ਪੱਧਰ ‘ਤੇ ਡਿਫੈਂਸ ਕਮੇਟੀਆਂ ਨੂੰ ਵੀ ਜ਼ਿੰਮੇਵਾਰੀ ਦਿੱਤੀ ਗਈ ਹੈ ਕਿ ਉਹ ਨੌਜਵਾਨਾਂ ਨੂੰ ਸਹੀ ਗਾਈਡ ਕਰਨ ਅਤੇ ਖੇਡ ਗਰਾਊਂਡਾਂ ਨਾਲ ਜੋੜ ਕੇ ਉਹਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ। ਪੰਜਾਬ ਵਿੱਚ ਨਸ਼ਿਆਂ ਦਾ ਮੁਕੰਮਲ ਖਾਤਮਾ ਕਰਨ ਲਈ ਪੰਜਾਬ ਸਰਕਾਰ ਦਿਨ ਰਾਤ ਯਤਨਸ਼ੀਲ ਹੈ।

ਇਸ ਮੌਕੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਦੇ ਪੀ.ਏ.ਸੰਜੀਵ ਕੁਮਾਰ, ਕੁਲਦੀਪ ਕੌਰ ਸਿਹਤ ਵਿਭਾਗ, ਦਰਸ਼ਨ ਸਿੰਘ ਸਰਪੰਚ ਚੱਠੇ ਸੇਖਵਾਂ, ਜੰਗੀਰ ਸਿੰਘ ਸਰਪੰਚ ਉੱਪਲੀ, ਹਾਕਮ ਸਿੰਘ ਸਰਪੰਚ ਸਿਬੀਆ, ਮਨਪ੍ਰੀਤ ਸਿੰਘ ਮਨੀ, ਗੁਰਦੀਪ ਸਿੰਘ, ਸ਼੍ਰੀ ਸ਼ਿਵ, ਅਵਤਾਰ ਸਿੰਘ ਉੱਪਲੀ, ਕੁਲਦੀਪ ਸਿੰਘ ਪੰਚ, ਤਰਸੇਮ ਗਿਰ, ਨਰਿੰਦਰ ਸਿੰਘ, ਕੁਲਜੀਤ ਸਿੰਘ ਸਿਬੀਆ, ਸੰਦੀਪ ਸਿੰਘ ਦੁੱਗਾਂ, ਮਨਿੰਦਰ ਸਿੰਘ ਸਰਪੰਚ ਲਖਮੀਰਵਾਲਾ, ਪਰਮਜੀਤ ਸਿੰਘ ਧਾਲੀਵਾਲ, ਇੰਚਾਰਜ ਜਗਤਾਰ ਸਿੰਘ ਸਦਰ ਸੰਗਰੂਰ, ਸਮੇਤ ਵੱਖੋ ਵੱਖ ਵਿਭਾਗਾਂ ਦੇ ਅਧਿਕਾਰੀ, ਡਿਫੈਂਸ ਕਮੇਟੀਆਂ ਦੇ ਮੈਂਬਰ ਅਤੇ ਵੱਡੀ ਗਿਣਤੀ ਲੋਕ ਹਾਜ਼ਰ ਸਨ।

# ਹੁਸ਼ਿਆਰਪੁਰ ਜ਼ਿਲ੍ਹੇ ’ਚ ਮੁੜ ਤੋਂ ਹੋਵੇਗੀ ਮੌਕ ਡਰਿੱਲ - ਆਸ਼ਿਕਾ ਜੈਨ

## -ਸ਼ਾਮ 7:58 ‘ਤੇ ਵੱਜੇਗਾ ਸਾਇਰਨ, 8 ਵਜੇ ਤੋਂ 8:15 ਵਜੇ ਤੱਕ 15 ਮਿੰਟ ਦਾ ਹੋਵੇਗਾ ਬਲੈਕ ਆਊਟ, -ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਫਵਾਹਾਂ ਤੋਂ ਬਚਣ ਅਤੇ ਸਹਿਯੋਗ ਦੀ ਕੀਤੀ ਅਪੀਲ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com




ਹੁਸ਼ਿਆਰਪੁਰ, 30 ਮਈ :(ਬਲਵੀਰ ਚੌਂਪੜਾ)

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ 31 ਮਈ ਨੂੰ ਸ਼ਾਮ 8 ਵਜੇ ਤੋਂ 8:15 ਵਜੇ ਤੱਕ ਜ਼ਿਲ੍ਹੇ ਭਰ ਵਿਚ ਬਲੈਕ ਆਊਟ ਦੀ ਮੋਕ ਡਰਿੱਲ ਕਰਵਾਈ ਜਾਵੇਗੀ। ਇਸ ਸਬੰਧ ਵਿਚ ਅੱਜ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜਾਣਕਾਰੀ ਦਿੱਤੀ ਕਿ ਮੋਕ ਡਰਿੱਲ ਇਕ ਰੁਟੀਨ ਅਭਿਆਸ ਹੈ, ਜਿਸ ਦਾ ਉਦੇਸ਼ ਨਾਗਰਿਕ ਸੁਰੱਖਿਆ (ਸਿਵਲ ਡਿਫੈਂਸ) ਦੀਆਂ ਤਿਆਰੀਆਂ ਨੂੰ ਜਾਚਣਾ ਅਤੇ ਮਜ਼ਬੂਤ ਕਰਨਾ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਹਿਲਾਂ ਸ਼ਾਮ 7:58 ਵਜੇ ਪੂਰੇ ਜ਼ਿਲ੍ਹੇ ਵਿਚ ਸਾਇਰਨ ਵਜਾਇਆ ਜਾਵੇਗਾ, ਜਿਸ ਨਾਲ ਲੋਕਾਂ ਨੂੰ ਮੌਕ ਡਰਿੱਲ ਸ਼ੁਰੂ ਹੋਣ ਦਾ ਸੰਕੇਤ ਮਿਲੇਗਾ। ਇਸ ਉਪਰੰਤ ਸ਼ਾਮ 8 ਵਜੇ ਤੋਂ ਲੈ ਕੇ 8:15 ਵਜੇ ਤੱਕ ਪੂਰਨ ਬਲੈਕਆਊਟ ਰਹੇਗਾ। ਇਸ ਦੌਰਾਨ ਪੂਰੇ ਸ਼ਹਿਰ ਦੀ ਬਿਜਲੀ ਬੰਦ ਕਰ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ 31 ਮਈ ਨੂੰ ਦਿਨ ਵੇਲੇ ਦਸੂਹਾ ਵਿਚ ਸੰਕਟਕਾਲੀਨ ਸਥਿਤੀ ਸਬੰਧੀ ਅਭਿਆਸ ਵੀ ਕੀਤਾ ਜਾਵੇਗਾ।

ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਮਹਿਜ਼ ਇਕ ਪੂਰਵ ਨਿਯੋਜਿਤ ਅਭਿਆਸ ਹੈ ਅਤੇ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਕਿਸੇ ਵੀ ਤਰ੍ਹਾਂ ਦੀ ਅਫ਼ਵਾਹ ਨਾ ਫੈਲਾਉਣ ਅਤੇ ਨਾ ਹੀ ਘਬਰਾਉਣ। ਉਨ੍ਹਾਂ ਕਿਹਾ ਕਿ ਨਾਗਰਿਕਾਂ ਨੂੰ ਮੌਕ ਡਰਿੱਲ ਵਿਚ ਸਹਿਯੋਗ ਕਰਦੇ ਹੋਏ ਸ਼ਾਂਤੀਪੂਰਨ ਢੰਗ ਨਾਲ ਹਿੱਸਾ ਲੈਣਾ ਚਾਹੀਦਾ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਸਮੇਂ ਦੌਰਾਨ ਘਰਾਂ ਦੇ ਇਨਵਰਟਰ ਤੇ ਜਨਰੇਟਰ ਬੰਦ ਰੱਖਣ। ਜੇਕਰ ਕਿਸੇ ਜ਼ਰੂਰੀ ਕਾਰਨ ਕਰਕੇ ਇਨ੍ਹਾਂ ਨੂੰ ਚਾਲੂ ਰੱਖਣਾ ਪਵੇ, ਤਾਂ ਯਕੀਨੀ ਬਣਾਉਣ ਕਿ ਲਾਈਟ ਦੀ ਰੋਸ਼ਨੀ ਖਿੜਕੀ ਜਾਂ ਦਰਵਾਜ਼ੇ ਤੋਂ ਬਾਹਰ ਨਾ ਜਾਵੇ। ਉਨ੍ਹਾਂ ਕਿਹਾ ਕਿ ਇਸ ਦੌਰਾਨ ਸੋਲਰ ਲਾਈਟਾਂ, ਸੀ.ਸੀ. ਟੀ.ਵੀ ਦੀਆਂ ਲਾਈਟਾਂ ਅਤੇ ਕਮਰਸ਼ੀਅਲ ਸਾਈਨ ਬੋਰਡਾਂ ਦੀਆਂ ਲਾਈਟਾਂ ਵੀ ਬੰਦ ਰੱਖੀਆਂ ਜਾਣ।

ਉਨ੍ਹਾਂ ਵਪਾਰ ਮੰਡਲ, ਦੁਕਾਨਦਾਰਾਂ, ਬੈਂਕਾਂ, ਏ.ਟੀ. ਐਮ ਕੇਂਦਰਾਂ ਅਤੇ ਮੋਬਾਇਲ ਟਾਵਰ ਓਪਰੇਟਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਦੌਰਾਨ ਸਾਰੇ ਬਾਹਰੀ ਅਤੇ ਆਟੋਮੈਟਿਕ ਲਾਈਟਿੰਗ ਸਿਸਟਮ ਬੰਦ ਰੱਖਣ ਤਾਂ ਜੋ ਪੂਰਨ ਹਨੇਰਾ ਯਕੀਨੀ ਬਣਾਇਆ ਜਾ ਸਕੇ।

ਸਿਵਲ ਡਿਫੈਂਸ ਦੇ ਨਾਲ-ਨਾਲ ਜ਼ਿਲ੍ਹੇ ਦੇ ਸਮਾਜਿਕ ਸੰਗਠਨ, ਸਵੈ-ਸੇਵੀ ਸੰਸਥਾਵਾਂ ਜਿਨ੍ਹਾਂ ਨੇ ਪਹਿਲਾਂ ਵੀ ਪ੍ਰਸ਼ਾਸਨ ਦਾ ਸਹਿਯੋਗ ਦਿੱਤਾ ਹੈ, ਉਨ੍ਹਾਂ ਨੂੰ ਇਸ ਵਾਰ ਵੀ ਮੋਹਰੀ ਹਿੱਸੇਦਾਰੀ ਦੀ ਅਪੀਲ ਕੀਤੀ ਗਈ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੌਕ ਡਰਿੱਲ ਦੌਰਾਨ ਸਾਰੇ ਸਬੰਧਤ ਵਿਭਾਗਾਂ ਨੂੰ ਮੁਸਤੈਦ ਰਹਿਣਾ ਹੋਵੇਗਾ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਪ੍ਰਸਥਿਤੀ ਨਾਲ ਨਿਪਟਣ ਲਈ ਤਤਪਰ ਯਕੀਨੀ ਬਣਾਇਆ ਜਾ ਸਕੇ।

ਇਸ ਮੀਟਿੰਗ ਵਿਚ ਵਧੀਕ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ, ਐਸ.ਡੀ. ਐਮ. ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ, ਸਹਾਇਕ ਕਮਿਸ਼ਨਰ ਪਰਮਪ੍ਰੀਤ ਸਿੰਘ, ਆਰ.ਟੀ.ਓ ਸੰਜੀਵ ਕੁਮਾਰ, ਡੀ.ਐਸ.ਪੀ ਮਨਪ੍ਰੀਤ ਸ਼ੀਮਾਰ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਨੌਜਵਾਨ ਅਧਿਆਪਕ ਨਰਿੰਦਰ ਦੀਪ ਸਿੰਘ ਦਾ ਪੁਲਿਸ ਵੱਲੋਂ ਤਸ਼ੱਦਦ ਕਰਕੇ ਕਤਲ: ਇਨਕਲਾਬੀ ਕੇਂਦਰ

## ਇਨਕਲਾਬੀ ਕੇਂਦਰ ਪੰਜਾਬ ਵੱਲੋਂ ਪੰਜਾਬ ਪੁਲਿਸ ਦੇ ਵਰਦੀਧਾਰੀ ਕਾਤਲ ਗ੍ਰੋਹ ਖਿਲਾਫ਼ ਸੰਘਰਸ਼ ਵਿੱਚ ਨਿੱਤਰਨ ਦਾ ਸੱਦਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com





ਦਲਜੀਤ ਕੌਰ

ਚੰਡੀਗੜ੍ਹ, 30 ਮਈ, 2025: ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਸਾਥੀ ਨਰਾਇਣ ਦੱਤ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਲਿਖਤੀ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਨੌਜਵਾਨ ਅਧਿਆਪਕ ਨਰਿੰਦਰ ਦੀਪ ਸਿੰਘ ਨੂੰ ਸੀਆਈਏ-2 ਦੀ ਪੁਲੀਸ ਨੇ ਤਸੀਹੇ ਦੇ ਕੇ ਮਾਰ ਦਿੱਤਾ ਹੈ। ਪਰਿਵਾਰਕ ਮੈਂਬਰਾਂ ਅਤੇ ਕੇਸ ‘ਚ ਫਰਾਰ ਚੱਲ ਰਹੇ ਕਥਿਤ ਮੁਲਜ਼ਮ ਗਗਨਦੀਪ ਨੇ ਪੁਲੀਸ ਉਪਰ ਨਰਿੰਦਰ ਦੀਪ ਸਿੰਘ ਨੂੰ ਤਸ਼ੱਦਦ ਕਰਕੇ ਕਤਲ ਕਰਨ ਦੇ ਗੰਭੀਰ ਦੋਸ਼ ਲਗਾਏ ਹਨ। ਪੋਸਟਮਾਰਟਮ ਦੀ ਰਿਪੋਰਟ ਵੀ ਕਾਫ਼ੀ ਕੁੱਝ ਬਿਆਨ ਕਰ ਰਹੀ ਹੈ।

ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਸਾਥੀ ਨਰਾਇਣ ਦੱਤ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਹੁਣ ਤੱਕ ਪੰਜਾਬ ਪੁਲੀਸ ਨਰਿੰਦਰ ਦੀਪ ਸਿੰਘ ਦਾ ਕਸੂਰ ਵੀ ਨਹੀਂ ਦੱਸ ਸਕੀ ਕਿ ਆਖਰ ਅਜਿਹਾ ਕਿਉਂ ਹੋਇਆ? ਇਨਸਾਫ਼ ਦੇਣ ਦੀ ਥਾਂ ਪਰਿਵਾਰ ‘ਤੇ ਕਈ ਤਰ੍ਹਾਂ ਦੇ ਦਬਾਅ ਬਣਾਏ ਜਾ ਰਹੇ ਹਨ। ਇਸ ਸਾਰੇ ਮਾਮਲੇ ‘ਚ ਪੰਜਾਬ ਸਰਕਾਰ ਵੱਲੋਂ ਸਾਧੀ ਚੁੱਪੀ ਵੀ ਗੰਭੀਰ ਸਵਾਲਾਂ ਦੇ ਘੇਰੇ ਵਿੱਚ ਹੈ। ਬਠਿੰਡੇ ਪਹੁੰਚੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨ ਜਥੇਬੰਦੀਆਂ ਅਤੇ ਵਿਰੋਧੀ ਪਾਰਟੀਆਂ ਨੂੰ ਖੂਬ ਭੰਡਿਆ ਪਰ ਦਸ ਕਿਲੋਮੀਟਰ ਦੀ ਦੂਰੀ ਤੇ ਨਰਿੰਦਰ ਦੀਪ ਸਿੰਘ ਦੇ ਪਰਿਵਾਰ ਨਾਲ ਗੋਨਿਆਣਾ ਮੰਡੀ ਦੁੱਖ ਸਾਂਝਾ ਕਰਨ ਦਾ ਸਮਾਂ ਕਿਉਂ ਨਹੀਂ ਕੱਢ ਸਕਿਆ? ਨਿੱਕੀ ਨਿੱਕੀ ਗੱਲ ‘ਤੇ ਟਵੀਟ ਕਰਨ ਵਾਲੇ ਪੰਜਾਬ ਦੇ ਡੀਜੀਪੀ ਦੀ ਟਿੱਪਣੀ ਕਿਉਂ ਨਹੀਂ ਆਈ ? ਵਿਰੋਧੀ ਧਿਰਾਂ ਦੀ ਇਸ ਮਾਮਲੇ ‘ਤੇਖਾਮੋਸ਼ੀ ਵੀ ਸਵਾਲਾਂ ਦੇ ਘੇਰੇ ਵਿੱਚ ਹੈ?

ਇਨਕਲਾਬੀ ਕੇਂਦਰ ਦੇ ਆਗੂਆਂ ਮੁਖਤਿਆਰ ਪੂਹਲਾ, ਜਗਜੀਤ ਸਿੰਘ ਲਹਿਰਾ ਮੁਹੱਬਤ ਅਤੇ ਜਸਵੰਤ ਜੀਰਖ ਨੇ ਮੰਗ ਕੀਤੀ ਕਿ ਪੰਜਾਬ ਹਰਿਆਣਾ ਹਾਈਕੋਰਟ ਨੂੰ ਅਜਿਹੇ ਮਾਮਲਿਆਂ ‘ਤੇ ਸੂ-ਮੋਟੋ ਨੋਟਿਸ ਲੈਣਾ ਚਾਹੀਦਾ ਹੈ। ਨਰਿੰਦਰ ਦੀਪ ਸਿੰਘ ਦੇ ਪ੍ਰੀਵਾਰ ਨੂੰ ਇਨਸਾਫ਼ ਦਿਵਾਉਣ ਲਈ ਇਨਸਾਫ਼ ਪਸੰਦ ਲੋਕ ਅੱਗੇ ਆ ਰਹੇ ਹਨ। ਦੂਜੇ ਪਾਸੇ ਇਸ ਸਭ ਕੁੱਝ ਦੇ ਬਾਵਜੂਦ ਗੋਨਿਆਣਾ ਮੰਡੀ ਦੇ ਲੋਕ ਅਤੇ ਇਨਸਾਫ਼ਪਸੰਦ ਜਥੇਬੰਦੀਆਂ ਨੇ ਨਰਿੰਦਰ ਦੀਪ ਸਿੰਘ ਦੇ ਪ੍ਰੀਵਾਰ ਨੂੰ ਇਨਸਾਫ਼ ਦਿਵਾਉਣ ਦਾ ਫ਼ੈਸਲਾ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਸੰਘਰਸ਼ ਦੀ ਮੁੱਢਲੀ ਕੜੀ ਵਜੋਂ ਮ੍ਰਿਤਕ ਨਰਿੰਦਰ ਦੀਪ ਸਿੰਘ ਦੇ ਸਰਕਾਰੀ ਕਤਲ ਖਿਲਾਫ਼ ਅੱਜ ਗੋਨਿਆਣਾ ਮੰਡੀ ‘ਚ ਰੋਸ ਵਜੋਂ ਸਮੂਹ ਲੋਕਾਂ ਨੇ ਬੰਦ ਰੱਖਿਆ ਤੇ ਇਨਸਾਫ਼ ਪਸੰਦ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਹੈ। ਕੱਲ੍ਹ ਬਠਿੰਡਾ ਪੁਲਿਸ ਵੱਲੋਂ ਕੀਤੇ ਗਏ ਵਹਿਸ਼ੀ ਕਤਲ ਖਿਲਾਫ਼ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਲਈ ਸਾਰੀਆਂ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਬੁਲਾਈ ਗਈ ਹੈ। ਪੰਜਾਬ ਦਾ ਜ਼ਬਰ ਖ਼ਿਲਾਫ਼ ਟਾਕਰੇ ਦੀ ਲਹਿਰ ਦਾ ਜੁਝਾਰੂ ਵਿਰਸਾ ਰਿਹਾ ਹੈ। ਇਨਕਲਾਬੀ ਕੇਂਦਰ ਪੰਜਾਬ ਇਸ ਵਹਿਸ਼ੀ ਕਤਲ ਦੀ ਜ਼ੋਰਦਾਰ ਨਿੰਦਾ ਕਰਦਾ ਦੋਸ਼ੀ ਪੁਲਸੀਆਂ ਖਿਲਾਫ਼ ਸਖ਼ਤ ਮਿਸਾਲੀ ਕਾਰਵਾਈ ਦੀ ਮੰਗ ਕਰਦਾ ਹੈ।

# ਜਮਹੂਰੀ ਅਧਿਕਾਰ ਸਭਾ ਦਾ ਵਫਦ ਜਿਲਾ ਪ੍ਰਸ਼ਾਸਨ ਸੰਗਰੂਰ ਨੂੰ ਮਿਲਿਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com




ਦਲਜੀਤ ਕੌਰ

ਸੰਗਰੂਰ, 30 ਮਈ, 2025: ਲੈਂਡ ਸੀਲਿੰਗ ਐਕਟ ਤਹਿਤ ਨਿਰਧਾਰਤ ਜ਼ਮੀਨ ਤੋਂ ਵਾਧੂ ਜ਼ਮੀਨ ਬੇਜ਼ਮੀਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵਿੱਚ ਵੰਡਣ ਦੀ ਮੰਗ ਨੂੰ ਲੈਕੇ ਪਿਛਲੇ ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੀ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਸੰਗਰੂਰ ਨੇੜੇ ਮਹਾਰਾਜਾ ਜੀਂਦ ਦੀ 927 ਏਕੜ ਜ਼ਮੀਨ ਵਿਚੋਂ ਵਾਧੂ ਜ਼ਮੀਨ ਉਪਰ ਆਪਣੀ ਹੱਕ ਜਤਾਈ ਲਈ ਕੀਤੇ ਜਾ ਰਹੇ ਪ੍ਰੋਗਰਾਮ ਨੂੰ ਰੋਕਣ ਲਈ ਸੰਗਰੂਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਅਤੇ ਸੰਘਰਸ਼ ਵਿਚ ਸ਼ਾਮਲ ਮਜ਼ਦੂਰ ਮਰਦ ਔਰਤਾਂ ਨੂੰ ਜੇਲ੍ਹਾਂ ਵਿੱਚ ਡੱਕ ਕੇ ਉਨ੍ਹਾਂ ਨਾਲ ਗੈਰ ਜਮਹੂਰੀ ਅਤੇ ਅਣ ਮਨੁੱਖੀ ਵਿਵਹਾਰ ਕਰਨ ਤੇ ਉਹਨਾਂ ਦੀ ਰਿਹਾਈ ਕਰਨ ਦੀਆਂ ਮੰਗਾਂ ਨੂੰ ਲੈਕੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਸੰਗਰੂਰ ਦਾ ਇੱਕ ਵਫਦ ਸੂਬਾ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਮੰਡੀਕਲਾਂ ਦੀ ਅਗਵਾਈ ਵਿੱਚ ਵਧੀਕ ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਪੁਲਿਸ ਮੁਖੀ ਸੰਗਰੂਰ ਨੂੰ ਵੱਖ ਵੱਖ ਤੌਰ ਤੇ ਮਿਲਿਆ ਅਤੇ ਪ੍ਰਸ਼ਾਸਨ ਵਲੋਂ ਇਸ ਸੰਘਰਸ਼ ਪ੍ਰਤੀ ਅਪਣਾਏ ਗੈਰ ਜਮਹੂਰੀ ਅਤੇ ਜਾਬਰ ਰਵਈਏ ਸੰਬੰਧੀ ਆਪਣੇ ਰੋਸ ਦਾ ਇਜ਼ਹਾਰ ਕੀਤਾ।

ਸਭਾ ਦੇ ਜ਼ਿਲ੍ਹਾ ਪ੍ਰਧਾਨ ਜਗਜੀਤ ਸਿੰਘ ਭੁਟਾਲ ਸਕੱਤਰ ਕੁਲਦੀਪ ਸਿੰਘ ਨੇ ਅਧਿਕਾਰੀਆਂ ਨੂੰ ਕਿਹਾ ਕਿ ਮਜ਼ਦੂਰਾਂ ਨੂੰ ਆਪਣੇ ਕਾਨੂੰਨੀ ਹੱਕਾਂ ਲਈ ਸ਼ਾਂਤਮਈ ਸੰਘਰਸ਼ ਕਰਨ ਤੋਂ ਰੋਕ ਕੇ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਬੰਦ ਕਰਕੇ ਉਨ੍ਹਾਂ ਨਾਲ ਬਹੁਤ ਹੀ ਅਣਮਨੁੱਖੀ ਵਿਵਹਾਰ ਕੀਤਾ ਗਿਆ ਹੈ ਜੋ ਬਰਤਾਨਵੀ ਹਕੂਮਤ ਵਲੋਂ ਕੀਤੇ ਜਬਰ ਨੂੰ ਵੀ ਮਾਤ ਪਾਉਂਦਾ ਹੈ। ਜੇਲ੍ਹਾਂ ਵਿੱਚ ਬੰਦ ਮਰਦ ਔਰਤਾਂ ਨੂੰ 24-24 ਘੰਟੇ ਬੈਰਕਾਂ ਵਿਚ ਬੰਦ ਰੱਖਣ, ਉਹਨਾਂ ਨੂੰ ਲੋੜੀਂਦੀਆਂ ਜ਼ਰੂਰਤਾਂ ਤੋਂ ਵਾਂਝਾਂ ਰੱਖਣ, ਬਿਮਾਰਾਂ ਨੂੰ ਇਲਾਜ ਦੀ ਸਹੂਲਤ ਨਾ ਦੇਣਾ ਸਿਰੇ ਦੀ ਗੈਰ ਜਮਹੂਰੀ ਅਤੇ ਤਾਨਾਸ਼ਾਹੀ ਕਾਰਵਾਈ ਹੈ ਜਿਸ ਦੀ ਉਚ ਪੱਧਰੀ ਪੜਤਾਲ ਹੋਣੀ ਚਾਹੀਦੀ ਹੈ। ਵਫਦ ਨੇ ਜੇਲਾਂ ਵਿੱਚ ਬੰਦ ਮਜ਼ਦੂਰਾਂ ਅਤੇ ਉਨ੍ਹਾਂ ਦੇ ਆਗੂਆਂ ਨੂੰ ਤੁਰੰਤ ਰਿਹਾਅ ਕਰ, ਉਹਨਾਂ ਉਪਰ ਛਾਪੇਮਾਰੀ ਬੰਦ ਕਰਨ ਦੀ ਮੰਗ ਕੀਤੀ।

ਇਸ ਮੌਕੇ ਅਧਿਕਾਰੀਆਂ ਨੇ ਦੱਸਿਆ ਕਿ ਜੇਲ੍ਹਾਂ ਵਿੱਚ ਬੰਦ ਸਾਰੇ ਮਜ਼ਦੂਰਾਂ ਨੂੰ ਰਿਹਾ ਕਰ ਦਿੱਤਾ ਗਿਆ ਹੈ ਅਤੇ ਵਿਸ਼ਵਾਸ ਦਿਵਾਇਆ ਕਿ ਹੁਣ ਕਿਸੇ ਵੀ ਕਿਸਮ ਦੀ ਛਾਪੇਮਾਰੀ ਨਹੀਂ ਕੀਤੀ ਜਾਵੇਗੀ। ਉਹਨਾਂ ਜੇਲ੍ਹਾਂ ਵਿੱਚ ਹੋਏ ਵਿਵਹਾਰ ਤੋਂ ਅਗਿਆਨਤਾ ਪ੍ਰਗਟ ਕਰਦਿਆਂ ਇਸ ਦੀ ਪੜਤਾਲ ਕਰਨ ਦਾ ਵਾਅਦਾ ਵੀ ਕੀਤਾ।

ਵਫ਼ਦ ਵਿਚ ਉਪਰੋਕਤ ਤੋਂ ਇਲਾਵਾ ਬਲਵੀਰ ਸਿੰਘ ਲੌਂਗੋਵਾਲ, ਦਰਸ਼ਨ ਸਿੰਘ ਕੁਨਰਾਂ, ਲਖਵੀਰ ਲੌਂਗੋਵਾਲ,ਲਾਲ ਚੰਦ ਅਤੇ ਗੁਰਜੰਟ ਸਿੰਘ ਬਡਰੁੱਖਾਂ ਸ਼ਾਮਲ ਸਨ।

# ਕੇਂਦਰ ਸਰਕਾਰ ਵੱਲੋਂ ਐਮਐਸਪੀ ਵਿੱਚ ਭਾਰੀ ਵਾਧੇ ਦਾ ਦਾਅਵਾ, ਕਿਸਾਨਾਂ ਦੇ ਜ਼ਖਮਾਂ ਤੇ ਲੂਣ ਭੁੱਕਣ ਦੇ ਬਰਾਬਰ: ਮਨਜੀਤ ਧਨੇਰ

## ਸਾਰੀਆਂ ਲਾਗਤਾਂ ਤੇ 50% ਮੁਨਾਫ਼ਾ ਜੋੜ ਕੇ ਫ਼ਸਲਾਂ ਦੇ ਭਾਅ ਮਿਥੇ ਸਰਕਾਰ: ਗੁਰਦੀਪ ਰਾਮਪੁਰਾ, ਖ੍ਰੀਦ ਦੀ ਗਰੰਟੀ ਕੀਤੇ ਬਿਨਾਂ ਐਮਐਸਪੀ ਦਾ ਐਲਾਨ ਫੋਕਾ ਡਰਾਮਾ: ਹਰਨੇਕ ਮਹਿਮਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਈ
INTERNATIONAL PAPER, 9463601616
hardipchumber57@gmail.com



ਦਲਜੀਤ ਕੌਰ

ਚੰਡੀਗੜ੍ਹ, 30 ਮਈ, 2025: ਭਾਰਤੀ ਕਿਸਾਨ ਯੂਨੀਅਨ ਏਕਤਾ-ਡਕੌਂਦਾ ਦੀ ਸੂਬਾ ਕਮੇਟੀ ਨੇ ਕੇਂਦਰ ਸਰਕਾਰ ਵੱਲੋਂ ਸਾਉਣੀ ਫ਼ਸਲਾਂ ਦੀ ਐਮਐਸ ਪੀ ਦੇ ਐਲਾਨ ਨੂੰ ਕਿਸਾਨਾਂ ਦੇ ਜ਼ਖਮਾਂ ਤੇ ਲੂਣ ਭੁੱਕਣ ਦੇ ਬਰਾਬਰ ਦੱਸਿਆ ਹੈ।

ਇਸ ਸਬੰਧੀ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਕਿਸਾਨਾਂ ਦੀ ਆਮਦਨ ਵਿੱਚ ਵਾਧੇ ਦਾ ਦਾਅਵਾ ਕੋਰਾ ਝੂਠ ਹੈ। ਭਾਜਪਾ ਵੱਲੋਂ ਕੇਂਦਰ ਸਰਕਾਰ ਦੀ ਬੱਲੇ ਬੱਲੇ ਕਰਦਿਆਂ ਇਸ ਐਲਾਨ ਨੂੰ ਇਤਿਹਾਸਿਕ ਕਰਾਰ ਦੇਣਾ ਲੋਕਾਂ ਨੂੰ ਮੂਰਖ ਸਮਝਣ ਤੋਂ ਇਲਾਵਾ ਕੁੱਝ ਨਹੀਂ ਹੈ।

ਸਰਕਾਰ ਵੱਲੋਂ ਸਾਉਣੀ ਦੀਆਂ ਫ਼ਸਲਾਂ ਦੇ ਐਲਾਨ ਕੀਤੇ ਇਹ ਭਾਅ ਤਾਂ ਵਧੀ ਹੋਈ ਮਹਿੰਗਾਈ ਦਾ ਖੱਪਾ ਵੀ ਨਹੀਂ ਪੂਰਦੇ। ਸਾਲ ਦੌਰਾਨ ਮਸ਼ੀਨਰੀ, ਬੀਜ, ਖਾਦਾਂ, ਨਦੀਨ ਨਾਸ਼ਕ ਦਵਾਈਆਂ ਅਤੇ ਕੀੜੇ ਮਾਰ ਦਵਾਈਆਂ ਦੀਆਂ ਕੀਮਤਾਂ ਵਿੱਚ ਔਸਤ 15% ਵਾਧੇ ਤੋਂ ਇਲਾਵਾ ਮਜ਼ਦੂਰੀ ਅਤੇ ਹੋਰ ਲਾਗਤ ਖਰਚੇ ਬੇਤਹਾਸ਼ਾ ਵਧ ਗਏ ਹਨ।

ਜਥੇਬੰਦੀ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਕਿਹਾ ਕਿ ਫ਼ਸਲਾਂ ਦੀ ਐੱਮਐੱਸਪੀ ਸਵਾਮੀਨਾਥਨ ਫਾਰਮੂਲੇ ਅਨੁਸਾਰ ਸਾਰੀਆਂ ਲਾਗਤਾਂ ਜੋੜ ਕੇ (ਸੀ2) ਉਸ ਉੱਪਰ 50% ਮੁਨਾਫ਼ੇ ਦੇ ਹਿਸਾਬ ਨਾਲ ਨੀਅਤ ਕੀਤੀ ਜਾਣੀ ਚਾਹੀਦੀ ਹੈ। ਕੇਂਦਰ ਸਰਕਾਰ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਭਾਅ ਦੇਣ ਦੇ ਝੂਠੇ ਦਾਅਵੇ ਕਰ ਰਹੀ ਹੈ ਜਦੋਂ ਕਿ 'ਖੇਤੀ ਲਾਗਤ ਅਤੇ ਕੀਮਤ ਕਮਿਸ਼ਨ' ਤੇ ਐਮਐਸਪੀ ਨਿਰਧਾਰਤ ਕਰਨ ਸਮੇਂ ਕਈ ਤਰ੍ਹਾਂ ਦੀਆਂ ਨਜਾਇਜ਼ ਸ਼ਰਤਾਂ ਜਿਵੇਂ ਮਹਿੰਗਾਈ ਵਿੱਚ ਵਾਧਾ, ਕੌਮੀ ਅਤੇ ਕੌਮਾਂਤਰੀ ਵਪਾਰ ਸੰਤੁਲਨ, ਤਨਖਾਹਾਂ ਵਿੱਚ ਵਾਧਾ ਅਤੇ ਹੋਰ ਫ਼ਸਲਾਂ ਦੀ ਕੀਮਤ ਨਾਲ ਇੱਕਸਾਰਤਾ ਰੱਖਣ ਵਰਗੀਆਂ ਗੈਰ ਜ਼ਰੂਰੀ ਅਤੇ ਅਣਉਚਿਤ ਸ਼ਰਤਾਂ ਲਾ ਦਿੱਤੀਆਂ ਜਾਂਦੀਆਂ ਹਨ।

ਜਥੇਬੰਦੀ ਦੇ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਨੇ ਕਿਹਾ ਕਿ ਸਰਕਾਰ ਜਿਹੜੀਆਂ ਫਸਲਾਂ ਤੇ ਐਮਐਸਪੀ ਦਾ ਨਿਗੂਣਾ ਐਲਾਨ ਵੀ ਕਰਦੀ ਹੈ ਉਸ ਦਾ ਲਾਭ ਦੇਸ਼ ਦੇ ਸਿਰਫ 6% ਕਿਸਾਨਾਂ ਨੂੰ ਹੀ ਹੁੰਦਾ ਹੈ ਕਿਉਂਕਿ ਐਮਐਸਪੀ ਤੇ ਖ੍ਰੀਦ ਦੀ ਗਰੰਟੀ ਸਿਰਫ ਕੁੱਝ ਸੂਬਿਆਂ ਵਿੱਚ ਕਣਕ ਝੋਨੇ ਦੀ ਹੀ ਹੈ। ਕਾਟਨ ਕਾਰਪੋਰੇਸ਼ਨ ਆਫ ਇੰਡੀਆ ਵਰਗੀਆਂ ਸੰਸਥਾਵਾਂ ਚਿੱਟਾ ਹਾਥੀ ਸਾਬਤ ਹੋ ਰਹੀਆਂ ਹਨ। ਇਹ ਸਰਕਾਰੀ ਸੰਸਥਾਵਾਂ ਨਰਮਾ ਖ੍ਰੀਦਣ ਲਈ ਮੰਡੀ ਵਿੱਚ ਜਾਣ ਬੁੱਝ ਕੇ ਸ਼ਾਮਿਲ ਨਹੀਂ ਹੁੰਦੀਆਂ। ਜੇਕਰ ਕਿਸਾਨ ਰੌਲਾ ਰੱਪਾ ਪਾਉਂਦੇ ਹਨ ਤਾਂ ਕੁੱਝ ਥੋੜ੍ਹੀ ਬਹੁਤੀ ਖਰੀਦ ਕੀਤੀ ਜਾਂਦੀ ਹੈ ਅਤੇ ਨਰਮਾ ਵੱਡੇ ਵਪਾਰੀਆਂ ਨੂੰ ਲੁੱਟਣ ਦਾ ਖੁੱਲ੍ਹਾ ਮੌਕਾ ਦਿੱਤਾ ਜਾਂਦਾ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਸਰਕਾਰ ਸਹੀ ਢੰਗ ਨਾਲ ਐਮਐਸਪੀ ਦੇਵੇ ਅਤੇ ਇਸ ਭਾਅ ਤੇ ਫ਼ਸਲਾਂ ਦੀ ਖ੍ਰੀਦ ਦੀ ਗਰੰਟੀ ਕਰੇ। ਖ੍ਰੀਦ ਦੀ ਗਰੰਟੀ ਤੋਂ ਬਿਨਾਂ ਐਮਐਸ ਪੀ ਦਾ ਕੋਈ ਵੀ ਐਲਾਨ ਸਿਰਫ਼ ਛਲਾਵਾ ਹੈ।

ਕੇਂਦਰ ਸਰਕਾਰ ਦੀ ਖੇਤੀ ਖੇਤਰ ਸਬੰਧੀ ਅਸਲੀ ਸੋਚ ਦਾ ਪਤਾ ਪਾਰਲੀਮੈਂਟ ਵਿੱਚ ਪੇਸ਼ ਕੀਤੇ ਆਰਥਿਕ ਸਰਵੇਖਣ ਵਿੱਚ ਹੀ ਲੱਗ ਗਿਆ ਸੀ ਜਿਸ ਵਿੱਚ ਸਰਕਾਰ ਨੇ ਕਿਹਾ ਹੈ ਕਿ ਖੇਤੀ ਖੇਤਰ ਸੰਕਟ ਵਿੱਚ ਨਹੀਂ ਹੈ ਜਦੋਂ ਕਿ ਫ਼ਸਲਾਂ ਦੀ ਐੱਮਐੱਸਪੀ ਮਿਥਣ ਵੇਲੇ ਅਤੇ ਮੰਡੀਆਂ ਵਿੱਚ ਵੇਚਣ ਵੇਲੇ ਹੋ ਰਹੀ ਲੁੱਟ ਕਾਰਨ ਮੁਲਕ ਭਰ ਅੰਦਰ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜੇ ਦਰਸਾਉਂਦੇ ਹਨ ਕਿ 1995 ਤੋਂ 2022 ਦਰਮਿਆਨ 3,96,912 ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ, ਹਾਲੇ ਵੀ ਸਰਕਾਰ ਕਹਿੰਦੀ ਹੈ ਕਿ ਖੇਤੀ ਖੇਤਰ ਸੰਕਟ ਵਿੱਚ ਨਹੀਂ ਹੈ।

ਜਥੇਬੰਦੀ ਦੀ ਸੂਬਾ ਕਮੇਟੀ ਦਾ ਵਿਚਾਰ ਹੈ ਕਿ ਐੱਮਐੱਸਪੀ ਮਿਥਣ ਵੇਲੇ ਕੇਂਦਰ ਸਰਕਾਰ ਦੀ ਨੀਅਤ ਸਾਫ਼ ਨਹੀਂ ਹੁੰਦੀ ਅਤੇ ਉਹ ਲੋਕਾਂ ਨੂੰ ਧੋਖੇ ਵਿੱਚ ਰੱਖਦੇ ਹੋਏ ਖੇਤੀ ਖੇਤਰ ਨੂੰ ਤਬਾਹ ਕਰਨ ਲਈ ਜ਼ਮੀਨਾਂ ਦੇਸੀ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਦੇਣ ਦੀ ਰਾਹ ਤੇ ਚੱਲ ਰਹੀ ਹੈ। ਆਗੂਆਂ ਕਿਹਾ ਕਿ ਸਾਡੀ ਜਥੇਬੰਦੀ ਕੇਂਦਰ ਸਰਕਾਰ ਦੇ ਇਸ ਕਿਸਾਨ ਵਿਰੋਧੀ ਵੱਡੇ ਹਮਲੇ ਨੂੰ ਰੋਕਣ ਲਈ ਐੱਸਕੇਐੱਮ ਦੀ ਅਗਵਾਈ ਵਿੱਚ ਲਗਾਤਾਰ ਸੰਘਰਸ਼ਸ਼ੀਲ ਰਹੇਗੀ

# ਸੰਯੁਕਤ ਕਿਸਾਨ ਮੋਰਚੇ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦਾ ਚੈਲੰਜ ਕਬੂਲ

## ਮਨਘੜਤ ਇਲਜ਼ਾਮ ਲਾ ਕੇ ਕਿਸਾਨ ਆਗੂਆਂ ਦੀ ਹੱਤਕ ਕਰਨ ਵਾਲਾ ਬਿਆਨ ਵਾਪਸ ਲੈਣ ਮੁੱਖ ਮੰਤਰੀ, ਮੁੱਖ ਮੰਤਰੀ ਸਾਨੂੰ ਬਹਿਸ ਦਾ ਸਮਾਂ ਅਤੇ ਸਥਾਨ ਦੱਸਣ, ਅਸੀਂ ਤਿਆਰ ਹਾਂ, ਮੁੱਖ ਮੰਤਰੀ ਵੱਲੋਂ ਗੈਰ ਜ਼ਿੰਮੇਵਾਰਾਨਾ ਬਿਆਨ, ਲੋਕਾਂ ਦਾ ਧਿਆਨ ਅਸਲੀ ਸਮੱਸਿਆਵਾਂ ਤੋਂ ਭਟਕਾਉਣ ਦਾ ਯਤਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਈ
INTERNATIONAL PAPER, 9463601616
hardipchumber57@gmail.com

ਦਲਜੀਤ ਕੌਰ

ਚੰਡੀਗੜ੍ਹ, 30 ਮਈ, 2025: ਸੰਯੁਕਤ ਕਿਸਾਨ ਮੋਰਚਾ ਪੰਜਾਬ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕਿਸਾਨ ਜਥੇਬੰਦੀਆਂ ਖਿਲਾਫ ਦਿੱਤੇ ਬਿਆਨ ਨੂੰ 'ਮਨਘੜਤ ਇਲਜ਼ਾਮ ਲਾ ਕੇ ਕਿਸਾਨ ਆਗੂਆਂ ਦੀ ਹੱਤਕ ਕਰਨ ਵਾਲਾ' ਦਸਦਿਆਂ ਇਸ ਪੂਰੇ ਵਰਤਾਰੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।

ਇਸ ਸਬੰਧੀ ਬਲਦੇਵ ਸਿੰਘ ਨਿਹਾਲਗੜ੍ਹ, ਜੋਗਿੰਦਰ ਸਿੰਘ ਉਗਰਾਹਾਂ ਅਤੇ ਕੰਵਲਪ੍ਰੀਤ ਸਿੰਘ ਪੰਨੂ ਤੇ ਅਧਾਰਿਤ ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਪ੍ਰਧਾਨਗੀ ਮੰਡਲ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਪਹਿਲਾਂ ਵੀ ਇਸ ਤਰ੍ਹਾਂ ਦੇ ਬਿਆਨ ਦਿੱਤੇ ਗਏ ਹਨ। ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਿਲ ਵੱਖ-ਵੱਖ ਕਿਸਾਨ ਜਥੇਬੰਦੀਆਂ ਨੇ ਇਸ ਬਾਰੇ ਤੱਥਾਂ ਸਹਿਤ ਮੁੱਖ ਮੰਤਰੀ ਸਾਹਿਬ ਨੂੰ ਜਵਾਬ ਵੀ ਦਿੱਤਾ ਸੀ ਪਰ ਇਸ ਦੇ ਬਾਵਜੂਦ ਮੁੱਖ ਮੰਤਰੀ ਵੱਲੋਂ ਕਿਸਾਨ ਜਥੇਬੰਦੀਆਂ ਦੇ ਖਿਲਾਫ ਬਿਆਨਬਾਜ਼ੀ ਜਾਰੀ ਰੱਖੀ ਹੋਈ ਹੈ।

ਐੱਸਕੇਐੱਮ ਦੇ ਆਗੂਆਂ ਨੇ ਕਿਹਾ ਕਿ ਇਹ ਕਿਸਾਨ ਜਥੇਬੰਦੀਆਂ ਹੀ ਹਨ ਜਿਨਾਂ ਨੇ ਕੇਂਦਰ ਸਰਕਾਰ ਨੂੰ ਤਿੰਨ ਕਾਲੇ ਕਾਨੂੰਨ ਰੱਦ ਕਰਨ ਲਈ ਮਜ਼ਬੂਰ ਕੀਤਾ ਹੈ। ਇਹ ਜਥੇਬੰਦੀਆਂ ਹੀ ਡੈਮ ਸੇਫਟੀ ਐਕਟ, ਕੌਮੀ ਖੇਤੀ ਮੰਡੀ ਕਰਨ ਨੀਤੀ ਦਾ ਖਰੜਾ ਅਤੇ ਜਲ ਸੋਧ ਐਕਟ ਦੇ ਖਿਲਾਫ ਵੀ ਆਪਣੀ ਆਵਾਜ਼ ਬੁਲੰਦ ਕਰਦੀਆਂ ਰਹੀਆਂ ਹਨ। ਭਾਵੇਂ ਪੰਜਾਬ ਸਰਕਾਰ ਨੇ ਕਿਸਾਨ ਜਥੇਬੰਦੀਆਂ ਦੇ ਦਬਾਅ ਅਧੀਨ ਕੌਮੀ ਖੇਤੀ ਮੰਡੀ ਕਰਨ ਨੀਤੀ ਦਾ ਖਰੜਾ ਰੱਦ ਕਰ ਦਿੱਤਾ ਹੈ, ਪ੍ਰੰਤੂ ਡੈਮ ਸੇਫਟੀ ਐਕਟ ਨੂੰ ਅੱਜ ਤੱਕ ਵੀ ਵਿਧਾਨ ਸਭਾ ਵਿੱਚ ਮਤਾ ਪਾ ਕੇ ਰੱਦ ਨਹੀਂ ਕੀਤਾ। ਕਿਸਾਨ ਜਥੇਬੰਦੀਆਂ ਵੱਲੋਂ ਮੰਗ ਕਰਨ ਦੇ ਬਾਵਜੂਦ 28 ਮਾਰਚ 2025 ਨੂੰ ਪੰਜਾਬ ਅੰਦਰ ਜਲ ਸੋਧ ਐਕਟ ਲਾਗੂ ਕਰਕੇ ਸਨਅਤਕਾਰਾਂ ਨੂੰ ਪਾਣੀ ਗੰਦਾ ਕਰਨ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਗਈ ਹੈ।

ਸੰਯੁਕਤ ਕਿਸਾਨ ਮੋਰਚੇ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ ਅਤੇ ਇਨਾਂ ਨਾਕਾਮੀਆਂ ਨੂੰ ਢਕਣ ਲਈ ਲੋਕਾਂ ਤੇ ਜਬਰ ਕਰਨ ਲੱਗੀ ਹੋਈ ਹੈ। ਉਹਨਾਂ ਕਿਹਾ ਕਿ 5 ਮਾਰਚ ਨੂੰ ਚੰਡੀਗੜ੍ਹ ਜਾ ਰਹੇ ਕਿਸਾਨਾਂ ਤੇ ਜਬਰ, 19 ਮਾਰਚ ਨੂੰ ਸ਼ੰਭੂ ਅਤੇ ਖਨੌਰੀ ਬਾਰਡਰਾਂ ਵਾਲੇ ਕਿਸਾਨਾਂ ਤੇ ਜਬਰ, ਚਾਉਕੇ ਸਕੂਲ ਦੇ ਅਧਿਆਪਕਾਂ ਤੇ ਜਬਰ, ਲੁਧਿਆਣਾ ਜ਼ਿਲ੍ਹੇ ਵਿੱਚ ਗੈਸ ਫੈਕਟਰੀਆਂ ਖਿਲਾਫ ਲੜ ਰਹੇ ਲੋਕਾਂ ਤੇ ਜਬਰ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਤੇ ਕਾਤਲਾਨਾ ਹਮਲਾ ਕਰਨਾ, ਪਿੰਡ ਜਿਉਂਦ, ਸੀਡ ਫਾਰਮ ਅਬੋਹਰ, ਬਠੋਈ ਕਲਾਂ ਅਤੇ ਕੁੱਲਰੀਆਂ ਵਿਖੇ ਲੋਕਾਂ ਤੋਂ ਜ਼ਮੀਨਾਂ ਖੋਹਣ ਦੀ ਕੋਸ਼ਿਸ਼ ਕਰਨੀ, ਭਾਰਤ ਮਾਲਾ ਪ੍ਰੋਜੈਕਟ ਅਧੀਨ ਲੋਕਾਂ ਤੋਂ ਜ਼ਮੀਨਾਂ ਜਬਰੀ ਖੋਹਣੀਆਂ, ਬੀੜ ਐਸ਼ਵਾਨ ਵਿਖੇ ਮਜ਼ਦੂਰਾਂ ਤੇ ਜਬਰ ਕਰਨਾ ਅਤੇ ਹੁਣ ਲੁਧਿਆਣਾ ਨੇੜਲੇ 44 ਪਿੰਡਾਂ ਦੀ 24,311 ਏਕੜ ਜ਼ਮੀਨ ਜ਼ਬਰੀ ਗ੍ਰਹਿਣ ਕਰਨ ਦੀਆਂ ਕਾਰਵਾਈਆਂ ਨੇ ਪੰਜਾਬ ਸਰਕਾਰ ਨੂੰ ਬੁਰੀ ਤਰ੍ਹਾਂ ਬਦਨਾਮ ਕਰ ਦਿੱਤਾ ਹੈ। ਇਸ ਬਦਨਾਮੀ ਨੂੰ ਢਕਣ ਅਤੇ ਕਿਸਾਨ ਜਥੇਬੰਦੀਆਂ ਵੱਲੋਂ ਇਹਨਾਂ ਧੱਕਿਆਂ ਦਾ ਵਿਰੋਧ ਕਰਨ ਨੂੰ ਰੋਕਣ ਲਈ ਮੁੱਖ ਮੰਤਰੀ ਇਸ ਤਰਾਂ ਦੀ ਗੈਰ ਜ਼ਿੰਮੇਵਾਰਾਨਾ ਬਿਆਨਬਾਜ਼ੀ ਕਰ ਰਹੇ ਹਨ ਜੋ ਕਿ ਪੰਜਾਬ ਵਰਗੇ ਸੂਬੇ ਦੇ ਮੁੱਖ ਮੰਤਰੀ ਨੂੰ ਬਿਲਕੁੱਲ ਵੀ ਸ਼ੋਭਾ ਨਹੀਂ ਦਿੰਦੀ।

ਸੰਯੁਕਤ ਕਿਸਾਨ ਮੋਰਚਾ ਨੇ ਇੱਕ ਵਾਰ ਫਿਰ ਦੁਹਰਾਇਆ ਕਿ ਮੁੱਖ ਮੰਤਰੀ ਜਿੱਥੇ ਵੀ ਅਤੇ ਜਦੋਂ ਵੀ ਚਾਹੁਣ, ਸੰਯੁਕਤ ਕਿਸਾਨ ਮੋਰਚੇ ਨੂੰ ਸਮਾਂ ਅਤੇ ਸਥਾਨ ਦੱਸ ਦੇਣ। ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਮੁੱਦਿਆਂ ਤੇ ਮੁੱਖ ਮੰਤਰੀ ਸਾਹਿਬ ਨਾਲ ਬਹਿਸ ਕਰਨ ਲਈ ਹਰ ਸਮੇਂ ਤਿਆਰ ਹੈ। ਇਸ ਤੋਂ ਪਹਿਲਾਂ ਵੀ ਸੰਯੁਕਤ ਕਿਸਾਨ ਮੋਰਚਾ ਨੇ ਮੁੱਖ ਮੰਤਰੀ ਸਾਹਿਬ ਨੂੰ ਚੈਲੇਂਜ ਕੀਤਾ ਸੀ ਕਿ ਉਹ ਕਿਸਾਨ ਭਵਨ ਚੰਡੀਗੜ੍ਹ ਵਿੱਚ ਆ ਕੇ ਕਿਸਾਨਾਂ ਦੇ ਸਵਾਲਾਂ ਦਾ ਜਵਾਬ ਦੇਣ ਪਰ ਉਸ ਵੇਲੇ ਵੀ ਮੁੱਖ ਮੰਤਰੀ ਸਾਹਿਬ ਬਹਿਸ ਤੋਂ ਭੱਜ ਗਏ ਸਨ।

ਐੱਸਕੇਐੱਮ ਨੇ ਕਿਹਾ ਕਿ ਮੁੱਖ ਮੰਤਰੀ ਨੇ ਉਹਨਾਂ ਕਿਸਾਨ ਆਗੂਆਂ ਤੇ ਮਨਘੜਤ ਅਤੇ ਝੂਠੇ ਦੋਸ਼ ਲਾਏ ਹਨ, ਜਿਨ੍ਹਾਂ ਨੇ ਦਿੱਲੀ ਦੇ ਬਾਰਡਰਾਂ ਤੇ 13 ਮਹੀਨੇ ਚੱਲੇ ਇਤਿਹਾਸਕ ਅਤੇ ਜੇਤੂ ਕਿਸਾਨ ਘੋਲ ਦੀ ਅਗਵਾਈ ਕੀਤੀ ਹੈ। ਮੁੱਖ ਮੰਤਰੀ ਦਾ ਬਿਆਨ ਕਿਸਾਨ ਆਗੂਆਂ ਦੀ ਇੱਜ਼ਤ ਹੱਤਕ ਕਰਨ ਵਾਲਾ ਹੈ। ਸੰਯੁਕਤ ਕਿਸਾਨ ਮੋਰਚਾ ਮੰਗ ਕਰਦਾ ਹੈ ਕਿ ਮੁੱਖ ਮੰਤਰੀ ਆਪਣਾ ਬਿਆਨ ਵਾਪਸ ਲੈ ਕੇ ਕਿਸਾਨ ਆਗੂਆਂ ਤੋਂ ਮੁਆਫੀ ਮੰਗਣ।

ਐਸਕੇਐਮ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਜਬਰ ਖਿਲਾਫ ਪਹਿਲਾਂ 26 ਮਈ ਨੂੰ ਸੰਗਰੂਰ ਅਤੇ ਬਠਿੰਡਾ ਵਿਖੇ ਜਬਰ ਵਿਰੋਧੀ ਧਰਨੇ ਅਤੇ ਮੁਜ਼ਾਹਰੇ ਕੀਤੇ ਗਏ ਹਨ। ਹੁਣ ਦੋ ਜੂਨ ਨੂੰ ਜਗਰਾਉਂ ਵਿਖੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਪੰਜਾਬ ਸਰਕਾਰ ਦੇ ਜਬਰ ਖਿਲਾਫ ਧਰਨਾ ਅਤੇ ਮੁਜ਼ਾਹਰਾ ਵੀ ਗੱਜ ਵੱਜ ਕੇ ਕੀਤਾ ਜਾਵੇਗਾ। ਇਸ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।

# ਕੇਵਲ ਕਪੂਰਥਲਾ ਸ਼ਹਿਰ ਤੇ ਫਗਵਾੜਾ ਸ਼ਹਿਰ ਵਿਚ 31 ਮਈ ਨੂੰ ਰਾਤ 9.30 ਤੋਂ 10 ਵਜੇ ਤੱਕ ਹੋਵੇਗੀ ਬਲੈਕ ਆਊਟ ਦੀ ਮੌਕ ਡਰਿੱਲ

## *ਇਹ ਸਿਰਫ਼ ਮੌਕ ਡਰਿੱਲ ਹੈ, ਜ਼ਿਲ੍ਹਾ ਵਾਸੀਆਂ ਨੂੰ ਘਬਰਾਉਣ ਦੀ ਲੋੜ ਨਹੀਂ- ਡਿਪਟੀ ਕਮਿਸ਼ਨਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਈ
INTERNATIONAL PAPER, 9463601616
hardipchumber57@gmail.com

ਫਗਵਾੜਾ 30 ਮਈ (ਸ਼ਿਵ ਕੌੜਾ)ਕੇਂਦਰੀ ਗ੍ਰਹਿ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅਤੇ ਕਿਸੇ ਵੀ ਤਰ੍ਹਾਂ ਦੀ ਤਣਾਅਪੂਰਨ ਸਥਿਤੀ ਨਾਲ ਨਜਿੱਠਣ ਦੇ ਅਭਿਆਸ ਵਜੋਂ ਭਲਕੇ 31 ਮਈ ਨੂੰ ਕੇਵਲ ਕਪੂਰਥਲਾ ਸ਼ਹਿਰ ਤੇ ਫਗਵਾੜਾ ਸ਼ਹਿਰ ਵਿਚ ਬਲੈਕ ਆਊਟ ਦੀ ਮੌਕ ਡਰਿੱਲ ਰਾਤ 9.30 ਵਜੇ ਤੋਂ 10 ਵਜੇ ਤੱਕ ਹੋਵੇਗੀ ਡਿਪਟੀ ਕਮਿਸ਼ਨਰ ਸ੍ਰੀ ਅਮਿਤ ਕੁਮਾਰ ਪੰਚਾਲ ਨੇ ਦੱਸਿਆ ਕਿ " ਇਹ ਕੇਵਲ ਮੌਕ ਡਰਿੱਲ ਹੈ ਜਿਸ ਕਰਕੇ ਲੋਕ ਕਿਸੇ ਵੀ ਘਬਰਾਹਟ ਵਿੱਚ ਨਾ ਆਉਣ ਬਲੈਕ ਆਊਟ ਦੀ ਮੌਕ ਡਰਿੱਲ ਤੋਂ ਪਹਿਲਾਂ ਸਾਇਰਨ ਵੱਜੇਗਾ, ਜਿਸ ਦੇ ਤੁਰੰਤ ਮਗਰੋਂ ਬਲੈਕਆਊਟ ਹੋਵੇਗਾ ਸਾਇਰਨ ਵੱਜਣ ਮੌਕੇ ਲੋਕ ਆਪਣੇ ਘਰਾਂ/ਦੁਕਾਨਾਂ ਦੀਆਂ ਲਾਇਟਾਂ, ਗਲੋ ਸਾਇਨ ਬੋਰਡ ਸੀ ਸੀ ਟੀ ਵੀ ਕੈਮਰੇ ਆਦਿ ਪੂਰਨ ਰੂਪ ਵਿੱਚ ਬੰਦ ਕਰ ਦੇਣ ਜੇ ਲੋਕ ਸੜਕ ਉੱਪਰ ਜਾ ਰਹੇ ਹਨ ਉਹ ਸੜਕ ਦੇ ਖੱਬੇ ਪਾਸੇ ਆਪਣਾ ਵਾਹਨ ਖੜਾ ਕਰਕੇ ਲਾਇਟਾਂ ਬੰਦ ਕਰ ਲੈਣ ਇਸ ਸਮੇਂ ਦੌਰਾਨ ਐਮਰਜੈਂਸੀ/ ਜ਼ਰੂਰੀ ਸਿਹਤ ਸੇਵਾਵਾਂ ਲਈ ਹਸਪਤਾਲਾਂ ਵਿਖੇ ਬਲੈਕ ਆਊਟ ਲਾਗੂ ਨਹੀਂ ਹੋਵੇਗਾ ਪਰ ਉਹ ਖਿੜਕੀਆਂ ਆਦਿ ਨੂੰ ਚੰਗੀ ਤਰ੍ਹਾਂ ਕਵਰ ਕਰ ਲੈਣ ਤਾਂ ਜੋ ਲਾਇਟ ਬਾਹਰ ਨਾ ਜਾ ਸਕੇ ਇਹ ਇਕ ਅਭਿਆਸ ਵਜੋਂ ਹੈ ਇਸ ਲਈ ਕੋਈ ਵੀ



ਵਿਅਕਤੀ ਘਬਰਾਹਟ ਵਿੱਚ ਨਾ ਆਵੇ ਅਤੇ ਅਫਵਾਹਾਂ ਨਾ ਫੈਲਾਈਆਂ ਜਾਣ ਇਸ ਮੌਕ ਡਰਿੱਲ ਵਿਚ ਜ਼ਿੰਮੇਵਾਰ ਨਾਗਰਿਕ ਵਜੋਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਸਹਿਯੋਗ ਦਿੱਤਾ ਜਾਵੇ।

# ਸੀਮਾ ਸੁਰੱਖਿਆ ਬਲ ਦੇ ਡੀਆਈਜੀ ਨੂੰ ਮਿਲੇ ਹਿਊਮਨ ਰਾਈਟਸ ਕੌਂਸਲ (ਇੰਡੀਆ) ਦੇ ਜ਼ਿਲ੍ਹਾ ਪ੍ਰਧਾਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਈ
INTERNATIONAL PAPER, 9463601616
hardipchumber57@gmail.com



ਫਗਵਾੜਾ 29 ਮਈ (ਸ਼ਿਵ ਕੌੜਾ) ਹਿਊਮਨ ਰਾਈਟਸ ਕੌਂਸਲ (ਇੰਡੀਆ) ਦੇ ਜ਼ਿਲ੍ਹਾ ਪ੍ਰਧਾਨ ਆਸ਼ੂ ਮਾਰਕੰਡਾ ਨੇ ਸਰਹੱਦੀ ਸੁਰੱਖਿਆ ਬਲ ਦੇ ਡੀ.ਆਈ. ਜੀ. ਡਾ. ਸ਼ਿਵ ਕੁਮਾਰ ਨਾਲ ਉਨ੍ਹਾਂ ਦੇ ਜਲੰਧਰ ਸਥਿਤ ਦਫ਼ਤਰ 'ਚ ਮੁਲਾਕਾਤ ਕੀਤੀ। ਇਸ ਦੌਰਾਨ ਕੌਂਸਲ ਦੇ ਐਸ.ਸੀ. ਸੈੱਲ ਦੇ ਜ਼ਿਲ੍ਹਾ ਪ੍ਰਧਾਨ ਜਸਵੀਰ ਮਾਹੀ ਵੀ ਉਨ੍ਹਾਂ ਦੇ ਨਾਲ ਸਨ। ਆਸ਼ੂ ਮਾਰਕੰਡਾ ਨੇ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਵਿੱਚ ਬੀ.ਐਸ.ਐਫ. ਜਵਾਨਾਂ ਦੀ ਭੂਮਿਕਾ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਦੇਸ਼ ਦੀਆਂ ਸਰਹੱਦਾਂ 'ਤੇ ਉਨ੍ਹਾਂ ਦੁਆਰਾ ਚੌਵੀ ਘੰਟੇ ਕੀਤੀ ਜਾਣ ਵਾਲੀ ਸਖ਼ਤ ਨਿਗਰਾਨੀ ਕਾਰਨ ਹੀ ਦੇਸ਼ ਦੇ ਨਾਗਰਿਕ ਰਾਤ ਨੂੰ ਚੈਨ ਦੀ ਨੀਂਦ ਸੌਂ ਸਕਦੇ ਹਨ। ਉਨ੍ਹਾਂ ਡਾ. ਸ਼ਿਵ ਕੁਮਾਰ ਨੂੰ ਮਨੁੱਖੀ ਅਧਿਕਾਰ ਪ੍ਰੀਸ਼ਦ ਦੀਆਂ ਗਤੀਵਿਧੀਆਂ ਤੋਂ ਜਾਣੂ ਕਰਵਾਇਆ ਅਤੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ, ਰਾਸ਼ਟਰੀ ਪ੍ਰਧਾਨ ਆਰਤੀ ਰਾਜਪੂਤ ਅਤੇ ਪੰਜਾਬ ਪ੍ਰਧਾਨ ਸੁਖਵੰਤ ਸਿੰਘ ਪੱਡਾ ਦੀ ਅਗਵਾਈ ਹੇਠ ਲੋਕਾਂ ਵਿੱਚ ਮਨੁੱਖੀ ਅਧਿਕਾਰਾਂ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਸ਼ਾਨਦਾਰ ਕੰਮ ਕਰਦੀ ਹੈ ਅਤੇ ਨਾਲ ਹੀ ਸਮਾਜ ਸੇਵਾ ਦੇ ਕੰਮਾਂ ਵਿੱਚ ਵੀ ਸਰਗਰਮੀ ਨਾਲ ਹਿੱਸਾ ਲੈਂਦੀ ਹੈ। ਡੀ.ਆਈ.ਜੀ. ਸ਼ਿਵ ਕੁਮਾਰ ਨੇ ਕੌਂਸਲ ਦੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਸਮਾਜ ਸੇਵਾ ਦੇ ਨਾਲ-ਨਾਲ ਲੋਕਾਂ ਵਿੱਚ ਦੇਸ਼ ਭਗਤੀ ਅਤੇ ਰਾਸ਼ਟਰ ਪ੍ਰਤੀ ਸਮਰਪਣ ਦੀ ਭਾਵਨਾ ਫੈਲਾਉਣ ਦਾ ਸੁਝਾਅ ਦਿੱਤਾ। ਆਪਰੇਸ਼ਨ ਸਿੰਦੂਰ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਅਜਿਹੇ ਮੁਸ਼ਕਲ ਹਾਲਾਤਾਂ ਵਿੱਚ 150 ਕਰੋੜ ਭਾਰਤੀ ਨਾਗਰਿਕ ਫੌਜ ਦੀ ਤਾਕਤ ਬਣਦੇ ਹਨ। ਇਸ ਲਈ ਲੋਕਾਂ ਨੂੰ ਪੂਰੀ ਇਕਜੁਟਤਾ ਦੇ ਨਾਲ ਸੁਰੱਖਿਆ ਬਲਾਂ ਦੀ ਕਾਰਵਾਈ ਦਾ ਸਮਰਥਨ ਕਰਨਾ ਚਾਹੀਦਾ ਹੈ। ਆਸ਼ੂ ਮਾਰਕੰਡਾ ਅਤੇ ਜਸਵੀਰ ਮਾਹੀ ਨੇ ਉਨ੍ਹਾਂ ਨੂੰ ਭਰੋਸਾ ਦੁਵਾਇਆ ਕਿ ਉਨ੍ਹਾਂ ਦੇ ਕੀਮਤੀ ਸੁਝਾਵਾਂ ਨੂੰ ਵੀ ਕੌਂਸਲ ਦੀਆਂ ਗਤੀਵਿਧੀਆਂ ਦਾ ਜ਼ਰੂਰੀ ਹਿੱਸਾ ਬਣਾਇਆ ਜਾਵੇਗਾ

# ਜਲਾਲਾਬਾਦ ਹਰਕਿਸ਼ਨ ਸਿਨੇਮਾ ਵਿੱਚ ਫੂਲੇ ਫਿਲਮ ਦੀ ਹੋਈ ਸ਼ੁਰੂਆਤ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਜਲਾਲਾਬਾਦ 30 ਮਈ (ਮਨੋਜ ਕੁਮਾਰ)

ਐਸਸੀ ਐਸਟੀ ਓਬੀਸੀ ਮਹਾਂ ਸੰਘਰਸ਼ ਕਮੇਟੀ ਅਤੇ ਡਾ.ਭੀਮ ਰਾਓ ਅੰਬੇਡਕਰ ਐਸਸੀ ਐਸਟੀ ਓਬੀਸੀ ਵੈਲਫੇਅਰ ਸੋਸਾਇਟੀ ਰਜਿ. ਵੱਲੋਂ ਅੱਜ ਹਰਕਿਸ਼ਨ ਸਿਨੇਮਾ ਵਿੱਚ ਫੂਲੇ ਫ਼ਿਲਮ ਦੇਖਣ ਬਹੁਤ ਸਾਰੇ ਲੋਕ ਆਏ ਸਾਰਿਆਂ ਨੂੰ ਇਹ ਫਿਲਮ ਬਹੁਤ ਪਸੰਦ ਆਈ. ਪ੍ਰਧਾਨ ਰੋਹਿਤ ਗੁਡਾਲੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮਹਾਤਮਾ ਜੋਤੀ ਬਾਈ ਫੂਲੇ ਆਪਣੀ ਪਤਨੀ ਸਵਿਤਰੀ ਬਾਈ ਫੁੱਲੇ ਨੂੰ ਭਾਰਤ ਦੀ



ਸਭ ਤੋਂ ਪਹਿਲਾਂ ਪੜ੍ਹੀ ਲਿਖੀ ਔਰਤ ਬਣਾਇਆ ਅਤੇ ਮਾਤਾ ਸਵਿਤਰੀ ਬਾਈ ਫੂਲੇ ਭਾਰਤ ਦੀ ਪਹਿਲੀ ਮਹਿਲਾ ਅਧਿਆਪਕ ਬਣੀ ਅਤੇ ਲੜਕੀਆਂ ਨੂੰ ਸਕੂਲ ਵਿੱਚ ਪੜ੍ਹਾਉਣ ਲਈ ਸੰਘਰਸ਼ ਕੀਤੇ ਰੋਹਿਤ ਗੁਡਾਲੀਆ ਨੇ ਦੱਸਿਆ ਕਿ ਇਹ ਫਿਲਮ ਮਹਾਤਮਾ ਜੋਤੀਬਾ ਅਤੇ ਸਵਿਤਰੀ ਬਾਈ ਫੂਲੇ ਦੀ ਸੰਘਰਸ਼ਮਈ ਜੀਵਨ ਉੱਪਰ ਅਧਾਰਿਤ ਹੈ। ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਤੁਸੀਂ ਵੀ ਵੱਧ ਚੜ੍ਹ ਕੇ ਇਸ ਫਿਲਮ ਨੂੰ ਦੇਖੋ ਤਾਂ ਜੋ ਤੁਹਾਨੂੰ ਪਤਾ ਲੱਗ ਸਕੇ ਕਿ ਸਾਡੇ ਲੋਕਾਂ ਦੀ ਕੀ ਹਾਲਤ ਰਹੀ ਹੈ ਅੱਜ ਅਸੀਂ ਜੋ ਆਜ਼ਾਦੀ ਦਾ ਆਨੰਦ ਮਾਣ ਰਹੇ ਹਾਂ ਉਹ ਸਾਡੇ ਮਹਾਂਪੁਰਖਾਂ ਦੁਆਰਾ ਕੀਤੇ ਗਏ ਘੋਲਾਂ ਦਾ ਨਤੀਜਾ ਹੈ ਇਸ ਲਈ ਸਾਨੂੰ ਆਪਣੇ ਮਹਾਂਪੁਰਖਾਂ ਦਾ ਘੋਲ ਭੁੱਲਣਾ ਨਹੀਂ ਚਾਹੀਦਾ। ਸਾਰੇ ਸਮਾਜ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਆਪਣੇ ਮਹਾਂਪੁਰਸ਼ਾਂ ਦੇ ਘੋਲ ਨੂੰ ਯਾਦ ਕਰਨ ਲਈ ਉਹਨਾਂ ਦੀਆਂ ਚੱਲ ਰਹੀਆਂ ਫਿਲਮਾਂ ਨੂੰ ਦੇਖੋ ਤੇ ਆਪਣੇ ਇਤਿਹਾਸ ਤੋਂ ਜਾਣੂ ਹੋਵੋ। ਇਹ ਫਿਲਮ ਦੇਖਣ ਦਾ ਸਮਾਂ ਸ਼ਾਮ 4 ਵਜੇ ਤੋਂ 7 ਵਜੇ ਤੱਕ ਦਾ ਹੈ। ਇਸ ਮੌਕੇ ਕੈਸ਼ੀਅਰ ਗੁਰਮੇਜ ਲਾਲ ਨਿਰਵੈਰ ਸਿੰਘ ਸਰਪੰਚ ਤਿਲਕ ਰਾਜ ਐਸਡੀਓ ਗਿਆਨ ਚੰਦ ਦੇਸਰਾਜ ਗੁਡਾਲੀਆ ਡਾਕਟਰ ਰਮੇਸ਼ ਕੁਮਾਰ ਲਾਡੀ ਜਨਰਲ ਸੈਕਟਰੀ ਜੋਗਿੰਦਰ ਪਾਲ ਸਿੰਘ ਸੀਨੀਅਰ ਵਾਈਸ ਪ੍ਰਧਾਨ ਬਲਦੇਵ ਸਿੰਘ ਸੀਨੀਅਰ ਵਾਈਸ ਪ੍ਰਧਾਨ ਨੱਥਾ ਸਿੰਘ ਕਾਮਰੇਡ ਮੀਤ ਪ੍ਰਧਾਨ ਬਲਵੀਰ ਸਿੰਘ ਪਵਾਰ ਬੀਪੀਓ ਜਸਪਾਲ ਸਿੰਘ ਜਗਨਦਨ ਸਿੰਘ ਮਾਸਟਰ ਗੁਰਮੇਜ ਸਿੰਘ ਦਿਹਾਤੀ ਜਨਰਲ ਸੈਕਟਰੀ ਗੁਰਚੇਤ ਸਿੰਘ , ਔਰਤਾਂ ਤੇ ਬੱਚਿਆਂ ਨੇ ਮਾਤਾ ਸਵਿਤਰੀ ਬਾਈ ਫੁੱਲੇ ਦੀ ਸੰਘਰਸ਼ ਮਾਈ ਜੀਵਨੀ ਦੇਖ ਕੇ ਬਹੁਤ ਪ੍ਰਭਾਵਿਤ ਹੋਏ ।

# ਬਸਪਾ ਨਵਾਂਸ਼ਹਿਰ ਵਿੱਚ ਇੱਕ ਪ੍ਰੋਗਰਾਮ ਮੀਟਿੰਗ ਵਿੱਚ ਮੁੱਖ ਮਹਿਮਾਨ ਡਾ ਨਛੱਤਰ ਪਾਲ ਹੋਣਗੇ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )ਅੱਜ ਮਿਤੀ 30-5-2025 ਨੂੰ ਬਹੁਜਨ ਸਮਾਜ ਪਾਰਟੀ ਦੇ ਮੁੱਖ ਦਫਤਰ ਚੰਡੀਗੜ੍ਹ ਰੋਡ ਕੇਸੀ ਟਾਵਰ ਨਵਾਂ ਸ਼ਹਿਰ ਵਿਖੇ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ ਜਿਸ ਵਿੱਚ ਬਹੁਜਨ ਸਮਾਜ ਪਾਰਟੀ ਦੇ ਵਿਧਾਇਕ ਡਾ ਨਛੱਤਰ ਪਾਲ ਵਿਸ਼ੇਸ਼ ਤੌਰ ਮੁੱਖ ਮਹਿਮਾਨ ਵਾਜੋ ਪੁਜੇ ਅੱਜ ਦੀ ਇਹ ਮੀਟਿੰਗ ਜਿਲਾ ਪ੍ਰਧਾਨ ਸਰਬਜੀਤ ਜਾਫਰਪੁਰ ਦੀ ਅਗਵਾਈ ਹੇਠ ਕੀਤੀ ਗਈ ਇਸ ਮੀਟਿੰਗ ਵਿੱਚ ਐਮਐਲਏ ਡਾਕਟਰ ਨਛੱਤਰ ਪਾਲ ਜੀ ਨੇ ਸਮੂਹ ਵਰਕਰਾਂ ਨੂੰ ਸੰਬੋਧਨ ਕਰਦੇ



ਹੋਏ 15 ਜੂਨ 2025 ਨੂੰ ਪਾਰਟੀ ਵੱਲੋਂ ਵਿਧਾਨ ਸਭਾ ਨਵਾਂ ਸ਼ਹਿਰ ਵਿਚ ਹੋਣ ਵਾਲੇ ਵਿਸ਼ੇਸ਼ ਪ੍ਰੋਗਰਾਮ ਬਾਰੇ ਜਾਣੂ ਕਰਵਾਇਆ ਉਹਨਾਂ ਕਿਹਾ ਕਿ ਇਹ ਪ੍ਰੋਗਰਾਮ ਨਵਾਂ ਸ਼ਹਿਰ ਵਿਖੇ ਬੱਲੂ ਮੂਨ ਰਸੋਡ ਵਿੱਚ ਕੀਤਾ ਜਾਵੇਗਾ ਇਸ ਵਿੱਚ ਬਹੁਜਨ ਸਮਾਜ ਪਾਰਟੀ ਦੇ ਸੀਨੀਅਰ ਸਿਟੀਜਨ,ਜੋ ਵੀ ਅੰਦਰ ਬੂਥ ਉਤੇ ਬੈਠਣ ਵਾਲੇ ਪੋਲਿੰਗ ਏਜੰਟ,ਨਵ ਜੁਗਤ ਸਰਪੰਚ,ਪੰਚ ਅਤੇ ਖਾਸ ਕਰਕੇ ਜੋ ਸਾਡੀਆਂ ਭੈਣਾ ਇਲੈਕਸ਼ਨਾਂ ਦੇ ਸਮੇਂ ਪਾਰਟੀ ਵੱਲੋਂ ਲਗਾਈ ਗਈ ਡਿਊਟੀ ਨਿਭਾਉਂਦੀਆਂ ਹਨ ਡੋਰ ਟੂ ਡੋਰ ਜਾਦੀਆਂ ਹਨ ਉਹਨਾਂ ਸਾਰਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ।ਇਸ ਮੋਕੇ ਵਿਧਾਇਕ ਡਾ ਨਛੱਤਰ ਪਾਲ ਜੀ ਤੋਂ ਇਲਾਵਾ ਸਰਬਜੀਤ ਜਾਫਰਪੁਰ ਜਿਲਾ ਪ੍ਰਧਾਨ, ਪਰਵੀਨ ਬੰਗਾ ਜਨਰਲ ਸਕੱਤਰ ਪੰਜਾਬ, ਰਸ਼ਪਾਲ ਮਹਾਲੋਂ ਵਿਧਾਨ ਸਭਾ ਪ੍ਰਧਾਨ, ਗਿਆਨ ਚੰਦ ਦਫਤਰ ਇੰਚਾਰਜ, ਗੁਰਮੁੱਖ ਨੌਰਥ ਵਾਈਸ ਪ੍ਰਧਾਨ ਨਗਰ ਕੌਂਸਲ,ਵਕੀਲ ਰਾਜ ਕੁਮਾਰ,ਵਕੀਲ ਮੁਕੇਸ਼ ਬਾਲੀ, ਸੁਰਿੰਦਰ ਪਾਲ,ਹਰਮੇਸ਼ ਨੌਰਦ, ਅਮਰੀਕ ਸਿੰਘ ਬੰਗਾ,ਮਨਜੀਤ ਰਾਜੂ ਪ੍ਰਿੰਟਿੰਗ, ਹਰਵਲਾਸ ਬੱਧਣ, ਰਕੇਸ਼ ਉਦਨੋਵਾਲ, ਹਰਮੇਸ਼ ਸੀਮਰ, ਵਿਜੇ ਗੁਣਾ ਚੌਰ ,ਅਸ਼ਵਨੀ ਕੁਮਾਰ, ਮੁੱਖ ਤਿਆਰ ਮੁੱਖਾ, ਹਰ ਨਿਰੰਜਨ, ਪ੍ਰਿਥੀ ਕੁਮਾਰ ਰਾਜਾ, ਮਾਸਟਰ ਪ੍ਰੇਮ ਰਤਨ, ਮਦਨ ਸਿੱਧੂ, ਬਲਦੇਵ ਮਾਹੀ, ਐਸਡੀਓ ਚਮਨ ਲਾਲ, ਐਸਡੀਓ ਧਰਮਪਾਲ, ਦਲੀਪ ਕੁਮਾਰ, ਸਤਪਾਲ ਲੰਗੜੋਆਂ, ਬਲਵਿੰਦਰ ਭੰਗਲ, ਰਾਣਾ ਭੰਗਲ, ਡਾਕਟਰ ਮਹਿੰਦਰ ਪਾਲ, ਹਰਬੰਸ ਜਾਨੀਵਾਲ, ਕੇਸਰ ਸਲਣ, ਸੋਹਣ ਸਿੰਘ ਧਿੰਗੜਪੁਰੀ, ਪਰਸੋਤਮ ਲੱਧੜ, ਕਸ਼ਮੀਰ ਸਿੰਘ ਅਤੇ ਹੋਰ ਵੀ ਸਾਥੀ ਹਾਜ਼ਰ ਸਨ

# ਵਿਧਾਇਕ ਜਿੰਪਾ ਨੇ ਵਾਰਡ ਨੰਬਰ 34 ‘ਚ ਗਲੀਆਂ ਦੇ ਨਿਰਮਾਣ ਕਾਰਜ ਦੀ ਕਰਵਾਈ ਸ਼ੁਰੂਆਤ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਸ਼ਹਿਰ ਦੇ ਵਿਕਾਸ ਨੂੰ ਹੁਲਾਰਾ ਦਿੰਦੇ ਹੋਏ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਵਾਰਡ ਨੰਬਰ 34 ਦੇ ਮੌਲਵੀਆਂ ਮੁਹੱਲੇ ਵਿਚ 12.38 ਲੱਖ ਰੁਪਏ ਦੀ ਲਾਗਤ ਨਾਲ ਗਲੀਆਂ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਈ। ਇਸ ਪ੍ਰੋਜੈਕਟ ਤਹਿਤ ਇਲਾਕੇ ਦੀਆਂ ਮੁੱਖ ਗਲੀਆਂ ਨੂੰ ਮਜ਼ਬੂਤ ਅਤੇ ਆਧੁਨਿਕ ਬਣਾਇਆ ਜਾਵੇਗਾ, ਜਿਸ ਨਾਲ ਸਥਾਨਕ



ਨਿਵਾਸੀਆਂ ਨੂੰ ਆਉਣ-ਜਾਣ ਵਿਚ ਸਹੂਲਤ ਮਿਲੇਗੀ। ਇਸ ਮੌਕੇ ਵਿਧਾਇਕ ਜਿੰਪਾ ਨੇ ਕਿਹਾ ਕਿ ਉਨ੍ਹਾਂ ਦੀ ਤਰਜ਼ੀਹ ਸ਼ਹਿਰ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਅਤੇ ਨਾਗਰਿਕਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਵਾਰਡ ਨੰਬਰ 34 ਵਿਚ ਲੰਬੇ ਸਮੇਂ ਤੋਂ ਸੜਕਾਂ ਦੇ ਸੁਧਾਰ ਦੀ ਲੋੜ ਸੀ, ਇਸੇ ਨੂੰ ਧਿਆਨ ਵਿਚ ਰੱਖਦੇ ਹੋਏ, ਇਹ ਕੰਮ ਸ਼ੁਰੂ ਕੀਤਾ ਗਿਆ ਹੈ। ਵਿਧਾਇਕ ਜਿੰਪਾ ਨੇ ਦੱਸਿਆ ਕਿ ਇਹ ਸਿਰਫ਼ ਇਕ ਵਾਰਡ ਤੱਕ ਸੀਮਤ ਨਹੀਂ ਰਹੇਗਾ, ਸਗੋਂ ਪੂਰੇ ਸ਼ਹਿਰ ਵਿਚ ਲੋੜ ਅਨੁਸਾਰ ਸੜਕਾਂ, ਗਲੀਆਂ ਅਤੇ ਹੋਰ ਬੁਨਿਆਦੀ ਢਾਂਚੇ ਦਾ ਵਿਕਾਸ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਨਾਗਰਿਕਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲੈ ਰਹੀ ਹੈ ਅਤੇ ਇਨ੍ਹਾਂ ਨੂੰ ਤੇਜ਼ੀ ਨਾਲ ਹੱਲ ਕਰਨ ਲਈ ਯਤਨਸ਼ੀਲ ਹੈ। ਨਿਰਮਾਣ ਕਾਰਜ ਦੀ ਸ਼ੁਰੂਆਤ ਦੌਰਾਨ ਸਥਾਨਕ ਨਾਗਰਿਕਾਂ ਅਤੇ ਇਲਾਕੇ ਦੇ ਵਸਨੀਕਾਂ ਨੇ ਵਿਧਾਇਕ ਜਿੰਪਾ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਕੰਮ ਨਾ ਸਿਰਫ਼ ਆਵਾਜਾਈ ਨੂੰ ਸੌਖਾ ਬਣਾਏਗਾ ਬਲਕਿ ਬਰਸਾਤ ਦੇ ਦਿਨਾਂ ਵਿਚ ਪਾਣੀ ਭਰਨ ਦੀ ਸਮੱਸਿਆ ਤੋਂ ਵੀ ਰਾਹਤ ਮਿਲੇਗੀ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਕੌਂਸਲਰ ਰਾਜੇਸ਼ਵਰ ਦਿਆਲ ਬੱਬੀ, ਕੌਂਸਲਰ ਵਿਜੇ ਅਗਰਵਾਲ, ਅਜੇ ਵਰਮਾ, ਵਰਿੰਦਰ ਵੈਦ ਅਤੇ ਹੋਰ ਮੁਹੱਲਾ ਵਾਸੀ ਵੀ ਮੌਜੂਦ ਸਨ।

# ਸ੍ਰੀ ਸੁਰੇਸ਼ ਕੁਮਾਰ ਚੌਹਾਨ ਕਰਨਾਣਾ ਜੀ ਵੱਲੋਂ ਵਧੀਆ ਅੰਕ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਬੰਗਾ( ਚਰਨਜੀਤ ਸੱਲ੍ਹਾਂ )ਸਮਾਜ ਸੇਵੀ ਸ੍ਰੀ ਸੁਰੇਸ਼ ਚੌਹਾਨ ਜੀ ਵੱਲੋਂ ਮੁਫਤ ਪੜ੍ਹਾਈ ਪ੍ਰਾਪਤ ਕਰ ਰਹੇ ਅਤੇ ਇਮਤਿਹਾਨਾਂ ਵਿੱਚ ਵਧੀਆ ਅੰਕ ਲਿਆਉਣ ਵਾਲੇ ਬੱਚਿਆਂ ਲਈ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਸਮਾਰੋਹ ਵਿੱਚ ਬੱਚੇ , ਉਹਨਾਂ ਦੇ ਮਾਪੇ , ਅਧਿਆਪਕ ਅਤੇ ਸਿੱਖਿਆ ਪ੍ਰੇਮੀ ਹਾਜ਼ਰ ਹੋਏ। ਸਮਾਗਮ ਦੌਰਾਨ ਬਹੁਤ ਸਾਰੇ ਵਿਦਿਆਰਥੀਆਂ ਨੇ ਆਪਣੀ ਗੱਲਬਾਤ ਅਤੇ ਭਾਸ਼ਣ ਅੰਗਰੇਜ਼ੀ ਵਿੱਚ ਦਿੱਤਾ ਜਿਸ ਦੀ ਸਾਰਿਆਂ ਵੱਲੋਂ ਸ਼ਲਾਘਾ ਕੀਤੀ




ਗਈ। ਸ਼੍ਰੀਮਤੀ ਅਮਨਦੀਪ ਆਹਲੂਵਾਲੀਆ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਰੀਹਾ ਜੀ ਨੇ ਬੱਚਿਆਂ ਨੂੰ ਰੌਚਕ ਕਹਾਣੀਆਂ ਰਾਹੀਂ ਜੀਵਨ ਦੇ ਸੱਚੇ ਮੁੱਲਾਂ ਅਤੇ ਸੰਘਰਸ਼ ਦੀ ਮਹੱਤਤਾ ਬਾਰੇ ਪ੍ਰੇਰਿਆ। ਬੱਚਿਆਂ ਨੇ ਬਹੁਤ ਉਤਸ਼ਾਹ ਨਾਲ ਮੈਡਮ ਜੀ ਦੀਆਂ ਗੱਲਾਂ ਅਤੇ ਕਹਾਣੀਆਂ ਸੁਣੀਆਂ ਅਤੇ ਉਹਨਾਂ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋਏ ਮਾਪਿਆਂ ਨੇ ਵੀ ਉਹਨਾਂ ਦੀ ਸੋਚ ਦੀ ਖੂਬ ਸਿਫ਼ਤ ਕੀਤੀ। ਇਸ ਮੌਕੇ ਉੱਤੇ ਸ੍ਰੀ ਸੁਖਵਿੰਦਰ ਲੰਗੇਰੀ ਵੱਲੋਂ ਜਾਦੂ ਦੇ ਟਰਿੱਕ ਰਾਹੀਂ ਮਨੋਰੰਜਨ ਦੇ ਨਾਲ ਨਾਲ ਸਿੱਖਿਆਤਮਕ ਸੰਦੇਸ਼ ਵੀ ਦਿੱਤੇ ਗਏ। ਮਾਸਟਰ ਸ੍ਰੀ ਵਿਜੇ ਕੁਮਾਰ ਅਤੇ ਰਜਨੀ ਮੈਡਮ ਅਤੇ ਮਾਸਟਰ ਪਰਮਜੀਤ ਸਿੰਘ , ਰਣਬੀਰ ਸਿੰਘ ਜੀ ਨੇ ਸ੍ਰੀ ਸੁਰੇਸ਼ ਚੌਹਾਨ ਜੀ ਦੇ ਸਮਾਜਿਕ ਅਤੇ ਸਿੱਖਿਆ ਖੇਤਰ ਵਿੱਚ ਕੀਤੇ ਜਾ ਰਹੇ ਉਪਰਾਲਿਆਂ ਦੀ ਖੂਬ ਸ਼ਲਾਘਾ ਕੀਤੀ ਉਹਨਾਂ ਨੇ ਬੱਚਿਆਂ ਨੂੰ ਪ੍ਰੇਰਿਆ ਕਿ ਉਹ ਸਿੱਖਿਆ ਰਾਹੀਂ ਆਪਣੇ ਜੀਵਨ ਨੂੰ ਸੰਵਾਰਨ ਅਤੇ ਸਮਾਜ ਦੀ ਸੇਵਾ ਲਈ ਤਿਆਰ ਰਹਿਣ। ਸਟੇਜ ਸਕੱਤਰ ਦੀ ਭੂਮਿਕਾ ਮਿਸ ਨਿੰਕੀ ਅਤੇ ਮਿਸ ਪ੍ਰਿਅੰਕਾ ਵੱਲੋਂ ਬਾਖ਼ੂਬੀ ਨਿਭਾਈ ਗਈ । ਉਹਨਾਂ ਦੀ ਆਤਮ ਵਿਸ਼ਵਾਸ ਭਰੀ ਸਟੇਜ ਸੰਚਾਲਨਾ ਨੇ ਸਮੂਹ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ। ਇਹ ਸਮਾਰੋਹ ਸਿਰਫ ਸਨਮਾਨ ਦਾ ਮੰਚ ਨਹੀਂ ਸੀ ਸਗੋਂ ਬੱਚਿਆਂ ਲਈ ਇੱਕ ਨਵੀਂ ਉਡਾਨ ਦੀ ਪ੍ਰੇਰਨਾ ਸੀ ਜਿਸ ਰਾਹੀਂ ਉਹਨਾਂ ਨੂੰ ਆਪਣੀ ਸਿੱਖਿਆ ਸੁਵਿਧਾ ਅਤੇ ਸੰਘਰਸ਼ ਦੀ ਮਹੱਤਤਾ ਸਮਝ ਆਈ। ਇਹ ਸਮਾਗਮ ਬੱਚਿਆਂ ਦੇ ਮਨੋਵਿਗਿਆਨਿਕ ਵਿਕਾਸ ਲਈ ਇੱਕ ਮਹੱਤਵਪੂਰਨ ਕਦਮ ਸਾਬਤ ਹੋਇਆ

# ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਦਾ ਉਨ੍ਹਾਂ ਦੇ ਜੱਦੀ ਪਿੰਡ ਉੱਭਾਵਾਲ ਵਿਖੇ ਕੀਤਾ ਗਿਆ ਅੰਤਿਮ ਸੰਸਕਾਰ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਉੱਭਾਵਾਲ,30 ਮਈ (ਜਗਸੀਰ ਸਿੰਘ) - ਪੰਜਾਬ ਦੀ ਸਿਆਸਤ ਦੇ ਥੰਮ ਅਤੇ ਬਾਬਾ ਬੋਹੜ ਮੰਨੇ ਜਾਂਦੇ ਅਕਾਲੀ ਦਲ ਦੇ ਸਾਬਕਾ ਸੱਕਤਰ ਜਨਰਲ ਅਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਅੱਜ ਪੰਜ ਤੱਤਾਂ ‘ਚ ਵਿਲੀਨ ਹੋ ਗਏ। ਉਨ੍ਹਾਂ ਦਾ ਅੰਤਿਮ ਸਸਕਾਰ ਜੱਦੀ ਪਿੰਡ ਉੱਭਾਵਾਲ ਵਿਖੇ ਕੀਤਾ ਗਿਆ। ਸੁਖਦੇਵ ਸਿੰਘ ਢੀਂਡਸਾ ਦੇ ਅੰਤਿਮ ਸਸਕਾਰ ਵੇਲੇ ਹਰ ਅੱਖ ਨਮ ਸੀ।ਉਨ੍ਹਾਂ ਦੀ



ਅੰਤਿਮ ਵਿਦਾਈ ‘ਚ ਵੱਖ-ਵੱਖ ਸਿਆਸੀ ਸ਼ਖ਼ਸੀਅਤਾਂ ਅਤੇ ਹੋਰ ਆਗੂ ਸ਼ਾਮਲ ਹੋਏ। ਇਸ ਮੌਕੇ ਅਕਾਲੀ ਦਲ ਦੇ ਆਗੂ ਸੁਖਬੀਰ ਬਾਦਲ ਸਣੇ ਮਨਪ੍ਰੀਤ ਸਿੰਘ ਬਾਦਲ, ਪ੍ਰੇਮ ਸਿੰਘ ਚੰਦੂਮਾਜਰਾ, ਕਾਂਗਰਸ ਦੇ ਸਾਬਕਾ ਕੈਬਨਿਟ ਮੰਤਰੀ ਵਿਜੇ ਇੰਦਰ ਸਿੰਗਲਾ,ਆਪ ਵਿਧਾਇਕਾ ਨਰਿੰਦਰ ਕੌਰ ਭਰਾਜ, ਬਿਕਰਮ ਮਜੀਠੀਆ, ਅਸ਼ਵਨੀ ਸ਼ਰਮਾ, ਪ੍ਰਨੀਤ ਕੌਰ ਅਤੇ ਹੋਰ ਆਗੂ ਉਨ੍ਹਾਂ ਦੀ ਅੰਤਿਮ ਵਿਦਾਈ ‘ਚ ਸ਼ਾਮਲ ਹੋਏ।

ਦੱਸਣਯੋਗ ਹੈ ਕਿ ਸੁਖਦੇਵ ਸਿੰਘ ਢੀਂਡਸਾ ਦਾ ਮੋਹਾਲੀ ਦੇ ਫੋਰਟਿਸ ਹਸਪਤਾਲ ਵਿਖੇ ਦਿਹਾਂਤ ਹੋ ਗਿਆ ਸੀ। ਬੀਤੇ ਦਿਨ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਚੰਡੀਗੜ੍ਹ ਸਥਿਤ ਰਿਹਾਇਸ਼ ਵਿਖੇ ਦਰਸ਼ਨਾਂ ਲਈ ਰੱਖਿਆ ਗਿਆ ਸੀ। ਅੱਜ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਪਹਿਲਾਂ ਸੰਗਰੂਰ ਸਥਿਤ ਘਰ ਲਿਆਂਦਾ ਗਿਆ ਜਿਥੇ ਵੱਡੀ ਗਿਣਤੀ ਵਿਚ ਆਗੂਆਂ ਤੇ ਵਰਕਰਾਂ ਨੇ ਉਨ੍ਹਾਂ ਦੇ ਅੰਤਿਮ ਦਰਸ਼ਨ ਕੀਤੇ ਤੇ ਦੁਪਹਿਰ ਸਮੇਂ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਇੱਕ ਕਾਫਲੇ ਦੇ ਰੂਪ ਵਿੱਚ ਉਨ੍ਹਾਂ ਦੇ ਜੱਦੀ ਪਿੰਡ ਉਭਾਵਾਲ ਲਿਆਂਦਾ ਗਿਆ ਜਿਥੇ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ ।ਉਨ੍ਹਾਂ ਦੀ ਮ੍ਰਿਤਕ ਦੇਹ ਦੇ ਅੰਤਿਮ ਦਰਸ਼ਨ ਕਰਨ ਲਈ ਲੋਕਾਂ ਦਾ ਸੜਕਾਂ ‘ਤੇ ਜਨ ਸੈਲਾਬ ਉਮੜ ਆਇਆ ਸੀ।

# ਬਾਬਾ ਪਰਮਜੀਤ ਸਿੰਘ ਬਡਰੁੱਖਾਂ ਵਾਲਿਆਂ ਵਲੋਂ ਸੁਖਦੇਵ ਸਿੰਘ ਢੀਂਡਸਾ ਦੇ ਦੇਹਾਂਤ ਤੇ ਦੁੱਖ ਦਾ ਪ੍ਰਗਟਾਵਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਈ
INTERNATIONAL PAPER, 94636 01616
hardipchumber57@gmail.com

ਲੌਂਗੋਵਾਲ,30 ਮਈ ( ਜਗਸੀਰ ਸਿੰਘ)-

ਬਾਬਾ ਪਰਮਜੀਤ ਸਿੰਘ ਜੀ ਬਡਰੁੱਖਾਂ ਵਾਲਿਆਂ ਨੇ ਅਕਾਲੀ ਰਾਜਨੀਤੀ ਦੇ ਬਾਬਾ ਬੋਹੜ ਸੁਖਦੇਵ ਸਿੰਘ ਢੀਂਡਸਾ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਬਾਬਾ ਪਰਮਜੀਤ ਸਿੰਘ ਜੀ ਨੇ ਕਿਹਾ ਹੈ ਕਿ ਸ. ਢੀਂਡਸਾ ਸ਼੍ਰੋਮਣੀ ਅਕਾਲੀ ਦਲ ਦੇ ਰੌਸ਼ਨ ਦਿਮਾਗ਼ ਅਤੇ ਮੋਹਰੀ ਆਗੂ ਸਨ। ਉਨ੍ਹਾਂ ਨੇ ਉੱਚ ਆਦਰਸ਼ਾਂ, ਦੂਰਅੰਦੇਸ਼ੀ ਸੋਚ ਪੰਥ ਅਤੇ ਪੰਜਾਬ ਪ੍ਰਤੀ ਸਮਰਪਣ ਭਾਵਨਾ ਸਦਕਾ ਪੰਜਾਬ ਅਤੇ ਕੌਮੀ ਰਾਜਨੀਤੀ ਵਿਚ ਉੱਚੇ ਮੁਕਾਮ ਹਾਸਲ ਕੀਤੇ। ਉਨ੍ਹਾਂ ਦਾ ਸਮੁੱਚਾ ਜੀਵਨ ਬੇਦਾਗ਼ ਰਿਹਾ ਪੰਜਾਬ ਖ਼ਾਸਕਰ ਸੰਗਰੂਰ ਇਲਾਕੇ ਲਈ ਉਨ੍ਹਾਂ ਵਲੋਂ ਕਰਵਾਏ ਮਨਾਂ ਵਿਚ ਚਿਰ ਸਥਾਈ ਯਾਦ



ਰਹਿਣਗੇ।

# ਬਠਿੰਡਾ ਹਲਕੇ ਨੂੰ ਬਖਸ਼ਿਆ ਮਾਣ। ਭੈਣ ਮੀਨਾ ਕੁਮਾਰੀ ਨੂੰ ਲਗਾਇਆ ਬਸਪਾ ਨੇ ਸੂਬਾ ਸਕੱਤਰ, ਡਾ: ਜੁਗਿੰਦਰ ਸਿੰਘ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ INTERNATIONAL PAPER, 94636 01616 hardipchumber57@gmail.com

ਜਗਤਾਰ ਸਿੰਘ ਰੋੜੇਵਾਲ -- ਬਹੁਜਨ ਸਮਾਜ ਪਾਰਟੀ ਦੀ ਸ੍ਰੀ ਕਾਂਸ਼ੀ ਰਾਮ ਭਵਨ ਸੂਬੇ ਦੇ ਮੁੱਖ ਦਫਤਰ ਜਲੰਧਰ ਵਿਖੇ ਮੀਟਿੰਗ ਹੋਈ। ਇਸ ਮੌਕੇ ਮੁੱਖ ਮਹਿਮਾਨ ਸ੍ਰੀ ਰਣਧੀਰ ਸਿੰਘ ਬੈਣੀਵਾਲ ਰਾਸ਼ਟਰੀ ਕੋਆਰਡੀਨੇਟਰ ਅਤੇ ਕੇਂਦਰੀ ਪ੍ਰਭਾਰੀ ਸ੍ਰੀ ਵਿਪੁਲ ਕੁਮਾਰ, ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ, ਸਟੇਟ ਕੋਆਰਡੀਨੇਟਰ ਪ੍ਰਜਾਪਤੀ ਅਜੀਤ ਸਿੰਘ ਭੈਣੀ ਅਤੇ ਸਟੇਟ ਕੋਆਰਡੀਨੇਟਰ ਕੁਲਦੀਪ ਸਿੰਘ ਸਰਦੂਲਗੜ੍ਹ ਅਤੇ ਨਵਾਂ ਸ਼ਹਿਰ ਤੋਂ ਵਿਧਾਇਕ ਡਾਕਟਰ ਨਛੱਤਰ ਪਾਲ ਜੀ ਹਾਜ਼ਰ ਸਨ।ਇਸ ਮੌਕੇ ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਜੀ ਦੇ ਦਿਸ਼ਾ ਨਿਰਦੇਸ਼ ਤੇ ਭੈਣ ਮੀਨਾ ਕੁਮਾਰੀ ਨੂੰ ਬਸਪਾ ਪੰਜਾਬ ਦੇ ਸਕੱਤਰ ਨਿਯੁਕਤ ਕੀਤਾ ਗਿਆ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾਕਟਰ ਜੋਗਿੰਦਰ ਸਿੰਘ ਪ੍ਰਧਾਨ ਜ਼ਿਲਾ ਬਠਿੰਡਾ ਨੇ ਦੱਸਿਆ ਕਿ ਭੈਣ ਮੀਨਾ ਰਾਣੀ ਜੀ ਇਸ ਤੋਂ ਪਹਿਲਾਂ ਵੀ ਸੂਬੇ ਦੇ ਸਕੱਤਰ ਦੀ ਜ਼ਿੰਮੇਵਾਰੀ ਸੁਚੱਜੇ ਢੰਗ ਨਾਲ ਨਿਭਾ ਰਹੇ ਸਨ। ਉਨ੍ਹਾਂ ਦੀਆਂ ਪਾਰਟੀ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦਿਆਂ ਦੁਬਾਰਾ ਫਿਰ ਸੂਬੇ ਦੇ ਸਕੱਤਰ ਦੀ ਵੱਡੀ ਜ਼ਿੰਮੇਵਾਰੀ ਦਿੱਤੀ ਗਈ ਹੈ। ਉਨ੍ਹਾਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਮੈਂ ਪਾਰਟੀ ਹਾਈਕਮਾਨ ਦਾ



ਧੰਨਵਾਦ ਕਰਦੀ ਹੋਈ ਹਾਈ ਕਮਾਂਡ ਨੂੰ ਵਿਸ਼ਵਾਸ ਦਿਵਾਉਂਦੀ ਹਾਂ ਜਿਨ੍ਹਾਂ ਨੇ ਮੈਨੂੰ ਸੂਬਾ ਦਾ ਦੁਬਾਰਾ ਸਕੱਤਰ ਬਣਾਇਆ ਹੈ ਕਿ ਮੈਂ ਪਹਿਲਾਂ ਦੀ ਤਰ੍ਹਾਂ ਜੋ ਪਾਰਟੀ ਨੇ ਮੈਨੂੰ ਜ਼ਿੰਮੇਵਾਰੀ ਦਿੱਤੀ ਹੈ ਮੈਂ ਤਨ ਮਨ ਧਨ ਨਾਲ ਪਹਿਲਾਂ ਦੀ ਤਰ੍ਹਾਂ ਨਿਭਾਉਂਦੇ ਰਹਾਂਗੀ।

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ INTERNATIONAL PAPER, 94636 01616 hardipchumber57@gmail.com

# ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ

ਸ ਲਾਲ ਸਿੰਘ ਸੁਲਹਾਣੀ



ਬਖ਼ਸ਼ੇ ਮੋਤੀ ਅਨਮੋਲ ਮਨੁੱਖਤਾ ਨੂੰ,
ਗਾਵੇ ਕਿਉਂ ਨਾ ਗੁਣ ਸੰਸਾਰ ਤੇਰੇ।
ਤੈਨੂੰ ਸਿੱਜਦਾ ਲੱਖ ਕਰੋੜ ਵਾਰੀ,
ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ।

1.ਅੰਮ੍ਰਿਤ ਸਰੋਵਰ ਵਿੱਚ ਕਮਲ ਦੇ ਫੁੱਲ ਵਾਂਗੂੰ,
ਮੇਰੇ ਸ਼ਹਿਨਸ਼ਾਹ ਹਰੀ ਦਾ ਦੁਆਰ ਰਚਿਆ।
ਚਹੁੰ ਕੂਟਾਂ ਦੀ ਸਾਰੀ ਮਨੁੱਖਤਾ ਲਈ,
ਸਰਬ ਸਾਂਝਾ ਤੈਂ ਗੁਰੂ ਦਰਬਾਰ ਰਚਿਆ।
ਚਾਰਾਂ ਵਰਨਾ 'ਚੋਂ ਆਏ ਨਿਸੰਗ ਕੋਈ,
ਹਰਿਮੰਦਰ ਸੱਭ ਲਈ ਸਾਂਝਾ ਇਕਸਾਰ ਰਚਿਆ।
"ਡਿੱਠੇ ਥਾਨ ਸੱਭੇ", ਨਹੀਓਂ ਏਸ ਵਰਗਾ,
ਅਨੂਠਾ, ਨੂਰੀ,ਇਲਾਹੀ ਸੰਸਾਰ ਰਚਿਆ।
"ਵਿਸ਼ਵ ਕੁਟੰਬ" ਲਈ ਰਚਿਆ ਅਸਥਾਨ ਸਾਂਝਾ,
ਸਦਕੇ ਜਾਵਾਂ ਮੈਂ, ਸਦਾ ਬਲਿਹਾਰ ਤੇਰੇ।
ਤੈਨੂੰ ਸਿੱਜਦਾ ਲੱਖ ਕਰੋੜ ਵਾਰੀ,
ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ।

2.ਰਾਖੇ ਮਨੁੱਖਤਾ ਦੇ, ਹਾਮੀ ਏਕਤਾ ਦੇ,
ਸਾਂਝੀਵਾਲਤਾ ਦੇ ਆਲੰਬਰਦਾਰ ਜਿਹੜੇ।
ਜਾਤ-ਪਾਤ ਦੀ ਸੋਚ ਤੋਂ ਬਹੁਤ ਉੱਚੇ,
ਕਰ ਗਏ ਵਰਨਾਂ ਨੂੰ ਦਰਕਿਨਾਰ ਜਿਹੜੇ।
ਵਿਸ਼ਵ ਸ਼ਾਂਤੀ ਸਰਬੱਤ ਦੇ ਭਲੇ ਖ਼ਾਤਰ,
"ਸੰਤ" ਕਰਦੇ ਸਨ ਧਰਮ ਪ੍ਰਚਾਰ ਜਿਹੜੇ।
ਊਚ-ਨੀਚ ਦਾ ਭਰਮ ਮਿਟਾਉਣ ਖ਼ਾਤਰ,
ਤੁਰੇ ਸੱਚ ਦਾ ਕਰਨ ਵਪਾਰ ਜਿਹੜੇ।
ਰਚਿਆ ਗ੍ਰੰਥ ਸਾਂਝਾ, ਲੈ ਕੇ "ਗੁਰੂ ਬਾਣੀ"
ਮਿਲ਼ ਗਏ ਜਿਨ੍ਹਾਂ ਨਾਲ਼ ਸੁੱਚੇ ਵਿਚਾਰ ਤੇਰੇ।
ਤੈਨੂੰ ਸਿੱਜਦਾ ਲੱਖ ਕਰੋੜ ਵਾਰੀ,
ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ।

3.ਸੁੱਚੇ ਗ੍ਰੰਥ ਦੀ ਤਾਬਿਆ ਪੰਥ ਕਰਕੇ,
ਦਾਤ ਕੀਰਤਨ ਦੀ ਬਖ਼ਸ਼ੀ ਅਨਮੋਲ ਦਾਤਾ।
ਬਰਸੇ ਨੂਰ ਇਲਾਹੀ ਹਮੇਸ਼ ਏਥੇ,
ਵਰ੍ਹਦੇ ਸਦਾ ਅਗੰਮੀ ਨੇ ਬੋਲ ਦਾਤਾ।
ਤਪਦੇ ਦਿਲਾਂ ਨੂੰ ਮਿਲ਼ੇ ਸਕੂਨ ਏਥੇ,
ਝਰਨੇ ਅੰਮ੍ਰਿਤ ਦੇ ਦਿੱਤੇ ਤੈਂ ਖੋਲ੍ਹ ਦਾਤਾ।
ਤੇਰੇ ਦਰ ਦੀ ਸਰਦਲ 'ਤੇ ਰੱਖ ਮੱਥਾ,
ਮਿਲ਼ਦੀ ਸ਼ਾਂਤੀ, ਆਪਾ ਪੜਚੋਲ ਦਾਤਾ।
ਸੁਣਕੇ ਗੁਰੂ ਬਾਣੀ, "ਕਾਗਹੁ ਹੰਸ" ਬਣਦੇ,
ਬਣਦੇ "ਮਨੁੱਖਾਂ ਤੋਂ ਦਿਉਤੇ" ਦਰਬਾਰ ਤੇਰੇ।
ਤੈਨੂੰ ਸਿੱਜਦਾ ਲੱਖ ਕਰੋੜ ਵਾਰੀ,
ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ।

4.ਛੂਤਛਾਤ ਤੇ ਜਾਤਾਂ ਦਾ ਵੱਢ ਫ਼ਸਤਾ,
ਸੰਗਤ ਪੰਗਤ ਦਾ, ਰਸਤਾ ਅਖ਼ਤਿਆਰ ਕੀਤਾ ।
"ਭਗਤ-ਬਾਣੀ" ਨੂੰ ਦੇਕੇ ਖ਼ਿਤਾਬ ਉੱਚਾ,
ਆਪ ਨੀਵਾਂ ਹੋ, ਧਰਮ ਪ੍ਰਚਾਰ ਕੀਤਾ ।
ਕੂੜ, ਕੁਸੱਤ, ਕੁਰਹਿਤਾਂ 'ਤੇ ਰੋਕ ਲਾ ਕੇ,
ਮਾਨਵ ਜਾਤੀ ਨਾਲ਼ ਦਿਲੋਂ ਪਿਆਰ ਕੀਤਾ।
ਲਾਗੂ ਕਰਨ ਲਈ "ਨਾਨਕ ਦਾ ਮਿਸ਼ਨ" ਸੁੱਚਾ,
ਹਰ ਵੰਗਾਰ ਲਈ ਆਪਾ ਤਿਆਰ ਕੀਤਾ।
ਜਰ ਸਕੇ ਨਾ ਦੋਖੀ ਮਨੁੱਖਤਾ ਦੇ,
ਮਾਨਵ ਪ੍ਰੀਤ ਨਾਲ਼ ਬਚਨ ਸਰਸ਼ਾਰ ਤੇਰੇ।
ਤੈਨੂੰ ਸਿੱਜਦਾ ਲੱਖ ਕਰੋੜ ਵਾਰੀ,
ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ।

5.ਦੀਨ ਦੁੱਖੀ ਸਰਬੱਤ ਦੇ ਭਲੇ ਖ਼ਾਤਰ,
ਤੈਂ ਜੋ ਮਾਨਵ ਨੂੰ ਸੱਚਾ ਉਪਦੇਸ਼ ਦਿੱਤਾ।
"ਹਲੇਮੀ ਰਾਜ" ਦਾ ਸੁਪਨਸਾਜ ਬਣਕੇ,
ਬੇਗ਼ਮਪੁਰੇ ਦਾ ਸਾਂਝਾ ਸੰਦੇਸ਼ ਦਿੱਤਾ।
ਧਰਤੀ ਮੁਕਤ ਹੋ ਵੇ, ਤਸਕਰ ਲੋਟੂਆਂ ਤੋਂ,
ਨਗਰ-ਨਗਰ ਦਿੱਤਾ,ਦੇਸ਼ ਬਦੇਸ਼ ਦਿੱਤਾ।
ਰਾਸ ਆਏ ਨਾ ਮਨੂੰ ਦੇ ਪੁੱਤਰਾਂ ਨੂੰ ,
ਮਾਨਵ ਹਿਤੈਸ਼ੀਆ! ਸੁੱਚੇ ਵਿਚਾਰ ਤੇਰੇ।
ਤੈਨੂੰ ਸਿਜਦਾ ਲੱਖ ਕਰੋੜ ਵਾਰੀ,
ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ।

6.ਮਾਨਵ ਦੋਖੀਆਂ ਜ਼ਬਰ ਦੀ ਹੱਦ ਕੀਤੀ,
ਤੂੰ ਵੀ ਸਬਰ ਦੀ ਹੱਦ ਮੁਕਾ ਦਿੱਤੀ।
ਜਿਉਣਾ ਕਿਵੇਂ ਹੈ, ਜਿਉਣ ਦੀ ਜੁਗਤ ਦੱਸੀ,
ਮਰਨਾ ਕਿਵੇ ਹੈ ਜਾਚ ਸਿੱਖਲਾ ਦਿੱਤੀ।
ਸੱਚ, ਧਰਮ ਤੇ ਅਣਖ ਦਾ ਬਣ ਪਾਂਧੀ,
ਦੀਨ ਦੁਖੀਆਂ ਲਈ ਜ਼ਿੰਦਗੀ ਲਾ ਦਿੱਤੀ।
ਪਰਚਮ ਸੱਚ ਦਾ ਰੱਖਿਆ ਸਦਾ ਉੱਚਾ,
ਜਾਬਰ ਜ਼ਾਲਮ ਦੀ ਧੌਣ ਝੁਕਵਾ ਦਿੱਤੀ।
ਐਸੀ ਬੀਜੀ ਤੈਂ ਫ਼ਸਲ ਸ਼ਹਾਦਤਾਂ ਦੀ,
ਬਗ਼ੀਚੇ, ਸ਼ਹੀਦਾਂ ਦੀ ਖਿੜੀ ਗੁਲਜ਼ਾਰ ਤੇਰੇ।
ਤੈਨੂੰ ਸਿੱਜਦਾ ਲੱਖ ਕਰੋੜ ਵਾਰੀ,
ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ।

7."ਬੋਹਿਥਾ ਬਾਣੀ" ਦਾ "ਗਿਆਨ ਦਾ ਮਹਾਂਸਾਗਰ",
ਸੂਰਜ ਸੱਚ ਦਾ, ਸੁੱਚਾ ਪ੍ਰਕਾਸ਼ ਤੇਰਾ।
ਸੁਮੇਰ ਪਰਬਤ ਤੋਂ ਉੱਚਾ ਕਿਰਦਾਰ ਤੇਰਾ,
ਗੁਣ- ਸਿਤਾਰਿਆਂ ਭਰਿਆ ਆਕਾਸ਼ ਤੇਰਾ।
ਦਿੱਤਾ ਆਸਰਾ ਬੰਦੇ ਨਿਆਸਰੇ ਨੂੰ,
ਬੇ-ਧਰਵਾਸੇ ਨੂੰ ਮਿਲ਼ਿਆ ਧਰਵਾਸ ਤੇਰਾ।
ਪਹਿਰੇਦਾਰ ਤੂੰ ਬਣਿਆ ਮਨੁੱਖਤਾ ਦਾ,
ਲੱਗਿਆ ਲੋਕ ਲੇਖੇ ਇੱਕ ਇੱਕ ਸਵਾਸ ਤੇਰਾ।
ਪ੍ਰਤੱਖ ਹਰੀ ਦੀ ਮੂਰਤ ਤੈਂ ਗੁਰੂ ਅਰਜਨ,
ਕਿਵੇਂ ਗੁਣ ਗਿਣੇ 'ਲਾਲ', ਦਾਤਾਰ ਤੇਰੇ।
ਤੈਨੂੰ ਸਿੱਜਦਾ ਲੱਖ ਕਰੋੜ ਵਾਰੀ
ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਦਾ ਇਤਿਹਾਸ

## ਆਪਣੇ ਆਪ ਵਿੱਚ ਇੱਕ ਬੇਮਿਸਾਲ ਇਤਿਹਾਸ ਹੈ:- ਡਾਕਟਰ ਕਾਲਖ਼, ਡਾਕਟਰ ਕਟਾਰੀਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ INTERNATIONAL PAPER, 94636 01616 hardipchumber57@gmail.com



ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਜ਼ਿਲ੍ਹਾ ਸ਼ਹੀਦ ਭਗਤ ਸਿੰਘ ਦੀ ਇਕਾਈ ਵੱਲੋਂ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਅਤੇ ਸਮੂਹ ਜ਼ਿਲ੍ਹਾ ਕਮੇਟੀ ਦੀ ਅਗਵਾਈ ਵਿੱਚ ਐਸੋਸੀਏਸ਼ਨ ਦੀ ਸਥਾਪਨਾ ਦਿਵਸ ਦੀ 28ਵੀ ਵਰ੍ਹੇਗੰਢ ਬੜੇ ਉਤਸ਼ਾਹ ਨਾਲ ਮਨਾਈ ਗਈ। ਇਸ ਸਮਾਗਮ ਵਿੱਚ ਸੂਬਾ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ ਕਾਲਖ਼ ਲੁਧਿਆਣਾ, ਸੂਬਾ ਜਨਰਲ ਸਕੱਤਰ ਡਾਕਟਰ ਰਣਜੀਤ ਸਿੰਘ ਰਾਣਾ ਤਰਨਤਾਰਨ, ਸੂਬਾ ਐਕਟਿੰਗ ਪ੍ਰਧਾਨ ਡਾਕਟਰ ਸਤਨਾਮ ਸਿੰਘ ਦਿਓ, ਸੂਬਾ ਸੀਨੀਅਰ ਮੀਤ ਪ੍ਰਧਾਨ ਡਾਕਟਰ ਸਰਬਜੀਤ ਸਿੰਘ ਧੁਲਕਾ ਆਪਣੇ ਸਾਥੀਆਂ ਨਾਲ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਸਮਾਗਮ ਦੀ ਸ਼ੁਰੂਆਤ ਸੂਬਾ ਆਗੂਆਂ ਅਤੇ ਜ਼ਿਲ੍ਹਾ ਪ੍ਰਧਾਨ ਅਤੇ ਸਮੂਹ ਜ਼ਿਲ੍ਹਾ ਕਮੇਟੀ ਵੱਲੋਂ ਐਸੋਸੀਏਸ਼ਨ ਦਾ ਝੰਡਾ ਲਹਿਰਾਉਣ ਨਾਲ ਕੀਤੀ ਗਈ। ਸੂਬਾ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ ਕਾਲਖ਼, ਸੂਬਾ ਜਨਰਲ ਸਕੱਤਰ ਡਾਕਟਰ ਰਣਜੀਤ ਸਿੰਘ ਰਾਣਾ, ਸੂਬਾ ਐਕਟਿੰਗ ਪ੍ਰਧਾਨ ਡਾਕਟਰ ਸਤਨਾਮ ਸਿੰਘ ਦਿਓ, ਸੂਬਾ ਮੀਤ ਪ੍ਰਧਾਨ ਡਾਕਟਰ ਬਲਵੀਰ ਗਰਚਾ, ਜ਼ਿਲ੍ਹਾ ਚੇਅਰਮੈਨ ਡਾਕਟਰ ਸੁਰਿੰਦਰ ਪਾਲ ਸਿੰਘ ਜੈਨਪੁਰ, ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਸੂਬਾ ਸੀਨੀਅਰ ਮੀਤ ਪ੍ਰਧਾਨ ਡਾਕਟਰ ਸਰਬਜੀਤ ਸਿੰਘ ਧੁਲਕਾ ਨੇ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਐਸੋਸੀਏਸ਼ਨ ਦੇ 28 ਸਾਲ ਦੇ ਲੰਮੇ ਸਫ਼ਰ ਦੇ ਸੰਘਰਸ਼, ਮਾਣਮੱਤੇ ਇਤਿਹਾਸ ਅਤੇ ਐਸੋਸੀਏਸ਼ਨ ਦੀਆਂ ਪ੍ਰਾਪਤੀਆਂ ਵਾਰੇ ਚਾਨਣਾ ਪਾਇਆ। ਸੂਬਾ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ ਕਾਲਖ਼ ਨੇ ਮੈਡੀਕਲ ਪ੍ਰੈਕਟੀਸ਼ਨਰਜ਼ ਨਾਲ ਵਾਅਦਾ ਕਰਦਿਆਂ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਆਪਣੇ ਹਰ ਇੱਕ ਮੈਂਬਰ ਦੀ ਕਲੀਨਿਕ ਦੀ ਰਾਖੀ ਕਰਨ ਲਈ ਬਚਨਬੱਧ ਹੈ ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਇੱਕ ਜਥੇਬੰਦੀ ਨਹੀਂ ਸਗੋਂ ਇੱਕ ਸੰਯੁਕਤ ਪਰਿਵਾਰ ਏ ਜੋ ਆਪਣੇ ਹਰ ਇੱਕ ਮੈਂਬਰ ਦੇ ਦੁੱਖ ਸੁੱਖ ਵਿੱਚ ਹਰ ਪਲ਼ ਹਰ ਘੜੀ ਨਾਲ ਖੜ੍ਹਨ ਲਈ ਤਤਪਰ ਹੈ। ਜ਼ਿਲ੍ਹਾ ਜਨਰਲ ਸਕੱਤਰ ਡਾਕਟਰ ਪ੍ਰੇਮ ਸਲੋਹ, ਜ਼ਿਲ੍ਹਾ ਕੈਸ਼ੀਅਰ ਡਾਕਟਰ ਕਸ਼ਮੀਰ ਸਿੰਘ ਬਛੌੜੀ, ਜ਼ਿਲ੍ਹਾ ਆਰਗੇਨਾਈਜ਼ਿਰ ਸਕੱਤਰ ਅਤੇ ਬਲਾਕ ਕਾਠਗੜ੍ਹ ਦੇ ਪ੍ਰਧਾਨ ਡਾਕਟਰ ਰਜਿੰਦਰ ਸਿੰਘ ਲੱਕੀ, ਬਲਾਕ ਸੜੋਆ ਦੇ ਪ੍ਰਧਾਨ ਡਾਕਟਰ ਜਸਵੀਰ ਸਿੰਘ ਗੜ੍ਹੀ, ਬਲਾਕ ਬਲਾਚੌਰ ਦੇ ਪ੍ਰਧਾਨ ਡਾਕਟਰ ਮੰਗਤ ਰਾਏ, ਬਲਾਕ ਬਹਿਰਾਮ ਦੇ ਪ੍ਰਧਾਨ ਡਾਕਟਰ ਜਤਿੰਦਰ ਸਹਿਗਲ, ਬਲਾਕ ਬੰਗਾ ਦੇ ਪ੍ਰਧਾਨ ਡਾਕਟਰ ਅਮ੍ਰਿਤ ਲਾਲ ਫਰਾਲਾ, ਬਲਾਕ ਜਾਡਲਾ ਦੇ ਜ਼ਿਲ੍ਹਾ ਆਗੂ ਡਾਕਟਰ ਨਿਰਮਲ ਸਿੰਘ ਨੇ ਵੀ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਐਸੋਸੀਏਸ਼ਨ ਦੇ ਸੰਘਰਸ਼ ਵਾਰੇ ਵਿਚਾਰ ਪੇਸ਼ ਕੀਤੇ। ਜ਼ਿਲ੍ਹਾ ਸ਼ਹੀਦ ਭਗਤ ਸਿੰਘ ਦੀ ਇਕਾਈ ਵੱਲੋਂ ਸੂਬਾ ਪ੍ਰਧਾਨ ਅਤੇ ਆਏਂ ਹੋਏ ਆਗੂਆਂ ਨੂੰ ਉਨ੍ਹਾਂ ਦੇ ਹੱਕੀ ਮੰਗਾਂ ਲਈ ਕੀਤੇ ਸੰਘਰਸ਼ਾਂ ਵਿੱਚ ਪਾਏ ਸ਼ਾਨਦਾਰ ਯੋਗਦਾਨ ਲਈ ਵਿਸ਼ੇਸ਼ ਤੌਰ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਜ਼ਿਲ੍ਹਾ ਅੰਮ੍ਰਿਤਸਰ ਦੇ ਮੀਤ ਪ੍ਰਧਾਨ ਡਾਕਟਰ ਮਲਕੀਤ ਸਿੰਘ ਰੰਧਾਵਾ, ਡਾਕਟਰ ਹਰਬੰਸ ਸਿੰਘ ਬਲਾਕ ਪੱਖੋਵਾਲ ਜ਼ਿਲ੍ਹਾ ਲੁਧਿਆਣਾ, ਡਾਕਟਰ ਭਗਤ ਸਿੰਘ,ਜ਼ਿਲ੍ਹਾ ਆਰਗੇਨਾਈਜ਼ਿਰ ਡਾਕਟਰ ਸੁਰਿੰਦਰ ਮਹਾਲੋਂ, ਬਲਾਕ ਨਵਾਂਸ਼ਹਿਰ ਦੇ ਪ੍ਰਧਾਨ ਡਾਕਟਰ ਪਰਮਜੀਤ ਬੱਧਣ,ਡਾਕਟਰ ਜਗੀਰ ਸਿੰਘ, ਡਾਕਟਰ ਸੋਹਣ ਲਾਲ,ਜ਼ਿਲ੍ਹਾ ਪ੍ਰੈਸ ਮੀਡੀਆ ਇੰਚਾਰਜ ਡਾਕਟਰ ਮਨਜਿੰਦਰ ਬੰਗਾ, ਪ੍ਰੈਸ ਸਕੱਤਰ ਡਾਕਟਰ ਬਲਵੀਰ ਮਾਨ, ਬਲਾਕ ਨਵਾਂਸ਼ਹਿਰ ਦੇ ਕੈਸ਼ੀਅਰ ਅਤੇ ਜ਼ਿਲ੍ਹਾ ਪ੍ਰੈਸ ਸਕੱਤਰ ਡਾਕਟਰ ਬਲਵਿੰਦਰ ਬੈਂਸ, ਡਾਕਟਰ ਤਰਸੇਮ ਸਲੋਹ ,ਡਾਕਟਰ ਰਾਮ ਜੀ ਬੱਧਣ, ਡਾਕਟਰ ਪਵਨ ਕੁਮਾਰ, ਡਾਕਟਰ ਅਨੂੰਪਿੰਦਰ ਸਿੰਘ, ਡਾਕਟਰ ਗੁਰਮੇਲ ਮਜਾਰੀ, ਕੁਲਵਿੰਦਰ ਸੌਂਤਰਾ, ਡਾਕਟਰ ਅਸ਼ੋਕ ਕੁਮਾਰ, ਡਾਕਟਰ ਹੁਸਨ ਲਾਲ, ਡਾਕਟਰ ਜਗਦੀਸ਼ ਬੰਗੜ, ਡਾਕਟਰ ਸੁਰਿੰਦਰ ਨੌਰਦ, ਡਾਕਟਰ ਚਰਨਜੀਤ, ਡਾਕਟਰ ਸੁਰਜੀਤ ਭਰਥਲਾ, ਡਾਕਟਰ ਵਿਸ਼ਾਲ, ਡਾਕਟਰ ਜੁਗਿੰਦਰ ਸਿੰਘ, ਡਾਕਟਰ ਜੁਨੇਜਾ, ਡਾਕਟਰ ਜਗਤਾਰ ਸਿੰਘ ਅਤੇ ਸਮੂਹ ਬਲਾਕ ਦੇ ਜ਼ਿਲ੍ਹਾ ਆਗੂ ਹਾਜ਼ਰ ਸਨ।

# ਸੰਪਾਦਕ ਦੇ ਨਾਮ ਖਤ

## ਬੱਚਿਆਂ ਨੂੰ ਨਹਿਰਾਂ ਚ ਨਹਾਉਣ ਤੋਂ ਵਰਜੋ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਈ INTERNATIONAL PAPER, 94636 01616 hardipchumber57@gmail.com

ਸਕੂਲਾਂ ਵਿੱਚ ਗਰਮੀ ਦੀਆਂ ਛੁੱਟੀਆਂ ਵਿੱਚ ਹਰ ਵਰ੍ਹੇ ਆਮ ਹੀ ਵੇਖਣ/ਸੁਣਨ ਵਿੱਚ ਆਉਂਦਾ ਹੈ ਕਿ ਗਰਮੀ ਤੋਂ ਬਚਣ ਲਈ ਨਾਬਾਲਗ ਬੱਚੇ ਆਪਣੇ ਸਾਥੀਆਂ ਨਾਲ ਰਲ ਕੇ ਬੇਸਮਝੀ ਵਿੱਚ ਵੱਡੀਆਂ ਨਹਿਰਾਂ ਜਾਂ ਹੋਰ ਪਾਣੀ ਦੇ ਡੂੰਘੇ ਸੋਮਿਆਂ ਵਿੱਚ ਨਹਾਉਣ ਲੱਗ ਜਾਂਦੇ ਹਨ। ਪਾਣੀ ਜਿਆਦਾ ਡੂੰਘਾ ਹੋਣ ਕਾਰਨ ਕਈ ਵਾਰ ਡੁੱਬਣ ਕਾਰਨ ਮੌਤ ਵੀ ਹੋ ਜਾਂਦੀ ਹੈ। ਮਾਪਿਆਂ ਨੂੰ ਇਸ ਪਾਸੇ ਖ਼ਾਸ ਖ਼ਿਆਲ ਰੱਖਣਾ ਚਾਹੀਦਾ ਹੈ ' ਤੇ ਆਪਣੇ ਬੱਚਿਆਂ ਦਾ ਖਿਆਲ ਰੱਖਣਾ ਚਾਹੀਦਾ ਹੈ। ਕਿਓਕਿ ਇੱਕ ਵਾਰ ਮੌਕਾ ਹੱਥੋਂ ਖੁੱਸਣ ਤੋਂ ਬਾਅਦ, ਪੱਲੇ ਨਿਰਾਸ਼ਾ ਹੀ ਰਹਿ ਜਾਂਦੀ ਹੈ।

ਅੰਗਰੇਜ ਸਿੰਘ ਵਿੱਕੀ,
ਪਿੰਡ ਤੇ ਡਾਕ. ਕੋਟਗੁਰੂ (ਬਠਿੰਡਾ)


# "ਇਕੁਐਲਿਟੀ ਐਂਡ ਜਸਟਿਸ"



ਐਡਵਰਟਾਈਜਮੈਂਟ, ਖ਼ਬਰਾਂ, ਆਰਟੀਕਲ, ਕਵਿਤਾਵਾਂ, ਲਿਖਤਾਂ, ਖੁਸ਼ੀਆਂ ਅਤੇ ਗਮੀਆਂ ਦੇ ਸੁਨੇਹੇ, ਵਿਆਹ ਸ਼ਾਦੀਆਂ ਦੇ ਇਸ਼ਤਿਹਾਰ ਆਦਿ ਅਤੇ ਹੋਰ ਛਾਪਣ ਯੋਗ ਸਮਗਰੀ ਫੋਟੋਆਂ ਦੇ ਸਮੇਤ ਟਾਈਪ ਕਰਕੇ ਸਾਫ-ਸਾਫ ਭੇਜਣ ਦੀ ਕਿਰਪਾ ਕਰੋ। ਕਿਸੇ ਵੀ ਤਰਾਂ ਦੀ ਲਿਖਤਾਂ, ਖ਼ਬਰਾਂ ਅਤੇ ਇਸ਼ਤਿਹਾਰ ਦੀ ਹਰ ਤਰਾਂ ਦੀ ਜਿੰਮੇਵਾਰੀ ਭੇਜਣ ਵਾਲੇ ਦੀ ਹੋਵੇਗੀ। ਕਿਸੇ ਵੀ ਲਿਖਤ ਨੂੰ ਛਾਪਣਾ ਜਾ ਨਾ ਛਾਪਣਾ "ਇਕੁਐਲਿਟੀ ਐਂਡ ਜਸਟਿਸ" ਬੋਰਡ ਦੇ ਡਾਇਰੈਕਟਰਜ਼ ਦਾ ਅਧਿਕਾਰ ਹੋਵੇਗਾ।

ਸਮਾਜਿਕ ਦਾਇਤਵ ਹਿਤ ਸਹਾਇਤਾ ਲਈ ਗੁੱਗਲ ਪੇ ਨੰਬਰ ਅਤੇ ਬੈਂਕ ਅਕਾਊਂਟ ਨੰਬਰ ਦਿੱਤਾ ਗਿਆ ਹੈ।

ਸੰਪਾਦਕ – "ਇਕੁਐਲਿਟੀ ਐਂਡ ਜਸਟਿਸ" - Whats app 91-94636-01616.

Email-hardipchumber57@gmail.com -
(Google pay- 91-9780634849)

UPI ID: aekanshchumber@oksbi
Scan this code to pay me

HARDIP SINGH SATE BANK OF INDIA
ACCT NO-10566643658 . IFSC- SBIN0050773

"Equality and justice"
Patiala 30 May
INTERNATIONAL PAPER, 9463601616
hardipchumber57@gmail.com

# World No Tobacco Day, The 2025 theme

Author Dr.Sandeep Ghand
Life Coach. Maur-Mansa
M-9815139576



"Unmasking the Appeal: Exposing Industry Tactics on Tobacco and Nicotine Products"

Anti-Tobacco Day, also known as World No Tobacco Day, is observed as a global initiative led by the World Health Organization (WHO) to raise awareness about the harmful effects of tobacco use and to advocate for effective policies to reduce tobacco consumption. The day is observed to educate the public about the health risks associated with tobacco use, including smoking and smokeless tobacco products and highlight the importance of quitting tobacco and encourages governments, organisations and individuals to take action against tobacco use.

Anti-Tobacco Day serves as a reminder of the devastating impact of tobacco on individuals, families and communities; aims to encourage smokers to quit and to prevent young people from starting the habit. By raising awareness and promoting tobacco control measures, Anti-Tobacco Day plays a vital role in reducing the burden of tobacco-related diseases and promoting a healthier society.

Tobacco use causes the death of at least one in 10 people every year, while 1.3 billion people worldwide use tobacco. By reducing tobacco use by 20-25% by 2020, we can prevent the premature death of about 100 million people. Death can be controlled. Which is possible by implementing all anti-tobacco efforts and measures such as banning TV or radio advertisements for tobacco, launching new and effective public awareness campaigns highlighting the dangers and banning smoking in public places. According to statistics, it is noteworthy that the number of smokers has decreased from about 37.6% in 1995 to 20.8% in 2006.

Celebrated around the world every year on May 31, World No Tobacco Day was created by the Member States of WHO in 1987 to draw global attention to the tobacco epidemic and the preventable death and disease it causes. The day is further intended to draw attention to the widespread prevalence of tobacco use and to negative health effects, which currently lead to more than 8 million deaths each year worldwide, including 1.2 million as the result of non-smokers being exposed to second-hand smoke.[2] The day has been met with both enthusiasm and resistance around the globe from governments, public health organizations, smokers, growers, and the tobacco industry.

History and significance:

In 1987, the World Health Assembly passed Resolution calling for April 7, 1988, to be "a world no-smoking day." In 1988, Resolution was passed, calling for the celebration of World No Tobacco Day, every year on May 31.




This yearly celebration aims to raise awareness amid the global citizens about not only the dangers of using tobacco but also the business practices of tobacco companies, what WHO is doing to fight the tobacco epidemic and what people around the world can do to claim their right to health and healthy living and to protect future generations. Individuals can contribute to the cause by pledging to quit tobacco, supporting tobacco control policies and spreading awareness about the harmful effects of tobacco among their friends, family and communities.

On this day, various activities and campaigns are organized worldwide to promote tobacco control. These initiatives include public awareness campaigns, educational programs in schools and communities, health screenings, and policy advocacy. The focus is on informing people about the dangers of tobacco use, supporting cessation efforts, and preventing youth from starting tobacco habits.

WNTD( World No Tobacco Diwas) is one of 11 official global public health campaigns marked by the WHO, along with World Health Day, World Blood Donor Day, World Immunization Week, World Tuberculosis Day, World Malaria Day, World Hepatitis Day, World Chagas Disease Day, World Patient Safety Day, World Antimicrobial Awareness Week, and World AIDS Day.

The 2025 theme "Unmasking the Appeal: Exposing Industry Tactics on Tobacco and Nicotine Products" is part of the World No Tobacco Day (May 31) campaign led by the World Health Organization (WHO). This theme aims to shed light on the manipulative and deceptive strategies used by the tobacco and nicotine industries to target new users—especially youth—and maintain their consumer base despite the known health risks.

Key Focus Areas of the 2025 Theme:

1. Exposing Marketing Tactics

